ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 35 | 09 September 2020 to 15 September 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਵਾਈਟ ਸੁਪਰਮਾਸਿਸਟ ਅਮਰੀਕਾ ਲਈ ਸਭ ਤੋਂ ਵੱਡਾ ਖਤਰਾ: ਹੋਮਲੈਂਡ ਸੁਰੱਖਿਆ ਵਿਭਾਗ




**ਵਾਸ਼ਿੰਗਟਨ/ਏ.ਟੀ.ਨਿਊਜ਼:** ਗੋਰੇ ਅੱਤਵਾਦ (ਵਾਈਟ ਸੁਪਰਮਾਸਿਸਟ) ਨੂੰ ਅਮਰੀਕਾ ਲਈ ਸਭ ਤੋਂ ਵੱਡਾ ਖਤਰਾ ਮੰਨਿਆ ਜਾ ਰਿਹਾ ਹੈ। ਅਮਰੀਕਾ ਦੇ ਹੋਮਲੈਂਡ ਸੁਰੱਖਿਆ ਵਿਭਾਗ ਦੀ ਰਿਪੋਰਟ ਮੁਤਾਬਕ ਸਾਲ 2021 ਵਿਚ ਵੀ ਗੋਰਾ ਅੱਤਵਾਦ ਅਮਰੀਕਾ ਲਈ 'ਨਿਰੰਤਰ ਅਤੇ ਘਾਤਕ ਖ਼ਤਰਾ' ਬਣਿਆ ਰਹੇਗਾ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਲੇ ਸਾਲ ਖਾਸ ਕਰਕੇ ਸ਼ੁਰੂਆਤੀ ਸਮੇਂ ਦੌਰਾਨ ਇਹ ਗਰੁੱਪ 2020 ਦੇ ਸਮਾਜਿਕ ਅਤੇ ਰਾਜਸੀ ਗੜਬੜ ਵਾਲੇ ਮਾਹੌਲ ਨੂੰ ਵਰਤ ਸਕਦੇ ਹਨ। ਰਿਪੋਰਟ ਵਿਚ ਗੋਰੇ ਅੱਤਵਾਦ ਦੇ ਨਾਲ-ਨਾਲ ਰੂਸ ਦੇ ਗਲਤ ਜਾਣਕਾਰੀਆਂ ਦੇ ਪ੍ਰਵਾਹ ਵਾਲੇ ਹਮਲੇ ਨੂੰ ਵੀ ਵੱਡੀ ਚੁਣੌਤੀ ਦੱਸਿਆ ਗਿਆ ਹੈ। ਰਿਪੋਰਟ ਦੇ ਨਸ਼ਰ ਹੋਏ ਵੇਰਬਿਆਂ ਮੁਤਾਬਕ ਮੰਨੇ ਜਾ ਰਹੇ ਸਭ ਖਤਰਿਆਂ ਵਿਚ ਸਭ ਤੋਂ ਵੱਡਾ ਖਤਰਾ ਗੋਰੇ ਅੱਤਵਾਦ ਦੀਆਂ ਹਿੰਸਕ ਕਾਰਵਾਈ ਤੋਂ ਹੈ।

ਜ਼ਿਕਰਯੋਗ ਹੈ ਕਿ ਪੂਰੇ ਯੂਰਪ ਅਤੇ ਪੱਛਮੀ ਸੱਭਿਆਚਾਰ ਵਾਲੇ ਮੁਲਕਾਂ ਵਿਚ ਗੋਰੇ ਅੱਤਵਾਦ ਦੀਆਂ ਕਾਰਵਾਈਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਸ ਵਿਚਾਰਧਾਰ ਤੋਂ ਪ੍ਰਭਾਵਤ ਲੋਕ ਕਈ ਵੱਡੇ ਅੱਤਵਾਦੀ ਹਮਲੇ ਕਰ ਚੁੱਕੇ ਹਨ। ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਮੇਸ਼ਾ ਗੋਰੇ ਅੱਤਵਾਦ ਦੇ ਖਤਰੇ ਨੂੰ ਰੱਦ ਕਰਦੇ ਰਹੇ ਹਨ।

ਅਮਰੀਕਾ ਵਿਚ ਬਲੈਕ ਲਾਈਵਸ ਮੈਟਰ ਮੁਹਿੰਮ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ ਅਤੇ ਕਾਲਿਆਂ ਖਿਲਾਫ ਹੁੰਦੀ ਨਸਲੀ ਹਿੰਸਾ ਖਿਲਾਫ ਲੋਕ ਪ੍ਰਦਰਸ਼ਨ ਜਾਰੀ ਹਨ। ਉੱਤੋਂ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਦੇ ਚਲਦਿਆਂ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ ਅਤੇ ਕੋਰੋਨਾਵਾਇਰਸ ਮਹਾਂਮਾਰੀ ਨੇ ਸਮਾਜ ਵਿਚ ਕਈ ਵਿਰਲਾਂ ਬਣਾ ਦਿੱਤੀਆਂ ਹਨ।

ਅਜਿਹੇ ਵਿਚ ਹੋਮਲੈਂਡ ਸੁਰੱਖਿਆ ਵਿਭਾਗ ਦੀ ਇਹ ਰਿਪੋਰਟ ਫਿਕਰਮੰਦ ਕਰਨ ਵਾਲੀ ਹੈ ਅਤੇ ਲੋਕਾਂ ਨੂੰ ਸੁਚੇਤ ਰਹਿਣ ਦੀ ਜ਼ਰੂਰਤ ਹੈ।

## ਅੰਦਰ ਪੜ੍ਹੋ


11 ਖਾਸ ਖਬਰ
ਕਿਥੇ ਹੈ ਭਾਰਤ ਵਿਚ ਲੋਕਤੰਤਰ ?





13 ਵਿਸ਼ੇਸ਼ ਰਪੋਰਟ
ਜੰਮੂ-ਕਸ਼ਮੀਰ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਿੱਲ 'ਚੋਂ ਬਾਹਰ ਰੱਖਣ ਦਾ ਜ਼ੋਰਦਾਰ ਵਿਰੋਧ






14 ਵਿਸ਼ੇਸ਼ ਰਿਪੋਰਟ
ਪ੍ਰਧਾਨ ਮੰਤਰੀ ਮੋਦੀ ਦਾ ਖਤਮ ਹੋਣ ਲੱਗਾ ਜਲਵਾ




## ਭਾਰਤੀ ਖੇਤੀ ਆਰਡੀਨੈਂਸ ਨੇ ਪੰਜਾਬ ਦੀ ਬਾਸਮਤੀ ਲਈ ਨਵੀਂ ਮੁਸੀਬਤ ਖੜ੍ਹੀ ਕੀਤੀ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੀ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਨਵੇਂ ਖੇਤੀ ਆਰਡੀਨੈਂਸਾਂ ਦਾ ਅਸਰ ਪੰਜਾਬ ਦੀ ਖੇਤੀ 'ਤੇ ਪੈਣਾ ਸ਼ੁਰੂ ਹੋ ਗਿਆ ਹੈ। ਇਹਨਾਂ ਭਾਰਤੀ ਆਰਡੀਨੈਂਸਾਂ ਨੇ ਪੰਜਾਬ ਦੀ ਬਾਸਮਤੀ ਲਈ ਨਵਾਂ ਸੰਕਟ ਖੜ੍ਹਾ ਕਰ ਦਿੱਤਾ ਹੈ। ਚੌਲਾਂ ਦੇ ਵਪਾਰੀਆਂ ਨੇ ਧਮਕੀ ਦਿੱਤੀ ਹੈ ਕਿ ਉਹ ਇਸ ਵਾਰ ਪੰਜਾਬ ਵਿਚੋਂ ਬਾਸਮਤੀ ਨਹੀਂ ਖਰੀਦਣਗੇ।

ਵਪਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਬਾਸਮਤੀ ਦੀ ਖਰੀਦ 'ਤੇ ਉਹਨਾਂ ਨੂੰ ਵੱਧ ਟੈਕਸ ਦੇਣਾ ਪੈ ਰਿਹਾ ਹੈ ਜਦਕਿ ਹਰਿਆਣਾ, ਦਿੱਲੀ, ਉੱਤਰਾਖੰਡ ਅਤੇ ਉਤਰ ਪ੍ਰਦੇਸ਼ ਵਿਚ ਇਸ ਤਰ੍ਹਾਂ ਦਾ ਕੋਈ ਟੈਕਸ ਨਹੀਂ ਦੇਣਾ ਪਵੇਗਾ।

ਪੰਜਾਬ ਚੌਲ ਮਿਲਰ ਦਰਾਮਦ ਐਸੋਸੀਏਸ਼ਨ ਦੇ ਨਿਰਦੇਸ਼ਕ ਅਸ਼ੋਕ ਸੇਠੀ ਨੇ ਕਿਹਾ ਕਿ ਜੇ ਉਹ ਉਪਰੋਕਤ ਸੂਬਿਆਂ ਤਾਂ ਬਾਸਮਤੀ ਖਰੀਦ ਕਰਦੇ ਹਨ ਤਾਂ ਉਹਨਾਂ ਨੂੰ ਕੋਈ ਫੀਸ ਨਹੀਂ ਦੇਣੀ ਪਵੇਗੀ ਕਿਉਂਕਿ ਇਹਨਾਂ ਸੂਬਿਆਂ ਨੇ ਕੇਂਦਰ ਦੇ ਆਰਡੀਨੈਂਸ ਮਨਜ਼ੂਰ ਕਰ ਲਏ ਹਨ।

ਰਿਪੋਰਟ ਮੁਤਾਬਕ ਪੰਜਾਬ ਬਾਸਮਤੀ ਦੀ ਖਰੀਦ 'ਤੇ ਦੋ ਫੀਸਦੀ ਮੰਡੀ ਫੀਸ, ਦੋ ਫੀਸਦੀ ਪੇਂਡੂ ਵਿਕਾਸ ਫੰਡ ਅਤੇ 0.25 ਫੀਸਦੀ ਕੈਂਸਰ ਸੈੱਸ ਲੈਂਦਾ ਹੈ। ਪਿਛਲੇ ਸਾਲ ਬਾਸਮਤੀ ਦੀ ਖਰੀਦ ਤੋਂ ਪੰਜਾਬ ਸਰਕਾਰ ਨੂੰ 97.73 ਕਰੋੜ ਰੁਪਏ ਮਿਲੇ ਸਨ ਅਤੇ 2018 ਵਿਚ ਇਹ ਰਕਮ 102.68 ਕਰੋੜ ਰੁਪਏ ਸੀ।

ਇੱਥੇ ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਭਾਰਤ ਤੋਂ ਦਰਾਮਦ ਹੁੰਦੀ ਕੁੱਲ ਬਾਸਮਤੀ ਵਿਚੋਂ 40 ਫੀਸਦੀ ਦੇ ਕਰੀਬ ਬਾਸਮਤੀ ਪੰਜਾਬ ਤੋਂ ਜਾਂਦੀ ਹੈ। ਭਾਰਤ ਸਰਕਾਰ ਦੇ ਆਰਡੀਨੈਂਸ ਪੰਜਾਬ ਦੀ ਖੇਤੀ ਆਰਥਿਕਤਾ ਨੂੰ ਵੱਡੀ ਸੱਟ ਮਾਰਨ ਦੀ ਸਮਰੱਥਾ ਰੱਖਦੇ ਹਨ ਅਤੇ ਇਹਨਾਂ ਦਾ ਮੁੱਢਲਾ ਅਸਰ ਪਹਿਲੀ ਫਸਲ 'ਤੇ ਹੀ ਦਿਖਣਾ ਸ਼ੁਰੂ ਹੋ ਗਿਆ ਹੈ।

## ਰੋਹਿੰਗਿਆਂ ਕਤਲੇਆਮ ਮਾਮਲੇ 'ਚ ਗਵਾਹ ਬਣੇ ਮਿਆਂਮਾਰ ਦੇ ਫੌਜੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਮਿਆਂਮਾਰ ਫੌਜ ਤੋਂ ਭਗੌੜੇ ਹੋਏ ਦੋ ਫੌਜੀਆਂ ਨੇ ਵੀਡੀਓ ਬਿਆਨ ਰਾਹੀਂ ਗਵਾਹੀ ਦਿੱਤੀ ਹੈ ਕਿ ਉਹਨਾਂ ਨੂੰ ਰੋਹਿੰਗਿਆ ਮੁਸਲਿਮ ਲੋਕਾਂ ਨੂੰ ਕਤਲ ਕਰਨ ਅਤੇ ਔਰਤਾਂ ਨਾਲ ਬਲਾਤਕਾਰ ਕਰਨ ਦੇ ਹੁਕਮ ਦਿੱਤੇ ਗਏ ਸਨ।

ਜ਼ਿਕਰਯੋਗ ਹੈ ਕਿ ਮਿਆਂਮਾਰ ਦੀ ਫੌਜ 'ਤੇ ਸਰਕਾਰੀ ਹੁਕਮਾਂ ਨਾਲ ਰੋਹਿੰਗਿਆ ਮੁਸਲਮਾਨਾਂ ਦਾ ਕਤਲੇਆਮ ਕਰਨ ਦੇ ਦੋਸ਼ ਹਨ ਅਤੇ ਇਸ ਸਬੰਧੀ ਕੌਮਾਂਰਤੀ ਅਪਰਾਧਿਕ ਅਦਾਲਤ (ਇੰਟਰਨੈਸ਼ਨਲ ਕ੍ਰਿਮਿਨਲ ਕੋਰਟ) ਵਿਚ ਕੇਸ ਚੱਲ ਰਿਹਾ ਹੈ। ਮਿਆਂਮਾਰ ਦੀ ਬੋਧੀ ਬਹੁਗਿਣਤੀ ਵਾਲੀ ਸਰਕਾਰ ਅਧੀਨ 2017 ਵਿਚ ਰੋਹਿੰਗਿਆ ਮੁਸਲਮਾਨਾਂ ਦਾ ਵੱਡਾ ਕਤਲੇਆਮ ਹੋਇਆ ਸੀ।

ਇਸ ਕਤਲੇਆਮ ਕਾਰਨ 70,000 ਤੋਂ ਵੱਧ ਰੋਹਿੰਗਿਆ ਮੁਸਲਮਾਨ ਸਰਹੱਦ ਟੱਪ ਕੇ ਬੰਗਲਾਦੇਸ਼ ਪਹੁੰਚੇ। ਮਿਆਂਮਾਰ ਸਰਕਾਰ ਇਹਨਾਂ ਕਤਲੇਆਮ ਦੇ ਦੋਸ਼ਾਂ ਤੋਂ ਮੁੱਕਰਦੀ ਹੈ।

ਇਹਨਾਂ ਭਗੌੜੇ ਹੋਏ ਫੌਜੀਆਂ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਆਈਸੀਸੀ ਦੇ ਨੀਦਰਲੈਂਡ ਸਥਿਤ ਦਫਤਰ ਪਹੁੰਚ ਗਏ ਹਨ।

ਇਹਨਾਂ ਫੌਜੀਆਂ ਨੇ ਕਿਹਾ ਕਿ ਉਹਨਾਂ ਦੇ ਕਮਾਂਡਰ ਵੱਲੋਂ ਹੁਕਮ ਸੀ ਕਿ ਮੁਸਲਿਮ ਪਿੰਡਾਂ ਵਿਚ ਜੋ ਵੀ ਬੰਦਾ ਦਿਖੇ ਉਸਨੂੰ ਗੋਲੀ ਮਾਰ ਦਿੱਤੀ ਜਾਵੇ।

ਰਿਪੋਰਟਾਂ ਮੁਤਾਬਕ ਇਹਨਾਂ ਫੌਜੀਆਂ ਨੂੰ ਮਿਆਂਮਾਰ ਫੌਜ ਖਿਲਾਫ ਲੜਾਈ ਲੜ ਰਹੇ ਅਰਾਕਾਨ ਆਰਮੀ ਗਰੁੱਪ ਨੇ ਫੜ੍ਹ ਲਿਆ ਸੀ ਜਿੱਥੇ ਇਹਨਾਂ ਨੇ ਇਹ ਗਵਾਹੀ ਦਿੱਤੀ ਅਤੇ ਬਾਅਦ ਵਿਚ ਇਹਨਾਂ ਨੂੰ ਨੀਦਰਲੈਂਡ ਪਹੁੰਚਾਇਆ ਗਿਆ, ਜਿੱਥੇ ਹੁਣ ਇਹ ਮੁਕੱਦਮੇ ਵਿਚ ਗਵਾਹ ਵਜੋਂ ਪੇਸ਼ ਹੋਣਗੇ।

ਪਰ ਆਈਸੀਸੀ ਦੇ ਬੁਲਾਰੇ ਨੇ ਕਿਹਾ ਕਿ ਇਹ ਲੋਕ ਉਹਨਾਂ ਦੀ ਹਿਰਾਸਤ ਵਿਚ ਨਹੀਂ ਹਨ।







# TRANS-ALLIANCE
TOGETHER WE SAVE




## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE

## FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

PROUD ASSOCIATE OF:

TA PETRO TA EXPRESS Loves Roady's AMBEST QUIKQ ROAD SQUAD connect wex

FLEET ONE FACTORING TRUCKERSEDGE powered by DAT TA TRUCK SERVICE GP THE GOLD PROGRAM

# ਜੇਕਰ ਲਾਪ੍ਰਵਾਹੀ ਇਸੇ ਤਰਾਂ ਚੱਲਦੀ ਰਹੀ ਤਾਂ ਜਨਵਰੀ ਤੱਕ ਅਮਰੀਕਾ ਵਿਚ 4 ਲੱਖ ਤੋਂ ਵਧ ਲੋਕ ਮਰ ਸਕਦੇ ਹਨ-ਇਕ ਅਨੁਮਾਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਤੇ ਦਵਾਈ ਕੰਪਨੀਆਂ ਵੱਲੋਂ ਕੁਝ ਹਫ਼ਤਿਆਂ ਵਿਚ ਕੋਰੋਨਾ ਵੈਕਸੀਨ ਆ ਜਾਣ ਦੇ ਕੀਤੇ ਵਾਅਦੇ ਦੇ ਦਰਮਿਆਨ ਵਿਸ਼ਵ ਸਿਹਤ ਸੰਗਠਨ ਨੇ ਕਿਹਾ ਹੈ ਕਿ ਜਦੋਂ ਤੱਕ ਕੋਈ ਵੈਕਸੀਨ ਸੁਰੱਖਿਅਤ ਤੇ ਅਸਰਦਾਇਕ ਸਾਬਤ ਨਹੀਂ ਹੁੰਦੀ ਓਦੋਂ ਤੱਕ ਕਿਸੇ ਵੀ ਵੈਕਸੀਨ ਦੀ ਸਿਫਾਰਿਸ਼ ਨਹੀਂ ਕੀਤੀ ਜਾਵੇਗੀ।

ਵਿਸ਼ਵ ਸਿਹਤ ਸੰਗਠਨ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਉਨਾਂ ਨੂੰ ਆਸ ਨਹੀਂ ਹੈ ਕਿ ਵੱਡੀ ਪੱਧਰ ਉਪਰ ਵੈਕਸੀਨ ਅਗਲੇ ਸਾਲ ਦੇ ਅੱਧ ਤੋਂ ਪਹਿਲਾਂ ਆ ਜਾਵੇਗੀ। ਇਥੇ ਮਹੱਤਵਪੂਰਨ ਹੈ ਕਿ ਪਿਛਲੇ ਮਹੀਨੇ ਰੂਸ ਨੇ ਵੈਕਸੀਨ ਤਿਆਰ ਕਰਨ ਦਾ ਦਾਅਵਾ ਕੀਤਾ ਹੈ ਪਰ ਵਿਸ਼ਵ ਸਿਹਤ ਸੰਗਠਨ ਨੇ ਇਸ ਵੈਕਸੀਨ ਨੂੰ ਆਪਣੀ ਪ੍ਰਵਾਨਗੀ ਨਹੀਂ ਦਿੱਤੀ ਤੇ ਰੂਸ ਨੂੰ ਵੈਕਸੀਨ ਸਬੰਧੀ ਵੇਰਵੇ ਦੇਣ ਲਈ ਕਿਹਾ ਹੈ।

**4 ਲੱਖ ਤੋਂ ਵਧ ਮੌਤਾਂ ਦਾ ਅਨੁਮਾਨ-**

ਇੰਸਟੀਚਿਊਟ ਆਫ ਹੈਲਥ ਮੈਟਰਿਕਸ ਐਂਡ ਈਵੈਲਯੂਏਸ਼ਨ ਵਸ਼ਿੰਗਟਨ ਯਨੀਵਰਸਿਟੀ (ਆਈ ਐਚ ਐਮ ਈ) ਨੇ ਇਕ ਅਨੁਮਾਨ ਵਿਚ ਕਿਹਾ ਹੈ ਕਿ ਜੇਕਰ ਮਾਸਕ ਨਾ ਪਾਉਣ ਜਾਂ ਹੋਰ ਇਹਤਿਆਤ ਵਰਤਣ ਦੇ ਮਾਮਲੇ ਵਿਚ ਇਸੇ ਤਰਾਂ ਹੀ ਲਾਪਰਵਾਹੀ ਵਰਤੀ ਜਾਂਦੀ ਰਹੀ ਤਾਂ ਜਨਵਰੀ ਤੱਕ ਮੌਤਾਂ ਦਾ ਅੰਕੜਾ 4,10,000 ਨੂੰ ਪਾਰ ਕਰ ਜਾਵੇਗਾ। ਇਸ ਅਨੁਮਾਨ ਅਨੁਸਾਰ ਜੇਕਰ ਸਰਕਾਰਾਂ ਨੇ ਸਮਾਜਿਕ ਦੂਰੀ ਵਰਗੇ ਇਹਤਿਆਤੀ ਕਦਮਾਂ ਵਿਚ ਢਿੱਲ ਦੇਣੀ ਜਾਰੀ ਰਖੀ ਤਾਂ ਨਿਸ਼ਚਤ ਤੌਰ ’ਤੇ ਮੌਤਾਂ ਇਸ ਤੋਂ ਵੀ ਜਿਆਦਾ ਹੋ ਸਕਦੀਆਂ ਹਨ। ਅਨੁਮਾਨ ਅਨੁਸਾਰ ਆਮ ਜਨਤਾ ਵਿਚ ਘੱਟ ਚੌਕਸੀ ਦੀ ਘਾਟ ਕਾਰਨ ਦਸੰਬਰ ਤੱਕ ਰੋਜ਼ਾਨਾ ਮੌਤਾਂ ਦਾ ਅੰਕੜਾ 3000 ਦੇ ਆਸ ਪਾਸ ਪੁੱਜ ਸਕਦਾ ਹੈ। ਇਸ ਤੋਂ ਪਹਿਲਾਂ ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ 26 ਸਤੰਬਰ ਤੱਕ 2,11,000 ਮੌਤਾਂ ਹੋਣ ਦਾ ਅਨੁਮਾਨ ਲਾ ਚੁੱਕਾ ਹੈ।

**ਰਾਸ਼ਟਰਪਤੀ ਨੇ ਮਾਸਕ ਪਾਉਣ ਲਈ ਕਿਹਾ-**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੇਬਰ ਦਿਵਸ ਮੌਕੇ ਆਪਣੇ ਸੰਬੋਧਨ ਵਿਚ ਹਰ ਇਕ ਨੂੰ ਸਾਵਧਾਨ ਰਹਿਣ ਲਈ ਕਿਹਾ। ਮੌਤਾਂ ਵਧਣ ਦੇ ਲਾਏ ਜਾ ਰਹੇ ਅਨੁਮਾਨਾਂ ਦੇ ਦਰਮਿਆਨ ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਸਮਾਜਿਕ ਦੂਰੀ ਰੱਖਣੀ ਅਸੰਭਵ ਹੋਵੇ ਤਾਂ ਮਾਸਕ ਜਰੂਰ ਪਾਇਆ ਜਾਵੇ। ਇਥੇ ਵਰਣਨਯੋਗ ਹੈ ਕਿ ਇਸ ਤੋਂ ਕੁਝ ਘੰਟੇ ਬਾਅਦ ਹੀ ਰਾਸ਼ਟਰਪਤੀ ਨੇ ਆਪਣੇ ਵਿਰੋਧੀ ਉਮੀਦਵਾਰ ਜੋ ਬਾਈਡੇਨ ਦਾ ਮਾਸਕ ਪਹਿਣਨ ਕਾਰਨ ਮਖੌਲ ਉਡਾਇਆ ਸੀ ਤੇ ਪਹਿਲਾਂ ਵੀ ਕਈ ਮੌਕਿਆਂ ’ਤੇ ਮਾਸਕ ਪਾਉਣ ਜਾਂ ਨਾ ਪਾਉਣ ਨੂੰ ਲੈ ਕੇ ਆਪਾ ਵਿਰੋਧੀ ਗੱਲਾਂ ਕਰਦੇ ਰਹੇ ਹਨ। ਜੋ ਬਾਈਡੇਨ ਨੇ ਮਾਸਕ ਪਾਉਣ ਤੇ ਹੋਰ ਇਹਤਿਆਤੀ ਕਦਮਾਂ ਉਪਰ ਜੋਰ ਦਿੰਦਿਆਂ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸ਼ੁੱਕਰਵਾਰ ਨੂੰ ਉਨਾਂ ਦਾ ਕੋਵਿਡ-19 ਟੈਸਟ ਹੋਇਆ ਹੈ ਤੇ ਉਹ ਨਿਯਮਤ ਰੂਪ ਵਿਚ ਆਪਣਾ ਟੈਸਟ ਕਰਵਾਉਂਦੇ ਰਹਿਣਗੇ।

# ਐਸਟਰਾਜ਼ੈਨੇਕਾ ਤੇ ਆਕਸਫੋਰਡ ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀ ਜਾ ਰਹੀ ਕੋਵਿਡ ਵੈਕਸੀਨ ਨੂੰ ਰੋਕਿਆ

## ਟਰਾਇਲ ਦੌਰਾਨ ਹੋਇਆ ਜਬਰਦਸਤ ਰਿਐਕਸ਼ਨ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਐਸਟਰਾਜ਼ੈਨੇਕਾ ਤੇ ਆਕਸਫੋਰਡ ਯੁਨੀਵਰਸਿਟੀ ਵੱਲੋਂ ਵਿਕਸਤ ਕੀਤੀ ਜਾ ਰਹੀ ਕੋਰੋਨਾ ਵੈਕਸੀਨ ਵੱਲੋਂ ਟਰਾਇਲ ਦੌਰਾਨ ਜਬਰਦਸਤ ਰਿਐਕਸ਼ਨ ਕਰਨ ਦੇ ਸਿੱਟੇ ਵਜੋਂ ਫਿਲਹਾਲ ਇਸ ਉਪਰ ਅਮਲ ਰੋਕ ਦਿੱਤਾ ਗਿਆ ਹੈ। ਐਸਟਰਾਜ਼ੈਨੇਕਾ ਨੇ ਵਿਸ਼ਵ ਭਰ ਵਿਚ ਵੈਕਸੀਨ ਦੇ ਕਲੀਨੀਕਲ ਟਰਾਇਲ ਰੋਕ ਦਿੱਤੇ ਹਨ ਤੇ ਉਸ ਵੱਲੋਂ ਇੰਗਲੈਂਡ ਵਿਚ ਇਕ ਵਿਅਕਤੀ ਉਪਰ ਪਏ ਬਹੁਤ ਹੀ ਬੁਰੇ ਪ੍ਰਭਾਵ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਇਹ ਨਹੀਂ ਸਪਸ਼ਟ ਹੋ ਸਕਿਆ ਕਿ ਕੀਲੀਨੀਕਲ ਟਰਾਇਲ ਕਦੋਂ ਦੁਬਾਰਾ ਸ਼ੁਰੂ ਹੋਣਗੇ। ਇਕ ਅਧਿਕਾਰੀ ਦਾ ਕਹਿਣਾ ਹੈ ਕਿ ਕਈ ਵਾਰ ਟਰਾਇਲ ਦੌਰਾਨ ਰਿਐਕਸ਼ਨ ਹੁੰਦਾ ਹੈ ਪਰੰਤੂ ਉਹ ਇਤਫਾਕਨ ਹੀ ਵਾਪਰਦਾ ਹੈ ਪਰੰਤੂ ਜੇਕਰ ਉਹ ਰਿਐਕਸ਼ਨ ਗੰਭੀਰ ਹੋਵੇ ਤਾਂ ਖੋਜ਼ ਨੂੰ ਓਦੋਂ ਤੱਕ ਰੋਕਣਾ ਜਰੂਰੀ ਹੋ ਜਾਂਦਾ ਹੈ ਜਦੋਂ ਤੱਕ ਮਾਮਲੇ ਦੀ ਪੂਰੀ ਤਰਾਂ ਹਰ ਪੱਖ ਤੋਂ ਜਾਂਚ ਨਹੀਂ ਹੋ ਜਾਂਦੀ।

ਐਸਟਰਾਜ਼ੈਨੇਕਾ ਕੰਪਨੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਸੀਂ ਵਾਪਰੀ ਇਕ ਘਟਨਾ ਦੇ ਮੁਲਾਂਕਣ ਲਈ ਤੇਜੀ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਵੈਕਸੀਨ ਦੇ ਟਰਾਇਲ ਸਮੇਂ ਉਪਰ ਕਿਸੇ ਤਰਾਂ ਦਾ ਸੰਭਾਵਿਤ ਅਸਰ ਨਾ ਪਵੇ। ਮੂਲ ਰੂਪ ਵਿਚ ਆਕਸਫੋਰਡ ਯੁਨੀਵਰਸਿਟੀ ਵਿਖੇ ਵਿਕਸਤ ਕੀਤੀ ਵੈਕਸੀਨ ਦੀ ਪਰਖ ਐਸਟਰਾਜ਼ੈਨੇਕ ਕੰਪਨੀ ਕਰ ਰਹੀ ਹੈ। ਕੰਪਨੀ ਨੇ ਹੋਰ ਕਿਹਾ ਹੈ ਕਿ ‘ਇਹ ਇਕ ਰੁਟੀਨ ਰਿਐਕਸ਼ਨ ਹੈ ਜਿਸ ਦੇ ਨਾਮਲੂਮ ਬਿਮਾਰੀ ਦੇ ਮਾਮਲੇ ਵਿਚ ਟਰਾਇਲ ਦੌਰਾਨ ਵਾਪਰਨ ਦੀ ਸੰਭਾਵਨਾ ਹੁੰਦੀ ਹੈ। ਇਹ ਮਾਮਲਾ ਜਾਂਚ ਅਧੀਨ ਹੈ, ਅਸੀਂ ਟਰਾਇਲ ਦੀ ਸ਼ੁਧਤਾ ਨੂੰ ਯਕੀਨੀ ਬਣਾ ਰਹੇ ਹਾਂ।’ ਇਥੇ ਜ਼ਿਕਰਯੋਗ ਹੈ ਕਿ ਦੋ ਹੋਰ ਕੋਵਿਡ-19 ਵੈਕਸੀਨ ਉਪਰ ਟਰਾਇਲ ਜਾਰੀ ਹਨ। ਇਕ ਜਰਮਨ ਕੰਪਨੀ ਪਫਾਈਜ਼ਰ ਤੇ ਇਕ ਮਾਡਰਨਾ ਕੰਪਨੀ ਬਾਈਓਨਟੈਕ ਟਰਾਇਲ ਕਰ ਰਹੀ ਹੈ। ਇਸ ਸਾਲ ਦੇ ਅੰਤ ਤੱਕ ਵੈਕਸੀਨ ਬਣਾ ਲੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ।

# ਫਰਿਜ਼ਨੋ ਨਿਵਾਸੀ ਸੁਖਵਿੰਦਰ ਸਿੰਘ ਟਿਵਾਣਾ ਦੀ ਟਰੱਕ ਹਾਦਸੇ ਵਿੱਚ ਮੌਤ






**ਫਰਿਜ਼ਨੋ, (ਨੀਟਾ ਮਾਛੀਕੇ/ ਕੁਲਵੰਤ ਧਾਲੀਆਂ):** ਪਿਛਲੇ ਕਰੀਬ ਡੇਢ ਮਹੀਨੇ ਤੋਂ ਅਮੈਰਿਕਨ ਟਰੱਕਿੰਗ ਇੰਡਸਟਰੀ ਤੋਂ ਪੰਜਾਬੀ ਭਾਈਚਾਰੇ ਲਈ ਬੜੀਆਂ ਮਾੜੀਆਂ ਖ਼ਬਰਾਂ ਆ ਰਹੀਆਂ ਹਨ। ਅਗਸਤ ਅਤੇ ਸਤੰਬਰ ਦੇ ਮਹੀਨੇ ਹੁਣ ਤੱਕ ਅਮਰੀਕਾ ਦੀਆਂ ਸੜਕਾਂ ’ਤੇ ਤਕਰੀਬਨ ਚਾਰ-ਪੰਜ ਪੰਜਾਬੀ ਟਰੱਕ ਡਰਾਈਵਰ ਟਰੱਕ ਐਕਸੀਡੈਂਟਾਂ ਵਿੱਚ ਆਪਣੀ ਜਾਨ ਤੋਂ ਹੱਥ ਧੋਹ ਬੈਠੇ ਨੇ। ਕੱਲ ਜਾਣੀ 5 ਸਤੰਬਰ ਨੂੰ ਨਿਊ-ਮੈਕਸੀਕੋ ਸਟੇਟ ਵਿੱਚ ਹਾਈਵੇਅ 40 ਈਸਟ ਬਾਂਡ ਮੀਲ ਮਾਰਕਰ 112 ਦੇ ਲਾਗੇ ਭਿਆਨਕ ਟਰੱਕ ਹਾਦਸਾ ਵਾਪਰ ਗਿਆ ਜਿਸ ਵਿੱਚ ਫਰਿਜ਼ਨੋ ਨਿਵਾਸੀ ਸੁਖਵਿੰਦਰ ਸਿੰਘ ਟਿਵਾਣਾ (45) ਦੀ ਥਾਂ ’ਤੇ ਹੀ ਮੌਤ ਹੋ ਗਈ।

ਜਾਣਕਾਰੀ ਮੁਤਾਬਿਕ ਫਰੀਵੇਅ 40 ’ਤੇ ਰੋਡ ਵਰਕ ਕਾਰਨ ਟ੍ਰੈਫ਼ਿਕ ਰੁਕਿਆ ਹੋਇਆ ਸੀ, ਸੁਖਵਿੰਦਰ ਸਿੰਘ ਟਿਵਾਣਾ ਆਪਣਾ ਟਰੱਕ ਰੋਕਣ ਵਿੱਚ ਅਸਫਲ ਰਹੇ ਤੇ ਅੱਗੇ ਖੜੇ ਟ੍ਰੇਲਰ ਦੇ ਪਿਛਲੇ ਪਾਸੇ ਜਾ ਟਕਰਾਏ ਅਤੇ ਟਰੱਕ ਸਾਈਡ ਨੂੰ ਡਿੱਗ ਗਿਆ ’ਤੇ ਟਰੱਕ ਦੇ ਡੀਜ਼ਲ ਟੈਂਕ ਫਟਣ ਕਾਰਨ ਟਰੱਕ ਨੂੰ ਭਿਆਨਕ ਅੱਗ ਦੀਆਂ ਲਪਟਾਂ ਨੇ ਆਪਣੇ ਕਲਾਵੇ ਵਿਚ ਲੈ ਲਿਆ। ਸੁਖਵਿੰਦਰ ਸਿੰਘ ਟਿਵਾਣਾ ਸਟੇਰਿੰਗ ਵੀਲ ਅਤੇ ਸੀਟ ਦੇ ਵਿਚਕਾਰ ਫਸ ਗਏ ਤੇ ਜਿਉਂਦੇ ਹੀ ਅੱਗ ਵਿੱਚ ਮੱਚਕੇ ਰੱਬ ਨੂੰ ਪਿਆਰੇ ਹੋ ਗਏ।

ਸੁਖਵਿੰਦਰ ਸਿੰਘ ਟਿਵਾਣਾ ਪਿਛਲੇ 18-19 ਸਾਲ ਤੋਂ ਟਰੱਕਿੰਗ ਬਿਜਨਸ ਵਿੱਚ ਸਨ ਅਤੇ ਤਿੰਨ ਕੁ ਟਰੱਕਾਂ ਦੀ ਛੋਟੀ ਕੰਪਨੀ ਜੋਤ ਟਰੱਕਿੰਗ ਚਲਾ ਰਹੇ ਸਨ। ਹਾਦਸੇ ਵਾਲੇ ਦਿਨ ਉਹ ਖ਼ੁੱਦ ਟਰੱਕ ਤੇ ਲੋਡ ਲੈਕੇ ਜਾ ਰਹੇ ਸਨ ਕਿ ਅਚਾਨਕ ਇਹ ਹਾਦਸਾ ਵਾਪਰ ਗਿਆ। ਸੁਖਵਿੰਦਰ ਸਿੰਘ ਟਿਵਾਣਾ ਆਪਣੇ ਪਿੱਛੇ ਆਪਣਾ ਬੁੱਢੇ ਮਾਂ-ਬਾਪ, ਪਤਨੀ, ਦੋ ਬੇਟੇ ਅਤੇ ਇੱਕ ਬੇਟੀ ਛੱਡ ਗਏ ਨੇ। ਸੁਣਨ ਵਿੱਚ ਆਇਆ ਕਿ ਉਹਨਾਂ ਦਾ ਪਿਛੋਕੜ ਜਲੰਧਰ ਜ਼ਿਲ੍ਹੇ ਦੇ ਪਿੰਡ ਰਹੀਮਪੁਰ ਪਿੰਡ ਨਾਲ ਸਬੰਧਤ ਸੀ ’ਤੇ ਉਹ ਪਿਛਲੇ 25-26 ਸਾਲ ਤੋਂ ਅਮਰੀਕਾ ਵਿੱਚ ਰਹਿ ਰਹੇ ਸਨ।

ਇਸ ਮੰਦਭਾਗੀ ਖ਼ਬਰ ਕਾਰਨ ਫਰਿਜ਼ਨੋ ਏਰੀਏ ਦਾ ਪੰਜਾਬੀ ਭਾਈਚਾਰਾ ਗਹਿਰੇ ਸਦਮੇਂ ਵਿੱਚ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਤੁਸੀਂ ਪ੍ਰਦੀਪ ਸਿੰਘ ਤੂਰ (559) 681-0020 ਜਾਂ ਜਗਦੇਵ ਸਿੰਘ ਬਰਾੜ ਨਾਲ 559-260-3445 ’ਤੇ ਸੰਪਰਕ ਕਰ ਸਕਦੇ ਹੋ।

# ਪੰਜਾਬੀ ਭਾਸ਼ਾ ਦੇ ਜੰਮੂ-ਕਸ਼ਮੀਰ ਵਿੱਚ ਖਾਤਮੇ ਪ੍ਰਤੀ ਭਾਰਤੀ ਸਰਕਾਰ ਦੀ ਨਿਖੇਧੀ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਭਾਰਤ ਦੇਸ਼ ਜਿੱਥੇ ਦੇਸ਼ ਦੀ ਅਜ਼ਾਦੀ ਲਈ ਪੰਜਾਬੀ ਮਾਂ ਬੋਲੀ ਦੇ ਵਾਰਸਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਅੱਜ ਉਥੋਂ ਦੀਆਂ ਸਰਕਾਰਾਂ ਦੁਆਰਾ ਪੰਜਾਬੀ ਵਿਰੋਧੀ ਨੀਤੀਆਂ ਦਿਖਾਉਂਦੇ ਹੋਏ ਪ੍ਰਾਪਤ ਜਾਣਕਾਰੀ ਅਨੁਸਾਰ ਜੰਮੂ-ਕਸ਼ਮੀਰ ’ਚ ਕਸ਼ਮੀਰੀ, ਡੋਗਰੀ, ਉਰਦੂ ਦੇ ਨਾਲ ਹਿੰਦੀ ਲਾਜ਼ਮੀ ਕਰਕੇ, ਪੰਜਾਬੀ ਹਟਾ ਦਿੱਤੀ ਹੈ। ਜਦੋਂਕਿ ਕਿਸੇ ਵੀ ਕੌਮ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾ ਉਸ ਦੀ ਬੋਲੀ ਅਤੇ ਭਾਸ਼ਾ ਖਤਮ ਕਰ ਦਿਉ, ਦੇ ਕਥਨ ਮੁਤਾਬਕ ਭਾਰਤ ਸਰਕਾਰ ਘੱਟਗਿਣਤੀਆਂ ਦੀ ਨਸਲਕੁਸ਼ੀ ਪਹਿਲਾਂ ਤੋਂ ਕਰਦੀ ਆਈ ਹੈ ਅਤੇ ਹੁਣ ਕਰ ਰਹੀ ਹੈ। ਇਸ ਦੇ ਉਲਟ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਨੂੰ ਸਰਕਾਰੀ ਤੌਰ ’ਤੇ ਸਕੂਲਾਂ ਵਿੱਚ ਪੂਰਾ ਸਤਿਕਾਰ ਅਤੇ ਮਾਨਤਾ ਮਿਲ ਰਹੀ ਹੈ। ਜਦਕਿ ਉੱਥੇ ਭਾਰਤ ਦੀ ਰੱਖਵਾਲੀ ਲਈ ਅੱਜ ਤੱਕ ਸਭ ਤੋਂ ਵੱਧ ਪੰਜਾਬੀ ਫੌਜੀ ਸ਼ਹੀਦ ਹੁੰਦੇ ਆ ਰਹੇ ਹਨ। ਜਦ ਹੁਣ ਪੰਜਾਬੀ ਭਾਸ਼ਾ ਆਪਣੇ ਪੂਰੇ ਜੋਬਨ ’ਤੇ ਹੈ, ਇਸ ਨੂੰ ਦੁਨੀਆ ਭਰ ਵਿੱਚ ਸਤਿਕਾਰ ਮਿਲਿਆ ਹੈ ਸ਼ਾਇਦ ਜੋ ਗੱਲ ਭਾਰਤ ਦੇ ਕੱਟੜਵਾਦੀ ਸਿਆਸਤਦਾਨਾਂ ਅਤੇ ਭਾਰਤੀ ਸਰਕਾਰਾਂ ਨੂੰ ਚੁੱਭਣ ਲੱਗੀ। ਜਿਸ ਕਰਕੇ ਪੰਜਾਬੀ ਭਾਸ਼ਾ ਪ੍ਰਤੀ ਅਜਿਹਾ ਵਤੀਰਾ ਅਪਣਾਉਂਦੇ ਹੋਏ, ਜੰਮੂ-ਕਸ਼ਮੀਰ ਵਿੱਚੋਂ ਖਤਮ ਕੀਤਾ ਜਾ ਰਿਹਾ ਹੈ। ਜਦਕਿ । ਇਸ ਸੰਬੰਧੀ ਅਮਰੀਕਾ ਤੋਂ ਕੈਲੀਫੋਰਨੀਆ ਦੀਆਂ ਵੱਖ-ਵੱਖ ਸਾਹਿਤਕ ਅਤੇ ਸਮਾਜਿਕ ਜੱਥੇਬੰਦੀਆਂ ਨੇ ਗੱਲਬਾਤ ਕਰਦੇ ਹੋਏ ਭਾਰਤ ਸਰਕਾਰ ਦੀ ਨਿਖੇਧੀ ਕੀਤੀ। ਜਿਨਾਂ ਵਿੱਚ ‘ਪੰਜਾਬੀ ਸਾਹਿਤ ਅਕਾਦਮੀ ਕੈਲੀਫੋਰਨੀਆ’ ਵੱਲੋਂ ਉਸਤਾਦ ਸ਼ਾਇਰ, ਕਵੀ ਅਤੇ ਲੇਖਕ ਹਰਜਿੰਦਰ ਕੰਗ, ‘ਧਾਲੀਆਂ ਐਂਡ ਮਾਛੀਕੇ ਮੀਡੀਆ ਯੂ.ਐਸ.ਏ.’ ਦੇ ਪੱਤਰਕਾਰ ਅਤੇ ਲੇਖਕ ਨੀਟਾ ਮਾਛੀਕੇ, ਇਸੇ ਤਰਾਂ ਪੰਜਾਬੀ ਸੱਭਿਆਚਾਰ ਅਤੇ ਸੰਗੀਤ ਇੰਡਸਟਰੀ ਨਾਲ ਜੁੜੇ ਗਾਇਕ ਗੌਗੀ ਸੰਧੂ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆਂ ਦੀ ਨੁਮਇੰਦਗੀ ਕਰਦੇ ਹੋਏ ਇੰਦਰਜੀਤ ਸਿੰਘ ਗਰੇਵਾਲ ਆਦਿਕ ਬਹੁਤ ਸਾਰੇ ਬੁੱਧੀਜੀਵੀਆਂ ਨੇ ਫੋਨ ਮੀਟਿੰਗਾਂ ਰਾਹੀਂ ਵਿਚਾਰਾਂ ਦੀ ਸਾਂਝ ਪਾਈ। ਜਦ ਕਿ ਸਮੁੱਚੇ ਪੰਜਾਬੀ ਭਾਈਚਾਰੇ ਵਿੱਚ ਪੰਜਾਬੀ ਮਾਂ ਬੋਲੀ ਲਈ ਭਾਰਤ ਸਰਕਾਰ ਦੇ ਵਿਤਕਰੇ ਭਰੇ ਰਵੱਈਏ ਨੂੰ ਲੈ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸਰਕਾਰ ਅਤੇ ਸਬੰਧਤ ਅਧਿਕਾਰੀਆਂ ਨੂੰ ਆਪਣੇ ਫ਼ੈਸਲੇ ਦੀ ਦਰੁਸਤੀ ਕਰਕੇ ਪੰਜਾਬੀ ਭਾਸ਼ਾ ਨੂੰ ਵੀ ਪਹਿਲਾਂ ਵਾਂਗ ਸਰਕਾਰੀ ਭਾਸ਼ਾ ਵਜੋਂ ਬਰਕਰਾਰ ਰੱਖਣ ਦੀ ਅਪੀਲ ਕੀਤੀ।

# ਅਫਗਾਨਿਸਤਾਨ ਦੇ ਉੱਪ ਰਾਸ਼ਟਰਪਤੀ ਦੇ ਕਾਫਲੇ ’ਤੇ ਕੀਤਾ ਬੰਬ ਧਮਾਕਾ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿਚ ਅੱਜ ਉੱਪ ਰਾਸ਼ਟਰਪਤੀ ਉੱਤੇ ਬੰਬ ਧਮਾਕੇ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਉੱਪ ਰਾਸ਼ਟਰਪਤੀ ਅਮਰੂਲਾਹ ਸਾਲੇਹ ਦਾ ਬਚਾਅ ਹੋਇਆ ਹੈ।

ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਤਾਰਿਕ ਅਰੀਅਨ ਨੇ ਜਾਣਕਾਈ ਦਿੰਦਿਆਂ ਦੱਸਿਆ ਕਿ ਹਮਲੇ ਵਿਚ 2 ਲੋਕਾਂ ਦੀ ਮੌਤ ਹੋਈ ਹੈ ਅਤੇ 12 ਲੋਕ ਜ਼ਖਮੀ ਹੋਏ ਹਨ। ਇਹ ਬੰਬ ਧਮਾਕਾ ਉੱਪ ਰਾਸ਼ਟਰਪਤੀ ਦੇ ਕਾਫਲੇ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਜਿਸ ਵਿਚ ਕਈ ਸੁਰੱਖਿਆ ਗਾਰਜ਼ ਜ਼ਖਮੀ ਹੋਏ ਹਨ।

ਜ਼ਿਕਰਯੋਗ ਹੈ ਕਿ ਇਹ ਹਮਲਾ ਕਤਰ ਦੀ ਰਾਜਧਾਨੀ ਦੋਹਾ ਵਿਚ ਤਾਲਿਬਾਨ ਅਤੇ ਅਫਗਾਨ ਸਰਕਾਰ ਦਰਮਿਆਨ ਹੋਣ ਜਾ ਰਹੀ ਅਹਿਮ ਗੱਲਬਾਤ ਤੋਂ ਬਿਲਕੁਲ ਪਹਿਲਾਂ ਹੋਇਆ ਹੈ।

ਉੱਪ ਰਾਸ਼ਟਰਪਤੀ ਸਾਲੇਹ ਸਾਬਕਾ ਇੰਟੈਲੀਜੈਂਸ ਮੁਖੀ ਹਨ ਅਤੇ ਉਹਨਾਂ ’ਤੇ ਪਹਿਲਾਂ ਵੀ ਇਸ ਤਰਾਂ ਦੇ ਕਈ ਜਾਨਲੇਵਾ ਹਮਲੇ ਹੋ ਚੁੱਕੇ ਹਨ। ਮਾਹਿਰਾਂ ਮੁਤਾਬਕ ਇਸ ਹਮਲੇ ਦੇ ਦੋਹਾ ਵਿਚ ਹੋਣ ਜਾ ਰਹੀ ਬੈਠਕ ’ਤੇ ਨਕਾਰਾਤਮਕ ਅਸਰ ਪੈ ਸਕਦੇ ਹਨ। ਫਿਲਹਾਲ ਕਿਸੇ ਧਿਰ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

# ਟਰੰਪ ਨੇ ਇਕ ਰਿਪੋਰਟਰ ਨੂੰ ਮਾਸਕ ਲਾਹ ਕੇ ਗੱਲ ਕਰਨ ਲਈ ਕਿਹਾ, ਰਿਪੋਰਟਰ ਨੇ ਕੀਤਾ ਇਨਕਾਰ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਵਾਈਟ ਹਾਊਸ ਵਿਚ ਪ੍ਰੈਸ ਕਾਨਫਰੰਸ ਦੌਰਾਨ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਰਿਪੋਰਟਰ ਨੂੰ ਮਾਸਕ ਲਾਹ ਕੇ ਸਵਾਲ ਪੁੱਛਣ ਲਈ ਕਿਹਾ ਪਰ ਰਿਪੋਰਟਰ ਨੇ ਇਨਕਾਰ ਕਰ ਦਿੱਤਾ। ਪ੍ਰੈਸ ਕਾਨਫਰੰਸ ਦੌਰਾਨ ਰਾਸ਼ਟਰਪਤੀ ਨੇ ਸਵਾਲ-ਜਵਾਬ ਦੇ ਸਮੇਂ ਤੋਂ ਪਹਿਲਾਂ ਆਪਣੇ ਵਿਰੋਧੀ ਉਮੀਦਵਾਰ ਜੋ ਬਾਈਡੇਨ ਦੀ ਸਖਤ ਅਲੋਚਨਾ ਕੀਤੀ ਤੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਅਰਥ ਵਿਵਸਥਾ ਲੀਹ ਉਪਰ ਆ ਰਹੀ ਹੈ। ਜਦੋਂ ਰਾਈਟਰ ਦਾ ਰਿਪੋਰਟਰ ਜੈਫ ਮੈਸਨ ਸਵਾਲ ਪੁੱਛਣ ਲਈ ਖੜਾ ਹੋਇਆ ਤਾਂ ਟਰੰਪ ਨੇ ਕਿਹਾ ਕਿ ਤੁਸੀਂ ਮੇਰੇ ਤੋਂ ਕਈ ਫੁਟ ਦੂਰ ਹੋ ਇਸ ਲਈ ਕ੍ਰਿਪਾ ਕਰਕੇ ਮਾਸਕ ਲਾਹ ਕੇ ਗੱਲ ਕਰੋ। ਮੈਸਨ ਨੇ ਮਾਸਕ ਲਾਹੁਣ ਤੋਂ ਨਾਂਹ ਕਰ ਦਿੱਤੀ ਤੇ ਉੱਚੀ ਬੋਲਣ ਦੀ ਪੇਸ਼ਕਸ਼ ਕੀਤੀ। ਇਸ ’ਤੇ ਟਰੰਪ ਨੇ ਕਿਹਾ ਕੋਈ ਗੱਲ ਨਹੀਂ। ਜੇਕਰ ਲਾਹ ਲਿਆ ਜਾਂਦਾ ਤਾਂ ਗੱਲ ਕਰਨੀ ਸੌਖੀ ਹੋ ਜਾਣੀ ਸੀ।

# ਕੋਰੋਨਾ ਵਾਇਰਸ ਕਾਰਨ ਇਕ ਸਕੂਲ ਦੇ ਅਧਿਆਪਕਾਂ ਨੇ ਦਿੱਤੇ ਅਸਤੀਫ਼ੇ ਤੇ ਲਈ ਸਮੂਹਿਕ ਛੁੱਟੀ, ਸਕੂਲ ਹੋਇਆ ਬੰਦ

**ਨਿਊਯਾਰਕ (ਹੁਸਨ ਲੜੋਆ ਬੰਗਾ):** ਅਧਿਆਪਕਾਂ ਵੱਲੋਂ ਲਈ ਗਈ ਸਮੂਹਿਕ ਛੁੱਟੀ ਤੇ ਅਸਤੀਫ਼ੇ ਦੇਣ ਕਾਰਨ ਬੂਫਾਲੇ, ਨਿਊਯਾਰਕ ਦੇ ਬਾਹਰਵਾਰ ਸਥਿੱਤ ਇਕ ਸਕੂਲ ਨੂੰ 5 ਤੋਂ 12 ਕਲਾਸ ਦੇ ਵਿਦਿਆਰਥੀਆਂ ਲਈ ਆਨ ਲਾਈਨ ਪੜਾਈ ਨੂੰ ਅੱਗੇ ਪਾਉਣਾ ਪਿਆ ਹੈ। ਵਿਲਿਅਮਜਵਿਲੇ ਸੈਂਟਰਲ ਸਕੂਲ ਡਿਸਟ੍ਰਿਕਟ ਦੇ ਸੁਪਰਡੈਂਟ ਸਕਾਟ ਮਾਰਟਜਲੋਫ ਵੱਲੋਂ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਲਿਖੇ ਪੱਤਰ ਵਿਚ ਕਿਹਾ ਗਿਆ ਹੈ ਕਿ 90 ਸਟਾਫ ਮੈਂਬਰਾਂ ਨੇ ਸਮੂਹਿਕ ਛੁੱਟੀ ਲੈ ਲਈ ਹੈ ਤੇ 111 ਸਟਾਫ਼ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ ਹਨ। ਇਸ ਲਈ ਆਨ ਲਾਈਨ ਪੜਾਈ ਅੱਗੇ ਪਾਉਣੀ ਪਈ ਹੈ। ਇਸ ਸਕੂਲ ਵਿਚ 2361 ਵਿਦਿਆਰਥੀਆਂ ਨੇ ਆਨ ਲਾਈਨ ਪੜਾਈ ਲਈ ਦਾਖਲਾ ਲਿਆ ਸੀ ਜਿਨਾ ਵਿਚ 1375 ਬੱਚੇ ਅਠਵੀਂ ਤੇ ਦਸਵੀਂ ਦੇ ਹਨ। ਸੁਪਰਡੈਂਟ ਨੇ ਪੱਤਰ ਵਿਚ ਕਿਹਾ ਹੈ ਕਿ ਸਟਾਫ਼ ਦੀ ਘਾਟ ਕਾਰਨ ਸਕੂਲ ਅਗਲੇ ਨੋਟਿਸ ਤੱਕ ਬੰਦ ਰਹੇਗਾ। ਜਦੋਂ ਵੀ ਲੋੜੀਂਦੇ ਸਟਾਫ਼ ਦਾ ਪ੍ਰਬੰਧ ਹੋ ਜਾਵੇਗਾ, ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

# ਸ਼੍ਰੋਮਣੀ ਕਮੇਟੀ ਦੇ ਸਰੂਪ ਛਾਪਣ ਦੇ ਅਧਿਕਾਰ ’ਤੇ ਰੋਕ ਲਾਉਣ ਦੀ ਮੰਗ

## ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਦਿਤਾ ਇਕ ਮੰਗ ਪੱਤਰ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਇਕ ਮੰਗ ਪੱਤਰ ਦੇ ਕੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚ ਪਾਵਨ ਸਰੂਪਾਂ ਦੀ ਛਪਾਈ ਕਰਨ ਅਤੇ ਬਿਰਧ ਸਰੂਪਾਂ ਨੂੰ ਅਗਨ ਭੇਟ ਕਰਨ ’ਤੇ ਰੋਕ ਲਾਉਣ ਦੀ ਮੰਗ ਕੀਤੀ ਹੈ। ਮੰਗ ਪੱਤਰ ਦੇਣ ਆਏ ਸਿੱਖ ਕਾਰਕੁਨਾਂ ਵਿੱਚ ਸ਼ਾਮਲ ਸਾਬਕਾ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਧੜਾਧੜ ਪਾਵਨ ਸਰੂਪ ਛਾਪੇ ਜਾ ਰਹੇ ਹਨ, ਜਿਸ ਕਾਰਨ ਵਾਧੂ ਸਰੂਪਾਂ ਦੀ ਸਾਂਭ ਸੰਭਾਲ ਨਹੀਂ ਹੋ ਰਹੀ ਅਤੇ ਥਾਂ-ਥਾਂ ’ਤੇ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇਸ ਲਈ ਛਪਾਈ ’ਤੇ ਰੋਕ ਲਾਉਣ ਦੀ ਲੋੜ ਹੈ। ਇਸੇ ਤਰਾਂ ਬਿਰਧ ਹੋਣ ਦੇ ਨਾਂ ’ਤੇ ਸਰੂਪਾਂ ਨੂੰ ਅਗਨ ਭੇਟ ਕੀਤਾ ਜਾ ਰਿਹਾ ਹੈ। ਜਦੋਂਕਿ ਸਰੂਪਾਂ ਵਿਚੋਂ ਕੁਝ ਅੰਗ ਹੀ ਖ਼ਰਾਬ ਹੁੰਦੇ ਹਨ, ਜੋ ਬਦਲੇ ਜਾ ਸਕਦੇ ਹਨ। ਇਸ ਲਈ ਸਰੂਪਾਂ ਨੂੰ ਅਗਨ ਭੇਟ ਕੀਤੇ ਜਾਣ ’ਤੇ ਵੀ ਰੋਕ ਲਾਉਣ ਦੀ ਲੋੜ ਹੈ। ਉਨਾਂ ਆਖਿਆ ਕਿ 2016 ਵਿਚ ਪ੍ਰਬੰਧਾਂ ਦੀ ਘਾਟ ਕਾਰਨ ਵੱਡੀ ਗਿਣਤੀ ਪਾਵਨ ਸਰੂਪਾਂ ਦੀ ਬੇਅਦਬੀ ਹੋਈ ਹੈ, ਇਸ ਲਈ ਬੇਅਦਬੀ ਦੇ ਕਸੂਰਵਾਰਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 450 ਸਰੂਪ ਕੈਨੇਡਾ ਭੇਜੇ ਗਏ ਸਨ, ਜਿਥੇ ਉਨਾਂ ਦੀ ਸਾਂਭ ਸੰਭਾਲ ਨਹੀਂ ਕੀਤੀ ਗਈ ਅਤੇ ਉਥੇ ਵੀ ਸਰੂਪਾਂ ਦੀ ਬੇਅਦਬੀ ਹੋਈ ਹੈ। ਇਸ ਲਈ ਕਸੂਰਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਉਨਾਂ ਨੂੰ ਸਜ਼ਾਵਾਂ ਦਿਵਾਈਆਂ ਜਾਣ। ਉਨਾਂ ਚਿਤਾਵਨੀ ਦਿੱਤੀ ਕਿ ਜੇਕਰ ਇਨਾਂ ਮਸਲਿਆਂ ਦਾ ਹੱਲ 15 ਦਿਨਾਂ ਵਿਚ ਨਾ ਕੀਤਾ ਗਿਆ ਤਾਂ ਇਸ ਤੋਂ ਬਾਅਦ ਹਾਲਾਤ ਵਿਗੜਨ ਜਾਂ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਲਈ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਇਸ ਸਬੰਧੀ ਮੰਗ ਪੱਤਰ ਡਿਪਟੀ ਕਮਿਸ਼ਨਰ ਦੇ ਨਾਂ ’ਤੇ ਤਹਿਸੀਲਦਾਰ ਨੂੰ ਸੌਂਪਿਆ ਗਿਆ ਹੈ। ਸਿੱਖ ਆਗੂ ਬਲਵੰਤ ਸਿੰਘ ਗੋਪਾਲਾ ਨੇ ਸ਼੍ਰੋਮਣੀ ਕਮੇਟੀ ’ਤੇ ਦੋਸ਼ ਲਾਇਆ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਕਰਨ ਵਿਚ ਅਸਫ਼ਲ ਰਹੀ ਹੈ, ਜਿਸ ਕਾਰਨ ਸਿੱਖ ਸੰਗਤ ਵਿਚ ਭਾਰੀ ਰੋਸ ਹੈ।

# ਕੈਲੀਫੋਰਨੀਆ ਵਿਚ ਲੱਗੀ ਅੱਗ ਹੁਣ ਤੱਕ ਦੀ ਸਭ ਤੋਂ ਵਧ ਭਿਆਨਕ , ਲੱਖਾਂ ਏਕੜ ਰਕਬਾ ਸੜਿਆ

**ਕੈਲੀਫੋਰਨੀਆ,(ਹੁਸਨ ਲੜੋਆ ਬੰਗਾ):** ਕੈਲੀਫੋਰਨੀਆ ਦੇ ਜੰਗਲਾਂ ਨੂੰ ਲੱਗੀ ਅੱਗ ਹੁਣ ਤੱਕ ਦੀ ਸਭ ਤੋਂ ਵਧ ਭਿਆਨਕ ਅੱਗ ਸਾਬਤ ਹੋਈ ਹੈ ਤੇ ਇਹ 20,94,955 ਏਕੜ ਵਿਚ ਖੜੇ ਜੰਗਲ ਨੂੰ ਸਾੜ ਚੁੱਕੀ ਹੈ। ਰਾਜ ਵਿਚ ਇਸ ਤੋਂ ਪਹਿਲਾਂ ਏਨੀ ਭਿਆਨਕ ਅੱਗ ਵੇਖਣ ਨੂੰ ਨਹੀਂ ਮਿਲੀ।



ਫਾਇਰ ਕੈਪਟਨ ਰਿਚਰਡ ਕੋਰਡੋਵਾ ਨੇ ਕਿਹਾ ਹੈ ਕਿ ਫਾਇਰ ਸੀਜਨ ਅਕਤੂਬਰ ਤੇ ਨਵੰਬਰ ਵਿਚ ਵੀ ਏਨੀ ਭਿਆਨਕ ਅੱਗ ਕਦੀ ਵੀ ਨਹੀਂ ਲੱਗੀ। ਅੱਗ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ।

ਉਨਾਂ ਕਿਹਾ ਕਿ ਕਰੀਕ ਖੇਤਰ ਵਿਚ ਅੱਗ ਫਰਿਜ਼ਨੋ ਤੇ ਮਾਡੇਰਾ ਕਾਉਂਟੀਆਂ ਨੇੜੇ 45000 ਏਕੜ ਤੋਂ ਵਧ ਖੇਤਰ ਨੂੰ ਸਾੜ ਚੁੱਕੀ ਹੈ। ਇਸ ਖੇਤਰ ਵਿਚ ਲੱਗੀ ਅੱਗ ਨੂੰ ਤਰਜੀਹੀ ਆਧਾਰ ’ਤੇ ਬੁਝਾਇਆ ਜਾ ਰਿਹਾ ਹੈ ਕਿਉਂਕਿ ਇਹ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਵਿਚਲੇ ਸੀਏਰਾ ਨੈਸ਼ਨਲ ਜੰਗਲ ਨੂੰ ਸਾੜ ਰਹੀ ਹੈ। ਅੱਗ ਵੱਲੋਂ ਸੜਕੀ ਰਸਤਾ ਰੋਕ ਲੈਣ ਕਾਰਨ 224 ਵਿਅਕਤੀਆਂ ਨੂੰ ਹੈਲੀਕਾਪਟਰ ਰਾਹੀਂ ਕੱਢਿਆ ਗਿਆ ਹੈ। ਅੱਗ ਕਾਰਨ ਰਾਜ ਵਿਚ ਵਾਤਾਵਰਣ ਸੰਕਟ ਖੜਾ ਹੋ ਗਿਆ ਹੈ।

# ਨਸਲੀ ਨਿਆਂ ਨੂੰ ਲੈ ਕੇ ਪੋਰਟਲੈਂਡ ਵਿਚ ਨਹੀਂ ਥਮ ਰਿਹਾ ਲੋਕਾਂ ਦਾ ਰੋਹ, ਪੁਲਿਸ ਵੱਲੋਂ 50 ਪ੍ਰਦਰਸ਼ਨਕਾਰੀ ਗ੍ਰਿਫ਼ਤਾਰ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਮਈ ਵਿਚ ਪੁਲਿਸ ਹੱਥੋਂ ਮਾਰੇ ਗਏ ਜਾਰਜ ਫਲਾਇਡ ਦੇ ਮਾਮਲੇ ਵਿਚ ਲੋਕਾਂ ਦਾ ਰੋਹ ਥਮ ਨਹੀਂ ਰਿਹਾ ਹੈ। ਪੋਰਟਲੈਂਡ ਵਿਚ ਪੁਲਿਸ ਨੇ 50 ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲਿਆ ਹੈ। ਕੁਝ ਲੋਕਾਂ ਨੇ ਪੁਲਿਸ ਉਪਰ ਫਾਇਰ ਬੰਬ ਤੇ ਪਟਾਕੇ ਸੁੱਟੇ। ਪੁਲਿਸ ਅਨੁਸਾਰ ਇਕ ਵਿਅਕਤੀ ਨੂੰ ਜ਼ਖਮੀ ਹਾਲਤ ਵਿਚ ਇਕ ਨਿੱਜੀ ਗੱਡੀ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਹੈ। ਪੋਰਟਲੈਂਡ ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਰਾਤ 9 ਵਜੇ ਦੇ ਕਰੀਬ ਵੈਨਟੂਰਾ ਪਾਰਕ ਵਿਚ ਲੋਕਾਂ ਦੀ ਭੀੜ ਇਕੱਠੀ ਹੋਈ ਤੇ ਉਨਾਂ ਨੇ ਮਾਰਚ ਕੱਢਿਆ।



*ਪੁਲਿਸ ਸਾਹਮਣੇ ਗੋਡਿਆਂ ਭਾਰ ਬੈਠਾ ਇਕ ਪ੍ਰਦਰਸ਼ਨਕਾਰੀ*

ਪੁਲਿਸ ਅਨੁਸਾਰ ਬਹੁਤ ਸਾਰੇ ਲੋਕਾਂ ਨੇ ਕਾਲੇ ਕਪੜੇ ਪਾਏ ਹੋਏ ਸਨ, ਹੱਥਾਂ ਵਿਚ ਢਾਲਾਂ ਫੜੀਆਂ ਹੋਈਆਂ ਸਨ ਤੇ ਉਹ ਹਥਿਆਰਬੰਦ ਸਨ। ਇਸ ਤੋਂ ਲੱਗਦਾ ਸੀ ਕਿ ਪ੍ਰਦਰਸ਼ਨਕਾਰੀਆਂ ਦਾ ਇਰਾਦਾ ਸ਼ਾਤਮਈ ਪ੍ਰਦਰਸ਼ਨ ਕਰਨਾ ਨਹੀਂ ਸੀ।

# ਡੈਮੋਕ੍ਰੈਟਸ ਵੈਕਸੀਨ ਬਾਰੇ ਕੀਤੀ ਟਿੱਪਣੀ ਲਈ ਤੁਰੰਤ ਮੁਆਫ਼ੀ ਮੰਗਣ-ਟਰੰਪ

## ਰਾਸ਼ਟਰਪਤੀ ਵੱਲੋਂ ਫੌਜੀ ਮੁਖੀਆਂ ਦੀ ਵੀ ਅਲੋਚਨਾ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਕਸੀਨ ਦੇ ਮੁੱਦੇ ’ਤੇ ਆਪਣੇ ਵਿਰੋਧੀ ਡੈਮੋਕ੍ਰੈਟਸ ਉਮੀਦਵਾਰ ਜੋ ਬੀਡੇਨ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਬੇਬੁਨਿਆਦ ਟਿੱਪਣੀ ਲਈ ਡੈਮੋਕ੍ਰੈਟਸ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਵਾਈਟ ਹਾਊਸ ਤੋਂ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਕੋਵਿਡ-19 ਵੈਕਸੀਨ ਵਿਰੁੱਧ ਪ੍ਰਚਾਰ ਕਰਨ ਲਈ ਡੈਮੋਕ੍ਰੈਟਸ ਤੁਰੰਤ ਮੁਆਫੀ ਮੰਗਣ। ਟਰੰਪ ਉਪ ਰਾਸ਼ਟਰਪਤੀ ਦੇ ਅਹੁੱਦੇ ਲਈ ਡੈਮੋਕਰੈਟਸ ਉਮੀਦਵਾਰ ਕਮਲਾ ਹੈਰਿਸ ਦੀ ਉਸ ਟਿਪਣੀ ’ਤੇ ਪ੍ਰਤੀਕਰਮ ਪ੍ਰਗਟ ਕਰ ਰਹੇ ਸਨ ਜਿਸ ਵਿਚ ਹੈਰਿਸ ਨੇ ਕਿਹਾ ਸੀ ਕਿ ਕਿਸੇ ਵੀ ਵੈਕਸੀਨ ਬਾਰੇ ਟਰੰਪ ਵੱਲੋਂ ਕੀਤੇ ਗਏ ਐਲਾਨ ਉਪਰ ਉਹ ਵਿਸ਼ਵਾਸ਼ ਨਹੀਂ ਕਰਦੇ। ਟਰੰਪ ਦਾ ਕਹਿਣਾ ਹੈ ਕਿ ਡੈਮੋਕ੍ਰੈਟਸ ਆਗੂ ਨੇ ਬਿਨਾਂ ਕਿਸੇ ਭਰੋਸੇਯੋਗ ਸੂਤਰਾਂ ਦੇ ਵੈਕਸੀਨ ਬਾਰੇ ਟਿਪਣੀ ਕੀਤੀ ਹੈ।

ਰਾਸ਼ਟਰਪਤੀ ਨੇ ਅਮਰੀਕੀ ਫੌਜ ਦੇ ਆਗੂਆਂ ਦੀ ਵੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਰਖਿਆ ਸਾਜ਼ ਸਮਾਨ ਤਿਆਰ ਕਰਦੀਆਂ ਕੰਪਨੀਆਂ ਦੇ ਮੁਨਾਫ਼ੇ ਨੂੰ ਵਧਾਉਣ ਲਈ ਸਰਗਰਮ ਹਨ। ਉਨ੍ਹਾਂ ਕਿਹਾ ਕਿ “ਮੈ ਇਹ ਨਹੀਂ ਕਹਿੰਦਾ ਕਿ ਫੌਜ ਮੈਨੂੰ ਪਿਆਰ ਕਰਦੀ ਹੈ। ਸੈਨਿਕ ਪੈਂਟਾਗਨ ਵਿਚ ਚੋਟੀ ਦੇ ਲੋਕ ਹਨ ਕਿਉਂਕਿ ਉਹ ਕੁਝ ਨਹੀਂ ਕਰਨਾ ਚਾਹੁੰਦੇ ਕੇਵਲ ਜੰਗ ਲੜਨਾ ਚਾਹੁੰਦੇ ਹਨ ਤਾਂ ਜੋ ਬੰਬ ਤੇ ਜਹਾਜ਼ ਬਣਾਉਣ ਵਾਲੀਆਂ ਕੰਪਨੀਆਂ ਦੇ ਮੁਨਾਫ਼ੇ ਵਧਣ। ਰਾਸ਼ਟਰਪਤੀ ਨੇ ਇਹ ਅਣਕਿਆਸੀ ਟਿਪਣੀ ਉਨ੍ਹਾਂ ਅਨੇਕਾਂ ਫੌਜੀ ਅਧਿਕਾਰੀਆਂ ਦੇ ਸੰਦਰਭ ਵਿਚ ਕੀਤੀ ਹੈ ਜੋ ਮੀਡੀਆ ਰਾਹੀਂ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਹਿ ਚੁੱਕੇ ਹਨ ਕਿ ਰਾਸ਼ਟਰਪਤੀ ਤੇ ਪੈਂਟਾਗਨ ਵਿਚਾਲੇ ਸਬੰਧ ਖਰਾਬ ਹੋ ਰਹੇ ਹਨ।

ਟਰੰਪ ਨੇ ਅਰਥਵਿਵਸਥਾ ਤੇ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਚੁੱਕੇ ਗਏ ਕਦਮਾਂ ਨੂੰ ਕਾਰਗਰ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਗਏ ਯਤਨਾਂ ਸਦਕਾ ਬਹੁਤ ਸਾਰੀਆਂ ਜਾਨਾਂ ਬਚਾਈਆਂ ਗਈਆਂ ਹਨ । ਟਰੰਪ ਨੇ ਕਿਹਾ ਕਿ ਵੈਕਸੀਨ ਬਾਰੇ ਉਨਾਂ ਦੀ ਪਹੁੰਚ ਰਾਜਸੀ ਨਹੀਂ ਹੈ ਤੇ ਉਨਾਂ ਦਾ ਯਤਨ ਹੈ ਕਿ ਵੈਕਸੀਨ ਜਿੰਨੀ ਵੀ ਛੇਤੀ ਸੰਭਵ ਹੋ ਸਕੇ ਅਮਰੀਕੀਆਂ ਨੂੰ ਉਪਲੱਬਧ ਹੋ ਜਾਣੀ ਚਾਹੀਦੀ ਹੈ। ਵੈਕਸੀਨ ਬਾਰੇ ਅਮਰੀਕੀਆਂ ਦੀ ਸੋਚ ਵੀ ਵੱਖੋ ਵੱਖਰੀ ਹੈ। ਦੋ ਤਿਹਾਈ ਵੋਟਰਾਂ ਦਾ ਕਹਿਣਾ ਹੈ ਕਿ ਉਹ ਵੈਕਸੀਨ ਆਉਣ ’ਤੇ ਇਸ ਨੂੰ ਤੁਰੰਤ ਲੈ ਲੈਣ ਦੀ ਕਾਹਲ ਨਹੀਂ ਕਰਨਗੇ ਤੇ 4 ਪਿਛੇ ਇਕ ਅਮਰੀਕੀ ਦਾ ਕਹਿਣਾ ਹੈ ਕਿ ਉਹ ਕਦੀ ਵੀ ਵੈਕਸੀਨ ਨਹੀਂ ਲੈਣਗੇ। ਇਹ ਸਰਵੇ ਯੂ ਐਸ ਏ ਟੂਡੇਅ/ਸੁਫੋਲਕ ਪੋਲ ਵੱਲੋਂ ਕਰਵਾਇਆ ਗਿਆ ਸੀ।

# ਸੰਵਾਦ ਵੱਲੋਂ ‘ਜਥੇਬੰਦ ਹੋਣ ਦੀ ਪੰਥਕ ਜੁਗਤ’ ਵਿਸ਼ੇ ਉੱਤੇ ਵਿਚਾਰ ਚਰਚਾ 12 ਨੂੰ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੰਵਾਦ ਵੱਲੋਂ ‘ਅਗਾਂਹ ਵੱਲ ਨੂੰ ਤੁਰਦਿਆਂ’ ਖਰੜੇ ਦੇ ਸੰਦਰਭ ’ਚ ਅਗਲੀ ਵਿਚਾਰ ਚਰਚਾ 12 ਸਤੰਬਰ ਨੂੰ ਕੀਤੀ ਜਾ ਰਹੀ ਹੈ। ਇਸ ਸੰਬੰਧੀ ਸੰਵਾਦ ਵੱਲੋਂ ਇਸ਼ਤਿਹਾਰ ਜਾਰੀ ਕਰ ਦਿੱਤਾ ਗਿਆ ਹੈ। ਇਸ਼ਤਿਹਾਰ ਮੁਤਾਬਿਕ ਅਗਲੀ ਵਿਚਾਰ ਚਰਚਾ ‘ਜਥੇਬੰਦ ਹੋਣ ਦੀ ਪੰਥਕ ਜੁਗਤ’ ਵਿਸ਼ੇ ਉੱਤੇ ਹੋਵੇਗੀ।

ਜਿਕਰਯੋਗ ਹੈ ਕਿ ਸੰਵਾਦ ਵੱਲੋਂ ਇਸ ਖਰੜੇ ਸੰਬੰਧੀ ਇਹ ਚੌਥੀ ਵਿਚਾਰ ਚਰਚਾ ਕਰਵਾਈ ਜਾ ਰਹੀ ਹੈ। ਇਸ ਤੋਂ ਪਹਿਲਾਂ ‘ਬਿਪਰ ਸੰਸਕਾਰ’, ‘ਸੈਕੁਲਰ ਪੱਛਮੀ ਫਲਸਫਾ’ ਅਤੇ ‘ਖਾਲਸਾ ਜੀ ਕੇ ਬੋਲ-ਬਾਲੇ’ ਵਿਸ਼ੇ ਉੱਤੇ ਵਿਚਾਰ ਚਰਚਾ ਕਰਵਾਈ ਜਾ ਚੁੱਕੀ ਹੈ।

12 ਸਤੰਬਰ ਨੂੰ ਹੋਣ ਜਾ ਰਹੀ ਇਸ ਵਿਚਾਰ ਚਰਚਾ ਵਿੱਚ ਡਾ. ਗੁਰਪ੍ਰੀਤ ਸਿੰਘ ਮੀਕੇ ਅਤੇ ਭਾਈ ਮਨਧੀਰ ਸਿੰਘ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ ਅਤੇ ਦਰਸ਼ਕਾਂ ਵੱਲੋਂ ਆਏ ਸਵਾਲਾਂ ਨੂੰ ਵੀ ਸੰਬੋਧਨ ਹੋਣਗੇ। ਇਹ ਵਿਚਾਰ ਚਰਚਾ ਦਾ ਸਿੱਧਾ ਪ੍ਰਸਾਰਣ ਸੰਵਾਦ ਦੇ ਯੂ-ਟੀਊਬ, ਟਵਿੱਟਰ ਅਤੇ ਫੇਸਬੁੱਕ ਪੰਨੇ ਉੱਤੇ ਵੀ ਹੋਵੇਗਾ।

ਇਹ ਵਿਚਾਰ ਚਰਚਾ ਸ਼ਾਮ 8 ਵਜੇ (ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਮੇਂ ਮੁਤਾਬਿਕ) ਜ਼ੂਮ (Meeting 94 - 872 7798 1289) ਰਾਹੀਂ ਹੋਵੇਗੀ। ਸੰਵਾਦ ਵੱਲੋਂ ਇਸ ਵਿਚਾਰ ਚਰਚਾ ਵਿੱਚ ਸਭ ਨੂੰ ਸੱਦਾ ਦਿੱਤਾ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕੈਨੇਡਾ-ਅਮਰੀਕਾ 'ਚ ਮਨੁੱਖੀ ਹੱਕਾਂ ਲਈ ਭਾਈ ਖਾਲੜਾ ਦੀ ਅਲੰਬਰਦਾਰੀ ਨੂੰ ਮਿਲੀ ਮਾਨਤਾ

**ਵੈਨਕੂਵਰ /ਏ.ਟੀ.ਨਿਊਜ਼:** ਪੰਜਾਬ ਵਿਚ 20 ਵੀਂ ਸਦੀ ਦੇ ਆਖਰੀ ਦਹਾਕਿਆਂ 'ਚ ਚੱਲੇ ਹੱਕੀ ਸੰਘਰਸ਼ ਨੂੰ ਦਬਾਉਣ ਲਈ ਭਾਰਤੀ ਰਾਜ ਵੱਲੋਂ ਕੀਤੇ ਗਏ ਮਨੁੱਖੀ ਹੱਕਾਂ ਦੇ ਘਾਣ ਖਿਲਾਫ ਅਵਾਜ਼ ਚੁੱਕਦਿਆਂ ਸਰਕਾਰੀ ਜ਼ਬਰ ਨੂੰ ਦੁਨੀਆ ਸਾਹਮਣੇ ਨੰਗਾ ਕਰਨ ਵਾਲੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ 25ਵੇਂ ਸ਼ਹੀਦੀ ਦਿਹਾੜੇ ਮੌਕੇ ਕੈਨੇਡਾ ਅਤੇ ਅਮਰੀਕਾ ਦੀਆਂ 14 ਮਿਉਂਸਿਪੈਲਟੀਆਂ ਨੇ ਹਰ ਸਾਲ 6 ਸਤੰਬਰ ਦਾ ਦਿਨ ਉਨਾਂ ਦੀ ਯਾਦ ਨੂੰ ਸਮਰਪਿਤ ਕੀਤਾ ਹੈ।

ਪੰਜਾਬੀ ਭਾਈਚਾਰੇ ਵੱਲੋਂ ਕਈ ਥਾਈਂ ਸ਼ਹੀਦ ਭਾਈ ਖਾਲੜਾ ਦੀ ਯਾਦ ਵਿਚ ਸ਼ਹੀਦੀ ਸਮਾਗਮ ਕੀਤੇ ਗਏ। ਬੁਲਾਰਿਆਂ ਨੇ ਦੱਸਿਆ



ਕਿ ਜਸਵੰਤ ਸਿੰਘ ਖਾਲੜਾ ਨੇ ਮਨੁੱਖੀ ਹੱਕਾਂ ਦੀ ਲੜਾਈ ਆਪਣੀ ਜਾਨ ਦਾਅ 'ਤੇ ਰੱਖ ਕੇ ਜਾਰੀ ਰੱਖੀ ਸੀ ਅਤੇ ਉਨਾਂ ਕੈਨੇਡਾ ਸਰਕਾਰ ਦੀ ਪਰਿਵਾਰ ਸਮੇਤ ਸ਼ਰਨ ਦੇਣ ਦੀ ਪੇਸ਼ਕਸ਼ ਠੁਕਰਾ ਦਿੱਤੀ ਸੀ। ਬਾਅਦ 'ਚ ਜਦੋਂ ਉਹ ਪੰਜਾਬ ਗਏ ਤਾਂ ਪੁਲੀਸ ਨੇ ਉਨਾਂ ਨੂੰ ਤਸੀਹੇ ਦੇ ਕੇ ਖਪਾ ਦਿੱਤਾ ਸੀ।

ਅਮਰੀਕੀ ਸ਼ਹਿਰ ਫ਼ਰੈਜ਼ਨੋ ਵਿਚ ਇਕ ਪਾਰਕ ਦਾ ਨਾਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਪਾਰਕ ਰੱਖਿਆ ਗਿਆ ਹੈ।

ਕੈਨੇਡਾ ਦੇ ਸ਼ਹਿਰਾਂ ਬਰਨਬੀ, ਸਰੀ, ਨਿਊ ਵੈਸਟ, ਵਿਕਟੋਰੀਆ, ਵੈਨਕੂਵਰ ਅਤੇ ਰਿਜਾਈਨਾਂ ਆਦਿ ਕਰੀਬ 14 ਪ੍ਰਮੁੱਖ ਸ਼ਹਿਰਾਂ ਦੀਆਂ ਮਿਉਂਸਿਪੈਲਟੀਆਂ ਨੇ ਹਰ ਸਾਲ 6 ਸਤੰਬਰ ਦਾ ਦਿਨ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਕਰਨ ਬਾਰੇ ਮਤੇ ਪਾਸ ਕੀਤੇ ਹਨ।

ਫ਼ਰੈਜ਼ਨੋ ਦੇ ਮੇਅਰ ਲੀ ਬਰੈਂਡ ਵੀ ਇਸ ਲਹਿਰ ਵਿਚ ਸ਼ਾਮਲ ਹੋਏ ਤੇ ਉਨਾਂ ਮਿਉਂਸਿਪੈਲਟੀ ਵੱਲੋਂ ਭਾਈ ਖਾਲੜਾ ਦੇ ਹੌਸਲੇ ਦੀ ਤਾਰੀਫ ਕਰਦਿਆਂ ਹਰ ਸਾਲ ਇਹ ਦਿਨ ਉਨਾਂ ਨੂੰ ਸਮਰਿਪਤ ਕਰਨ ਬਾਰੇ ਪੱਤਰ ਜਾਰੀ ਕੀਤਾ।

# ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਨੇ ਰਾਗੀ ਸਿੰਘਾਂ ਤੇ ਹੈੱਡ ਗ੍ਰੰਥੀ ਵਿਚਾਲੇ ਮੱਤਭੇਦ ਖ਼ਤਮ ਕਰਾਏ



**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਰਾਗੀ ਸਿੰਘਾਂ ਨਾਲ ਗੱਲਬਾਤ ਮਗਰੋਂ ਦੋਵਾਂ ਧਿਰਾਂ ਵਿਚਾਲੇ ਚਲ ਰਹੇ ਮਤਭੇਦ ਖ਼ਤਮ ਕਰਾ ਦਿੱਤੇ ਹਨ। ਲੌਂਗੋਵਾਲ ਨੇ ਦਰਸ਼ਨੀ ਡਿਉਢੀ ਵਿਚ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਦੇ ਦਫ਼ਤਰ ਵਿਚ ਉਨਾਂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨਾਂ ਨੇ ਰਾਗੀ ਸਿੰਘਾਂ ਦੇ ਵਿਵਾਦ ਬਾਰੇ ਵਿਚਾਰ ਚਰਚਾ ਕੀਤੀ। ਉਪਰੰਤ ਰਾਗੀ ਸਿੰਘਾਂ ਦੀ ਜਥੇਬੰਦੀ ਦੇ ਪ੍ਰਧਾਨ ਭਾਈ ਉਂਕਾਰ ਸਿੰਘ, ਭਾਈ ਸ਼ੌਕੀਨ ਸਿੰਘ, ਭਾਈ ਸਤਨਾਮ ਸਿੰਘ ਤੇ ਹੋਰ ਸ਼ਾਮਲ ਸਨ, ਵਲੋਂ ਵੀ ਆਪਣੇ ਮਸਲੇ ਉਨਾਂ ਨੂੰ ਦੱਸੇ ਗਏ ਹਨ। ਦੋਵਾਂ ਧਿਰਾਂ ਨਾਲ ਗੱਲਬਾਤ ਤੋਂ ਬਾਅਦ ਲੌਂਗੋਵਾਲ ਨੇ ਦਾਅਵਾ ਕੀਤਾ ਕਿ ਦੋਵਾਂ ਵਿਚਾਲੇ ਪੈਦਾ ਹੋਏ ਮਤਭੇਦ ਅਤੇ ਵਿਵਾਦ ਖ਼ਤਮ ਹੋ ਗਏ ਹਨ। ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਰਾਗੀ ਸਿੰਘਾਂ ਨੂੰ ਗਲਵਕੜੀ ਵਿਚ ਲੈ ਕੇ ਆਪਣੇ ਬੱਚੇ ਮੰਨਿਆ। ਇਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਰਾਗੀ ਸਿੰਘਾਂ ਅਤੇ ਹੈੱਡ ਗ੍ਰੰਥੀ ਸਣੇ ਸਾਰਿਆਂ ਨੂੰ ਸਿਰੋਪੇ ਵੀ ਦਿੱਤੇ ਗਏ।

# ਪੁਲਿਸ ਮੁਕਾਬਲੇ ਵਿਚ ਮਾਰੇ ਗਏ ਡੈਨੀਅਲ ਪਰੂਡ ਮਾਮਲੇ ਦੀ ਜਾਂਚ 'ਗਰੈਂਡ ਜਿਊਰੀ' ਕਰੇਗੀ-ਅਟਾਰਨੀ ਜਨਰਲ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਨਿਊਯਾਰਕ ਦੇ ਅਟਾਰਨੀ ਜਨਰਲ ਲੈਟੀਟੀਆ ਜੇਮਜ ਨੇ ਐਲਾਨ ਕੀਤਾ ਹੈ ਕਿ ਡੈਨੀਅਲ ਪਰੂਡ ਦੀ ਪੁਲਿਸ ਨਾਲ ਝੜਪ ਵਿਚ ਹੋਈ ਮੌਤ ਦੀ ਜਾਂਚ ਲਈ 'ਗਰੈਂਡ ਜਿਊਰੀ' ਦਾ ਗਠਨ ਕੀਤਾ ਜਾਵੇਗਾ। ਡੈਨੀਅਲ ਮਾਰਚ ਵਿਚ ਰੋਚੈਸਟਰ, ਨਿਊਯਾਰਕ ਵਿਚ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ ਸੀ। ਪਰੰਤੂ ਘਟਨਾ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪਿਛਲੇ ਹਫ਼ਤੇ ਦੇ ਸ਼ੁਰੂ ਵਿਚ ਲੋਕਾਂ ਨੇ ਪ੍ਰਦਰਸ਼ਨ ਕੀਤੇ ਸਨ ਤੇ ਨਿਆਂ ਦੀ ਮੰਗ ਕੀਤੀ ਸੀ। ਵੀਡੀਓ ਵਿਚ ਪੁਲਿਸ ਅਧਿਕਾਰੀਆਂ ਨੇ ਡੈਨੀਅਲ ਨੂੰ ਜ਼ਮੀਨ ਉਪਰ ਸੁੱਟਿਆ ਹੋਇਆ ਹੈ ਤੇ ਉਸ ਦੇ ਹੱਥ ਪਿੱਛੇ ਬੰਨੇ ਹੋਏ ਹਨ। ਇਕ ਪੁਲਿਸ ਅਧਿਕਾਰੀ ਉਸ ਦੇ ਸਿਰ ਉਪਰ ਇਕ ਥੈਲੀ ਪਾ ਦਿੰਦਾ ਹੈ ਜੋ ਗਰਦਨ ਤੱਕ ਉਸ ਦੇ ਮੂੰਹ ਨੂੰ ਢਕ ਲੈਂਦੀ ਹੈ। ਜਦੋਂ ਉਹ ਰੌਲਾ ਪਾਉਂਦਾ ਹੈ ਤਾਂ ਪੁਲਿਸ ਅਧਿਕਾਰੀ ਉਸ ਨੂੰ ਨੱਪ ਲੈਂਦੇ ਹਨ। ਪਰੂਡ ਨੇ ਕੁਝ ਚਿਰ ਬਾਅਦ ਸਾਹ ਲੈਣਾ ਬੰਦ ਕਰ ਦਿੱਤਾ ਸੀ। ਹਸਪਤਾਲ ਵਿਚ ਡਾਕਟਰਾਂ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਉਸ ਦਾ ਦਿਮਾਗ ਮਰ ਚੁੱਕਾ ਹੈ। ਇਕ ਹਫ਼ਤੇ ਬਾਅਦ ਡੈਨੀਅਲ ਦਮ ਤੋੜ ਗਿਆ ਸੀ।

ਅਟਾਰਨੀ ਜਨਰਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਰੂਡ ਪਰਿਵਾਰ ਤੇ ਰੋਚੈਸਟਰ ਸਮਾਜ ਵਿਚ ਦੁੱਖ ਤੇ ਗੁੱਸਾ ਪਾਇਆ ਜਾ ਰਿਹਾ ਹੈ। ਇਸ ਲਈ ਮੇਰੇ ਦਫਤਰ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਲਈ ਤੁਰੰਤ ਕਦਮ ਚੁੱਕੇ ਗਏ ਹਨ।

# ਫਲੋਰੀਡਾ ਵਿਚ ਕਈ ਘੰਟੇ ਕਾਰ 'ਚ ਬੰਦ ਰਹਿਣ ਕਾਰਨ ਦਮ ਤੋੜ ਗਈ ਨਵ ਜੰਮੀ ਬੱਚੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਫਲੋਰੀਡਾ ਵਿਚ ਇਕ ਨਵ ਜੰਮੀ ਬੱਚੀ ਕਈ ਘੰਟੇ ਕਾਰ ਵਿਚ ਬੰਦ ਰਹਿਣ ਉਪਰੰਤ ਗਰਮੀ ਨਾ ਸਹਾਰਦੀ ਹੋਈ ਆਖਿਰ ਦਮ ਤੋੜ ਗਈ। ਕੌਮੀ ਰਿਕਾਰਡ ਅਨੁਸਾਰ ਇਸ ਤਰਾਂ ਮਰਨ ਵਾਲਾ ਇਹ 21ਵਾਂ ਬੱਚਾ ਹੈ। ਕਿਡਜ਼ ਐਂਡ ਕਾਰਜ ਆਰਗੇਨਾਈਜੇਸ਼ਨ ਅਨੁਸਾਰ ਫਲੋਰੀਡਾ ਵਿਚ ਗਰਮੀ ਨਾਲ ਦਮ ਘੁੱਟਣ ਨਾਲ ਮਰਨ ਵਾਲੀ ਇਹ ਦੂਸਰੀ ਨਵ ਜੰਮੀ ਬੱਚੀ ਹੈ। ਬੇਅ ਕਾਊਂਟੀ ਦੇ ਪੁਲਿਸ ਵਿਭਾਗ ਨੂੰ ਸੂਚਨਾ ਮਿਲਣ 'ਤੇ ਤੁਰੰਤ ਪੁਲਿਸ ਅਧਿਕਾਰੀ ਮੌਕੇ ਉਪਰ ਪੁੱਜੇ। ਉਨਾਂ ਨੇ ਬੱਚੀ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਸਭ ਅਸਫਲ ਰਹੀਆਂ। ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵਿਭਾਗ ਵੱਲੋਂ ਚਸ਼ਮਦੀਦ ਗਵਾਹਾਂ ਦੀ ਮਦਦ ਨਾਲ ਬੱਚੀ ਨੂੰ ਇਸ ਹਾਲਤ ਵਿਚ ਛੱਡਣ ਵਾਲਿਆਂ ਦੀ ਭਾਲ ਕੀਤੀ ਜਾ ਰਹੀ ਹੈ।



# ਇੰਗਲੈਂਡ 'ਚ ਸਿੱਖ ਫ਼ੌਜੀਆਂ ਦੀ ਚੜ੍ਹਦੀ ਕਲਾ; ਸੁਰੱਖਿਆ ਦੇ ਨਾਲ ਕਰ ਰਹੇ ਹਨ ਕੀਰਤਨ

## ਵਿਸ਼ਵ ਯੁੱਧ ਦੌਰਾਨ ਫਰਾਂਸ ਦੀਆਂ ਖਾਈਆਂ ਵਿਚ ਸਿੱਖਾਂ ਦੇ ਕੀਰਤਨ ਕਰਨ ਤੋਂ ਪ੍ਰਭਾਵਿਤ ਸਿਖ ਫ਼ੌਜੀ

**ਲੰਡਨ/ਏ.ਟੀ.ਨਿਊਜ਼:** ਤੁਸੀਂ ਫ਼ੌਜ ਨੂੰ ਖ਼ਤਰਨਾਕ ਹਥਿਆਰਾਂ ਨਾਲ ਲੈਸ ਤਾਂ ਬਹੁਤ ਵਾਰੀ ਦੇਖਿਆ ਹੋਵੇਗਾ ਪਰ ਕੀ ਤੁਸੀਂ ਕਦੇ ਫ਼ੌਜੀਆਂ ਨੂੰ ਕੀਰਤਨ ਕਰਦੇ ਹੋਏ ਦੇਖਿਆ ਹੈ। ਜੇਕਰ ਨਹੀਂ ਤਾਂ ਅੱਜ ਅਸੀਂ ਤੁਹਾਨੂੰ ਕੁਝ ਅਜਿਹਾ ਹੀ ਦਿਖਾਉਣ ਜਾ ਰਹੇ ਹਾਂ। ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਇੰਗਲੈਂਡ ਦੀ ਫ਼ੌਜ ਦਾ ਉਹ ਨਜ਼ਾਰਾ ਜੋ ਦੁਨੀਆ ਭਰ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਨੂੰ ਦਰਸਾਉਂਦਾ ਹੈ।

ਇਹ ਯੂਨਾਈਟਿਡ ਕਿੰਗਡਮ ਦੀ ਫ਼ੌਜ ਦਾ ਸਿੱਖ ਰੱਖਿਆ ਕੀਰਤਨ ਜਥਾ ਹੈ, ਜਿਸ ਵਿਚ ਸਿੱਖ ਮਰਦ ਅਤੇ ਬੀਬੀਆਂ ਆਪਣੇ ਫ਼ੌਜੀ ਕਰਤੱਬਾਂ ਦੇ ਨਾਲ-ਨਾਲ ਸਿੱਖੀ ਪ੍ਰਤੀ ਵੀ ਪੂਰੀ ਤਰਾਂ ਪ੍ਰਤੀਬੱਧ ਹਨ। ਇਹ ਸਿੱਖ ਰੱਖਿਆ ਜਥਾ ਆਪਣੀ ਫ਼ੌਜੀ ਡਿਊਟੀ ਦੇ ਨਾਲ-ਨਾਲ ਫ਼ੌਜੀਆਂ ਨੂੰ ਗੁਰਬਾਣੀ ਕੀਰਤਨ ਨਾਲ ਵੀ ਨਿਹਾਲ ਕਰਦਾ ਹੈ।

ਇਨਾਂ ਸਿੱਖ ਫ਼ੌਜੀਆਂ ਦਾ ਕਹਿਣਾ ਹੈ ਕਿ ਯੂਨਾਈਟਿਡ ਸਟੇਟਸ ਮਿਲਟਰੀ ਯੂਨਾਈਟਿਡ ਕਿੰਗਡਮ ਮਿਲਟਰੀ ਤੋਂ ਕਾਫ਼ੀ ਕੁੱਝ ਸਿੱਖਦੀ ਹੈ। ਉਨਾਂ ਨੇ ਦੱਸਿਆ ਕਿ ਸਾਨੂੰ ਆਸ ਹੈ ਕਿ ਸੰਯੁਕਤ ਰਾਜ ਅਮਰੀਕਾ ਦੀ ਫ਼ੌਜ ਤੁਰੰਤ ਅਮਰੀਕੀ ਸਿੱਖ ਫ਼ੌਜੀਆਂ ਨੂੰ ਵੀ ਆਪਣੇ ਧਾਰਮਿਕ ਰੀਤੀ ਰਿਵਾਜ਼ਾਂ ਦੀ ਮਨਜ਼ੂਰੀ ਅਤੇ ਸਿੱਖਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਆਪਣੀ ਪਛਾਣ ਬਣਾਈ ਰੱਖਣ ਦੀ ਇਜਾਜ਼ਤ ਦੇਵੇਗੀ।




ਯੂਕੇ ਦੇ ਇਨਾਂ ਸਿੱਖ ਫ਼ੌਜੀਆਂ ਨੇ ਕਿਹਾ ਕਿ ਸਾਡਾ ਡਿਫੈਂਸ ਕੀਰਤਨ ਜਥਾ ਹੈ ਜੋ ਸਿੱਖ ਨੈੱਟਵਰਕ ਦਾ ਹਿੱਸਾ ਹੈ। ਅਸੀਂ ਸਾਰੇ ਯੂਕੇ ਡਿਫੈਂਸ ਦਾ ਹਿੱਸਾ ਹਾਂ। ਕੀਰਤਨ ਸਾਡੀ ਭਾਵਨਾ ਹੈ ਜੋ ਸਿੱਖ ਧਰਮ ਦਾ ਸੰਗੀਤ ਹੈ। ਅਸੀਂ ਰੱਖਿਆ ਖੇਤਰ ਵਿਚ ਸਿੱਖਾਂ ਨੂੰ ਅੱਗੇ ਆਉਣ ਲਈ ਉਤਸ਼ਾਹਿਤ ਕਰਦੇ ਹਾਂ, ਕੀਰਤਨ ਸਿੱਖਦੇ ਹਾਂ ਅਤੇ ਸਰਗਰਮ ਰੂਪ ਨਾਲ ਪ੍ਰਦਰਸ਼ਨ ਕਰਦੇ ਹਾਂ।

ਉਹਨਾਂ ਕਿਹਾ ਕਿ ਅਸੀਂ ਪਹਿਲੇ ਵਿਸ਼ਵ ਯੁੱਧ ਦੌਰਾਨ ਫਰਾਂਸ ਦੀਆਂ ਖਾਈਆਂ ਵਿਚ ਸਿੱਖਾਂ ਦੇ ਕੀਰਤਨ ਕਰਨ ਦੇ ਅਕਸ ਤੋਂ ਪ੍ਰਭਾਵਿਤ ਹਾਂ। ਸਾਨੂੰ ਆਸ ਹੈ ਕਿ ਅਸੀਂ ਉਸ ਵਿਰਾਸਤ ਅਤੇ ਪਰੰਪਰਾ ਨੂੰ ਵਰਤਮਾਨ ਸਮੇਂ ਵਿਚ ਅੱਗੇ ਲਿਜਾ ਸਕਦੇ ਹਾਂ। ਇੱਥੇ ਦੱਸ ਦਈਏ ਕਿ ਬ੍ਰਿਟਿਸ਼ ਫ਼ੌਜ ਵਿਚ ਬਹੁਤ ਸਾਰੇ ਸਿੱਖ ਆਪਣੀਆਂ ਸੇਵਾਵਾਂ ਦੇ ਰਹੇ ਹਨ ਅਤੇ ਉਨਾਂ ਨੂੰ ਉਥੇ ਆਪਣੇ ਧਰਮ ਨੂੰ ਮੰਨਣ ਦੀ ਪੂਰੀ ਆਜ਼ਾਦੀ ਹੈ।

# ਉਮੀਦਵਾਰ

ਮਿੰਨੀ ਕਹਾਣੀ

ਦਿੱਲੀ ਵਿੱਚ ਸਫ਼ਾਈ ਕਰਮਚਾਰੀ ਘਰ-ਘਰ ਤੋਂ ਕੂੜਾ ਲੈ ਕੇ ਜਾਂਦੇ ਸਨ। ਕਈ ਵਾਰੀ ਤਾਂ ਇਹ ਇੱਕ ਮੁਹੱਲਾ ਖ਼ਰੀਦ ਲੈਂਦੇ ਅਤੇ ਫਿਰ ਵੇਚ ਵੀ ਦਿੰਦੇ ਸਨ। ਸਮੇਂ ਦੇ ਨਾਲ-ਨਾਲ ਇਨਾਂ ਨੇ ਅੱਗੋਂ ਨੌਕਰ ਰੱਖਣੇ ਸ਼ੁਰੂ ਕਰ ਦਿੱਤੇ। ਦਿੱਲੀ ਵਿੱਚ ਦੇਸ਼ ਦੇ ਸਾਰੇ ਸ਼ਹਿਰਾਂ ਅਤੇ ਸੂਬਿਆਂ ਤੋਂ ਲੋਕ ਆ ਕੇ ਵਸੇ ਹੋਏ ਹਨ ਤੇ ਹਰ ਕਿਸਮ ਦਾ ਕੰਮ ਕਰ ਲੈਂਦੇ ਹਨ। ਇਨਾਂ ਵਿੱਚੋਂ ਕਈ ਪਰਿਵਾਰਾਂ ਦੀ ਰੋਜ਼ੀ ਰੋਟੀ ਕੂੜੇ 'ਤੇ ਹੀ ਨਿਰਭਰ ਕਰਦੀ ਹੈ। ਉਹ ਆਪਣੇ ਨਾਲ ਬੱਚਿਆਂ ਨੂੰ ਵੀ ਕੂੜਾ ਚੁੱਕਣ ਲਈ ਲੈ ਜਾਂਦੇ ਹਨ, ਪਰ ਬਚਪਨ ਨੂੰ ਤਾਂ ਪੇਟ ਤੇ ਖੇਡ ਹੀ ਪਿਆਰੀ ਹੁੰਦੀ ਹੈ। ਇਸੇ ਤਰਾਂ ਸਾਡੇ ਘਰ ਵੀ ਇੱਕ ਮਾਂ ਤੇ ਉਸ ਦਾ ਛੇ ਕੁ ਸਾਲ ਦਾ ਪੁੱਤਰ ਕੂੜਾ ਚੁੱਕਣ ਆਉਣ ਲੱਗੇ। ਕੁਝ ਦਿਨ ਤਾਂ ਮਾਂ ਨਾਲ ਆਉਂਦੀ ਰਹੀ। ਫਿਰ ਆਉਣਾ ਬੰਦ ਕਰ ਦਿੱਤਾ। ਉਸ ਦਾ ਪੁੱਤਰ ਹੀ ਆਪਣੇ ਤੋਂ ਦੁੱਗਣੇ ਭਾਰ ਦੀ ਬਦਬੂ ਨਾਲ ਭਰੀ ਕੂੜੇ ਦੀ ਬੋਰੀ ਚੁੱਕੀ ਆਉਂਦਾ। ਉਸ ਦੇ ਆਉਂਦੇ ਹੀ ਬਦਬੂ ਦਾ ਝੋਂਕਾ ਵੀ ਆਉਂਦਾ ਜਿਸ ਨਾਲ ਪ੍ਰੇਸ਼ਾਨੀ ਵੀ ਹੁੰਦੀ। ਪਰ ਉਹ ਬਾਲਕ ਬੜਾ ਖ਼ੁਸ਼, ਇਹ ਬੋਲਦਾ ਸੁਣਾਈ ਦਿੰਦਾ, "ਸੋਲਜਰ ਸੋਲਜਰ ਮੀਠੀ ਬਾਤੇਂ ਬੋਲ ਕਰ।" ਸਾਡੇ ਘਰ ਸਾਰੇ ਉਸ ਨੂੰ ਸੋਲਜਰ ਹੀ ਕਹਿਣ ਲੱਗ ਪਏ। ਉਸ ਦੀ ਇੱਕੋ ਮੰਗ ਹੁੰਦੀ ਕਿ ਬੜੀ ਭੁੱਖ ਲਗੀ ਹੈ, ਕੁਝ ਖਾਣ ਲਈ ਦੇ ਦੇਵੋ। ਕੂੜੇ ਦੀ ਬੋਰੀ ਤੋਂ ਛੋਟਾ, ਗੰਦ ਨਾਲ ਲਿੱਬੜਿਆ, ਅੱਧਾ ਨੰਗਾ, ਬਦਬੂ ਨਾਲ ਭਰਿਆ ਉਹ ਬੱਚਾ ਕੂੜਾ ਤੇ ਖਾਣ ਦਾ ਸਾਮਾਨ ਲੈ ਕੇ ਚਲਾ ਜਾਂਦਾ।

ਅਸੀਂ ਦਰਵਾਜ਼ਾ ਬੰਦ ਕਰ ਲੈਂਦੇ। ਮੈਂ ਉਸ ਦੀ ਮਾਂ ਨੂੰ ਬਹੁਤ ਵਾਰੀ ਕਿਹਾ ਕਿ ਬੱਚੇ ਨੂੰ ਕੂੜੇ ਵਿੱਚ ਨਾ ਰੱਖਿਆ ਕਰੇ, ਪਰ ਉਹ ਪੇਟ ਦੀ ਮਜਬੂਰੀ ਦੀ ਗੱਲ ਆਖ ਕੇ ਪੱਲਾ ਝਾੜ ਲੈਂਦੀ। ਫਿਰ ਮਾਂ ਨੇ ਆਉਣਾ ਬੰਦ ਕਰ ਦਿੱਤਾ। ਬੱਚਾ ਆਪ ਹੀ ਬਦਬੂ ਨਾਲ ਭਰਿਆ ਕੂੜੇ ਦੀ ਬੋਰੀ ਚੁੱਕੀ ਆਉਂਦਾ ਬੜਾ ਹੀ ਖ਼ੁਸ਼ ਲੱਗਦਾ ਸੀ। ਫਿਰ ਚਾਰ ਕੁ ਮਹੀਨਿਆਂ ਬਾਅਦ ਉਹ ਕਈ ਦਿਨ ਨਾ ਆਇਆ। ਆਈ ਤਾਂ ਉਸ ਦੀ ਮਾਂ! ਮਾਂ ਤੋਂ ਪੁੱਛਿਆ, "ਤੇਰਾ ਬੇਟਾ ਕਿਉਂ ਨਹੀਂ ਆਉਂਦਾ?" ਜੁਆਬ ਮਿਲਿਆ, "ਉਹ ਤਾਂ ਮਰ ਗਿਆ। ਉਸ ਦਾ ਜਿਗਰ ਖ਼ਰਾਬ ਹੋ ਗਿਆ ਸੀ।" ਫਿਰ ਕੁਝ ਹੱਸ ਕੇ ਤੇ ਸ਼ਰਮਾ ਕੇ ਦੱਸਿਆ ਕਿ ਉਸ ਦੇ ਘਰ ਬੇਟਾ ਪੈਦਾ ਹੋਇਆ ਹੈ।

'ਕੂੜੇ ਦੀ ਬੋਰੀ ਦਾ ਇੱਕ ਮਾਲਕ ਛੇ ਸਾਲ ਵਿੱਚ ਮਰ ਗਿਆ ਤੇ ਦੂਜਾ ਉਮੀਦਵਾਰ ਪੈਦਾ ਹੋ ਗਿਆ। ਜ਼ਿੰਦਗੀ ਵਿੱਚ ਇਸ ਤੋਂ ਕੋਝਾ ਮਜ਼ਾਕ ਕੀ ਹੋ ਸਕਦਾ ਹੈ?' ਇਹ ਸੋਚਦਿਆਂ ਮੈਂ ਦਰਵਾਜ਼ਾ ਬੰਦ ਕਰ ਦਿੱਤਾ।

- ਨਿਰੰਜਨਾ

# ਅਮਰੀਕਾ ਵਿਚ ਮਨੁੱਖੀ ਹੱਕਾਂ ਦੀ ਉਲੰਘਣਾ, ਪ੍ਰਵਾਸੀਆਂ ਦੇ ਸੈਂਕੜੇ ਬੱਚੇ ਹੋਟਲਾਂ ਵਿਚ ਬੰਦ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਪ੍ਰਵਾਸੀਆਂ ਦੇ ਸੈਂਕੜੇ ਬੱਚੇ ਸਰਕਾਰੀ ਠੇਕੇਦਾਰਾਂ ਦੀ ਨਿਗਰਾਨੀ ਹੇਠ ਹੋਟਲਾਂ ਵਿਚ ਬੰਦ ਹਨ। ਇਮੀਗਰੈਂਟ ਐਂਡ ਸਿਵਲ ਰਾਈਟਸ ਗਰੁੱਪਾਂ ਨੇ ਅਮਰੀਕੀ ਸਰਕਾਰ ਉਪਰ ਦੋਸ਼ ਲਾਇਆ ਹੈ ਕਿ ਉਸ ਨੇ ਕੋਰੋਨਾ ਮਹਾਮਾਰੀ ਦੀ ਆੜ ਵਿਚ ਇਕ ਵੱਖਰਾ ਹੀ ਇਮੀਗ੍ਰੇਸ਼ਨ ਸਿਸਟਮ ਕਾਇਮ ਕਰ ਲਿਆ ਹੈ ਜਿਸ ਤਹਿਤ ਅਧਿਕਾਰੀ ਲਾਚਾਰ ਬੱਚਿਆਂ ਦੀ ਸਾਂਭ ਸੰਭਾਲ ਤੋਂ ਇਨਕਾਰ ਕਰ ਰਹੇ ਹਨ ਜਿਸ ਦੇ ਕਿ ਉਹ ਹੱਕਦਾਰ ਹਨ। ਸਰਕਾਰ ਇਨਾਂ ਬੱਚਿਆਂ ਨੂੰ ਦੇਸ਼ ਤੋਂ ਕੱਢ ਦੇਣ ਲਈ ਕਾਹਲੀ ਹੈ।

ਟੈਕਸਸ ਸਿਵਲ ਰਾਈਟਸ ਪ੍ਰਾਜੈਕਟ ਦੇ ਸੀਨੀਅਰ ਵਕੀਲ ਕਾਰਲਾ ਮੈਰੀਸੋਲ ਵਰਗਾਸ ਨੇ ਕਿਹਾ ਹੈ ਕਿ "ਇਹ ਬੱਚੇ ਅਜਿਹੀਆਂ ਥਾਵਾਂ 'ਤੇ ਬੰਦ ਹਨ ਜਿਥੇ ਉਨਾਂ ਨੂੰ ਬਾਹਰ ਦੀ ਕੋਈ ਖਬਰ ਨਹੀਂ ਹੈ। ਉਹ ਵਿਸ਼ਵ ਤੋਂ ਬੇਖਬਰ ਹਨ ਤੇ ਨਾ ਹੀ ਉਹ ਇਮੀਗ੍ਰੇਸ਼ਨ ਸਿਸਟਮ ਦੀ ਮੱਦਦ ਲੈ ਸਕਦੇ ਹਨ।"

ਉਨਾਂ ਹੋਰ ਕਿਹਾ ਕਿ ਇਹ ਸਮੁੱਚੀ ਪ੍ਰਕ੍ਰਿਆ ਬਹੁਤ ਖਤਰਨਾਕ ਹੈ, ਇਹ ਬੱਚਿਆਂ ਲਈ ਮੌਜੂਦ ਸਾਂਭ



ਸੰਭਾਲ ਦੇ ਹਰ ਨਿਯਮ ਦੀ ਉਲੰਘਣਾ ਹੈ। ਇਕ ਰਿਪੋਰਟ ਅਨੁਸਾਰ ਇਮੀਗ੍ਰੇਸ਼ਨ ਤੇ ਕਸਟਮ ਇਨਫੋਰਸਮੈਂਟ ਨੇ ਇਸ ਸਬੰਧੀ ਕੋਈ ਵੀ ਟਿਪਣੀ ਕਰਨ ਤੋਂ ਇਨਕਾਰ ਦਿੱਤਾ ਹੈ ਪਰ ਅਧਿਕਾਰੀਆਂ ਨੇ ਅਦਾਲਤ ਵਿਚ ਦਾਇਰ ਜਵਾਬ ਵਿਚ ਇਸ ਕਾਰਵਾਈ ਨੂੰ ਜਾਇਜ਼ ਦੱਸਿਆ ਹੈ। ਇਸ ਰਿਪੋਰਟ ਅਨੁਸਾਰ ਕੋਰੋਨਾ ਮਹਾਮਾਰੀ ਦੌਰਾਨ ਬੱਚਿਆਂ ਨੂੰ ਹੋਟਲਾਂ ਵਿਚ ਰਖਣਾ ਆਮ ਵਰਤਾਰ ਬਣ ਗਿਆ ਹੈ। ਤਾਜਾ ਅੰਕੜਿਆਂ ਅਨੁਸਾਰ ਤਿੰਨ ਰਾਜਾਂ ਐਰੀਜ਼ੋਨਾ, ਟੈਕਸਸ ਤੇ ਲੁਇਸਿਆਨਾ ਦੇ 25 ਹੋਟਲਾਂ ਨੂੰ ਪ੍ਰਵਾਸੀਆਂ ਦੇ ਬੱਚੇ ਰਖਣ ਲਈ ਵਰਤਿਆ ਜਾ ਰਿਹਾ ਹੈ।



# ਦਿੱਲੀ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਸਿੰਘ ਮਜ਼ਦੂਰੀ ਕਰਕੇ ਕਰਦੇ ਸਨ ਘਰ ਦਾ ਗੁਜ਼ਾਰਾ



**ਰਾਏਕੋਟ/ਏ.ਟੀ.ਨਿਊਜ਼:** ਦੱਖਣੀ-ਪੱਛਮੀ ਦਿੱਲੀ 'ਚ ਦਿੱਲੀ ਪੁਲਿਸ ਵੱਲੋਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਸਬੰਧ ਦਸ ਕੇ ਗ੍ਰਿਫਤਾਰ ਕੀਤੇ ਗਏ ਦੋ ਸਿੱਖਾਂ ਭੁਪਿੰਦਰ ਸਿੰਘ ਉਰਫ ਦਿਲਾਵਰ ਸਿੰਘ ਤੇ ਕੁਲਵੰਤ ਸਿੰਘ ਬਾਰੇ ਪ੍ਰਾਪਤ ਜਾਣਕਾਰੀ ਮੁਤਾਬਕ ਇਹਨਾਂ ਦਾ ਸਬੰਧ ਰਾਏਕੋਟ ਦੇ ਪਿੰਡ ਤਾਜਪੁਰ ਤੇ ਬਿੰਜਲ ਨਾਲ ਹੈ। ਜਾਣਕਾਰੀ ਅਨੁਸਾਰ ਭੁਪਿੰਦਰ ਸਿੰਘ ਉਰਫ ਦਿਲਾਵਰ ਸਿੰਘ ਪੁੱਤਰ ਸੌਦਾਗਰ ਸਿੰਘ ਪਿੰਡ ਤਾਜਪੁਰ ਜਿਸ ਨੂੰ ਖਾੜਕੂ ਗਤੀਵਿਧੀਆਂ 'ਚ ਸ਼ਾਮਲ ਹੋਣ ਕਾਰਨ ਕਰੀਬ ਇਕ ਸਾਲ ਪਹਿਲਾਂ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਹੁਣ ਫਿਰ ਦਿੱਲੀ ਪੁਲਿਸ ਵੱਲੋਂ ਅਸਲੇ ਨਾਲ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਜਦੋਂ ਇਸ ਸਬੰਧੀ ਭੁਪਿੰਦਰ ਸਿੰਘ ਦੀ ਪਤਨੀ ਬਲਜਿੰਦਰ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨਾਂ ਦੱਸਿਆ ਕਿ ਉਸ ਦਾ ਪਤੀ ਅੱਜ-ਕੱਲ ਤਾਜਪੁਰ-ਰਾਏਕੋਟ ਰੋਡ 'ਤੇ ਗੰਨੇ ਦੇ ਜੂਸ ਦਾ ਕੰਮ ਕਰ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਿਹਾ ਸੀ, ਪਰ ਬਰਸਾਤੀ ਮੌਸਮ ਕਾਰਨ ਕੰਮ ਬੰਦ ਹੋਣ ਕਾਰਨ ਘਰ 'ਚ ਹੀ ਹੁੰਦਾ ਸੀ। ਬਲਜਿੰਦਰ ਕੌਰ ਨੇ ਦੱਸਿਆ ਕਿ 4 ਸਤੰਬਰ ਦਿਨ ਸ਼ੁੱਕਰਵਾਰ ਨੂੰ ਭੁਪਿੰਦਰ ਸਿੰਘ ਨੂੰ ਕੁਲਵੰਤ ਸਿੰਘ ਬਿੰਜਲ ਦਾ ਫੋਨ ਆਇਆ ਤਾਂ ਭੁਪਿੰਦਰ ਸਿੰਘ, ਕੁਲਵੰਤ ਸਿੰਘ ਨਾਲ ਦਿੱਲੀ ਜਾਣ ਲਈ ਕਹਿ ਕੇ ਘਰੋਂ ਚਲੇ ਗਿਆ। ਐਤਵਾਰ ਨੂੰ ਦਿੱਲੀ ਤੋਂ ਕਿਸੇ ਪੁਲਿਸ ਮੁਲਾਜ਼ਮ ਨੇ ਫੋਨ 'ਤੇ ਜਾਣਕਾਰੀ ਦਿੱਤੀ ਕਿ ਦਿੱਲੀ ਪੁਲਿਸ ਵੱਲੋਂ ਭੁਪਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬਲਜਿੰਦਰ ਕੌਰ ਨੇ ਕਿਹਾ ਕਿ ਉਸ ਦੇ ਪਤੀ ਨੂੰ ਨਾਜਾਇਜ਼ ਤੌਰ 'ਤੇ ਫਸਾਇਆ ਜਾ ਰਿਹਾ ਹੈ। ਉਧਰ ਜਦ ਪਿੰਡ ਬਿੰਜਲ ਵਿਖੇ ਕੁਲਵੰਤ ਸਿੰਘ ਦੀ ਪਤਨੀ ਅਮਨਦੀਪ ਕੌਰ ਨਾਲ ਗੱਲ ਕੀਤੀ ਤਾਂ ਉਨਾਂ ਦੱਸਿਆ ਕਿ ਉਨਾਂ ਦੇ ਪਰਿਵਾਰ 'ਚ ਸਿਮਰਨਪ੍ਰੀਤ ਕੌਰ, ਸੁਖਪ੍ਰੀਤ ਕੌਰ, ਅੰਮ੍ਰਿਤਪਾਲ ਸਿੰਘ ਤਿੰਨ ਬੱਚੇ ਹਨ ਤੇ ਆਪਣੇ ਪਰਿਵਾਰ ਦੇ ਗੁਜਾਰੇ ਲਈ ਉਸ ਦਾ ਪਤੀ ਰੰਗ-ਰੋਗਨ ਦਾ ਕੰਮ ਕਰਦਾ ਸੀ।

ਉਨਾਂ ਦੱਸਿਆ ਕਿ ਕੁਲਵੰਤ ਸਿੰਘ ਰੋਜ਼ਾਨਾ ਦੀ ਤਰਾਂ 4 ਸਤੰਬਰ ਨੂੰ ਵੀ ਸਵੇਰੇ ਕਰੀਬ 9 ਵਜੇ ਘਰੋਂ ਕੰਮ 'ਤੇ ਗਿਆ ਸੀ, ਪ੍ਰੰਤੂ ਉਸ ਸਮੇਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਜਦ ਉਸ ਨੂੰ ਖਬਰਾਂ ਤੋਂ ਪਤਾ ਲੱਗਿਆ ਉਸ ਦੇ ਪਤੀ ਨੂੰ ਦਿੱਲੀ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨਾਂ ਕਿਹਾ ਕਿ ਉਸ ਦਾ ਪਤੀ ਬੇਕਸੂਰ ਹੈ ਤੇ ਉਸ ਨੂੰ ਫਸਾਇਆ ਜਾ ਰਿਹਾ ਹੈ।

## ਪ੍ਰਵਾਸੀ ਮਜ਼ਦੂਰਾਂ ਨੇ ਮੁੜ ਪੰਜਾਬ ਵੱਲ ਕੀਤਾ ਰੁਖ

**ਰਾਜਪੁਰਾ/ਏ.ਟੀ.ਨਿਊਜ਼:** ਪੰਜਾਬ ਵਿਚ ਲੌਕ ਡਾਊਨ ਦੌਰਾਨ ਵੱਡੀ ਗਿਣਤੀ ਵਿਚ ਪ੍ਰਵਾਸੀ ਮਜਦੂਰ ਆਪਣੇ ਵਤਨ ਬੜੀ ਮੁਸ਼ਕਿਲ ਨਾਲ ਪੈਦਲ ਚਲ ਤੇ ਆਪਣੇ ਸੂਬਿਆਂ ਨੂੰ ਪਰਿਵਾਰਾਂ ਸਮੇਤ ਵਾਪਸ ਚਲੇ ਗਏ ਸਨ। ਪਰ ਹੁਣ ਮੁੜ ਤੋਂ ਇਨਾਂ ਨੇ ਪੰਜਾਬ ਵਲ ਰੁਖ ਕੀਤਾ ਹੈ। ਰੇਲਵੇ ਸਟੇਸ਼ਨਾਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਪ੍ਰਵਾਸੀ ਮਜ਼ਦੂਰ ਆ ਰਹੇ ਹਨ। ਇਹਨਾਂ ਪ੍ਰਵਾਸੀ ਮਜਦੂਰਾਂ ਨੂੰ ਰੋਜਗਾਰ ਨਹੀਂ ਮਿਲਿਆ ਹੈ। ਜਿਸ ਕਾਰਨ ਲੌਕ ਡਾਊਨ ਤੋਂ ਬਾਅਦ ਹੁਣ ਪ੍ਰਵਾਸੀਆਂ ਨੇ ਮੁੜ ਪੰਜਾਬ ਵੱਲ ਮੂੰਹ ਕੀਤਾ ਹੈ। ਰੇਲਵੇ ਸਟੇਸ਼ਨ ਅਤੇ ਰਾਜਪੁਰਾ ਦੇ ਗਗਨ ਚੌਂਕ ਤੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਵਾਸੀ ਰੋਜਾਨਾ ਆ ਰਹੇ ਹਨ। ਪ੍ਰਵਾਸੀਆਂ ਨੇ ਦਸਿਆ ਕਿ ਬਿਹਾਰ ਵਿਚ ਬਿਲਕੁਲ ਵੀ ਕੰਮ ਕਾਰ ਨਹੀਂ ਹੈ। ਸਰਕਾਰਾਂ ਬਿਲਕੁਲ ਸਾਡੀ ਮਦਦ ਨਹੀਂ ਕਰ ਰਹੀ ਹੈ ਜਿਸ ਕਰਕੇ ਸਾਨੂੰ ਪੰਜਾਬ ਵੱਲ ਆਉਣਾ ਪੈ ਰਿਹਾ ਹੈ। ਜੇਕਰ ਸਾਨੂ ਰੋਜਗਾਰ ਸਾਡੇ ਵਤਨ ਮਿਲਦਾ ਹੋਵੇ ਤਾ ਅਸੀਂ ਪੰਜਾਬ ਵੱਲ ਕਿ ਕਰਨ ਆਉਣਾ ਹੈ। ਪ੍ਰਵਾਸੀ ਮਜਦੂਰਾਂ ਨੇ ਦਸਿਆ ਕਿ ਸਾਡੇ ਬਿਹਾਰ ਵਿਚ ਕੋਈ ਕਾਰੋਬਾਰ ਨਹੀਂ ਹੈ। ਜਿਸ ਕਰਕੇ ਸਾਨੂ ਪੰਜਾਬ ਵੱਲ ਮੁੜਨਾ ਪੈ ਰਿਹਾ ਹੈ। ਹਜਾਰਾਂ ਦੀ ਗਿਣਤੀ ਵਿਚ ਮਜਦੂਰ ਰੇਲਵੇ ਸਟੇਸ਼ਨ ਤੇ ਰਾਜਪੁਰਾ ਦੇ ਗਗਨ ਚੌਂਕ ਤੇ ਬੱਸਾਂ ਆਟੋ ਰਿਕਸ਼ਿਆਂ ਰਹੀ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚ ਰਹੇ ਹਨ। ਪ੍ਰਵਾਸੀਆਂ ਨੇ ਦਸਿਆ ਕਿ ਸਾਡੇ ਵਤਨ ਵਿਚ ਰੋਜਗਾਰ ਨਹੀ ਜਿਸ ਕਰਕੇ ਸਾਨੂ ਪੰਜਾਬ ਵਿਚ ਕੰਮ ਕਰਨ ਲਈ ਆ ਰਹੇ ਹਾਂ।

# ਕਾਨੂੰਨ ਤੋਂ ਭਗੌੜਾ ਹੋ ਕੇ ਲੁੱਕਦਾ ਫਿਰ ਰਿਹਾ ਕਾਨੂੰਨ ਦੇ ਨਾਂ 'ਤੇ ਮਾਵਾਂ ਦੇ ਪੁੱਤ ਮਾਰਨ ਵਾਲਾ ਸੁਮੇਧ ਸੈਣੀ

### ਅੰਮ੍ਰਿਤਸਰ ਟਾਈਮਜ਼ ਬਿਊਰੋ



ਪੰਜਾਬ ਪੁਲਸ ਦਾ ਸਾਬਕਾ ਮੁਖੀ ਅਤੇ ਸਿੱਖਾਂ ਵਿਚ ਆਮ ਕਰਕੇ ਕਾਤਲ ਵਜੋਂ ਜਾਣਿਆ ਜਾਂਦਾ ਪੰਜਾਬ ਪੁਲਸ ਦਾ ਸਾਬਕਾ ਮੁਖੀ ਸੁਮੇਧ ਸੈਣੀ 29 ਸਾਲ ਪਹਿਲਾਂ ਕਤਲ ਕੀਤੇ ਸਿੱਖ ਨੌਜਵਾਨ ਬਲਵੰਤ ਸਿੰਘ ਮੁਲਤਾਨੀ ਦੇ ਮਾਮਲੇ ਵਿਚ ਨਾਮਜ਼ਦ ਹੋਣ ਮਗਰੋਂ ਗ੍ਰਿਫਤਾਰੀ ਦੇ ਡਰੋਂ ਲੁਕਦਾ ਫਿਰ ਰਿਹਾ ਹੈ। ਸੁਮੇਧ ਸੈਣੀ ਨੂੰ ਪਹਿਲਾਂ ਇਸ ਮਾਮਲੇ 'ਚ ਅਗਵਾ ਦੀਆਂ ਧਾਰਾਵਾਂ ਅਧੀਨ ਨਾਮਜ਼ਦ ਕੀਤਾ ਗਿਆ ਸੀ ਪਰ ਬਾਅਦ ਵਿਚ ਉਸਦੇ ਸਾਥੀਆਂ ਦੀ ਗਵਾਹੀ ਦੇ ਅਧਾਰ 'ਤੇ ਉਸ ਖਿਲਾਫ ਕਤਲ ਦੀਆਂ ਧਾਰਾਵਾਂ ਦਾ ਵਾਧਾ ਕਰ ਦਿੱਤਾ ਗਿਆ ਸੀ। ਸੁਮੇਧ ਸੈਣੀ ਨੇ ਧਾਰਾ 302 ਵਿਚ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਲੈਣ ਦੀ ਕੋਸ਼ਿਸ਼ ਕੀਤੀ ਪਰ ਅਦਾਲਤ ਨੇ ਉਸਦੀ ਅਪੀਲ ਖਾਰਜ ਕਰ ਦਿੱਤੀ। ਅੱਜ ਦਲ ਖ਼ਾਲਸਾ ਵੱਲੋਂ ਸੁਮੇਧ ਸੈਣੀ ਦੇ ਭਗੌੜੇ ਹੋਣ ਦੇ ਪੋਸਟਰ ਲਾਏ ਗਏ ਅਤੇ ਉਸਨੂੰ ਫੜ੍ਹਾਉਣ ਜਾਂ ਉਸਦੀ ਜਾਣਕਾਰੀ ਦੇਣ ਵਾਲੇ ਨੂੰ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ। ਪਾਰਟੀ ਨੇ ਅੰਮ੍ਰਿਤਸਰ ਅਤੇ ਦਿੱਲੀ ਵਿਚ ਥਾਂ-ਥਾਂ ਕਾਤਲ ਸੈਣੀ ਦੇ ਭਗੌੜਾ ਹੋਣ ਦੇ ਪੋਸਟਰ ਲਾਏ। ਇਹਨਾਂ ਪੋਸਟਰਾਂ 'ਤੇ ਲਿਖਿਆ ਸੀ, "ਪੰਜਾਬ ਦੇ ਲੋਕਾਂ ਅਤੇ ਕਾਨੂੰਨ ਦਾ ਭਗੌੜਾ ਸੁਮੇਧ ਸਿੰਘ ਸੈਣੀ।" ਦਲ ਖਾਲਸਾ ਨੇ ਐਲਾਨ ਕੀਤਾ ਕਿ ਬਲਵੰਤ ਸਿੰਘ ਮੁਲਤਾਨੀ ਕਤਲ ਕੇਸ ਵਿੱਚ ਭਗੌੜੇ ਸਾਬਕਾ ਡੀ.ਜੀ.ਪੀ ਪੰਜਾਬ ਸੁਮੇਧ ਸਿੰਘ ਸੈਣੀ ਦੀ ਭਾਲ ਵਿੱਚ ਪੰਜਾਬ ਭਰ ਵਿੱਚ ਪੋਸਟਰ ਲਗਾਏ ਜਾਣਗੇ। ਪਾਰਟੀ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਪ੍ਰੈਸ ਕਾਨਫਰੰਸ ਵਿੱਚ ਐਲਾਨ ਕੀਤਾ ਕਿ ਬੁਚੜ ਸੈਣੀ ਨੂੰ ਗ੍ਰਿਫਤਾਰ ਕਰਨ ਅਤੇ ਕਰਵਾਉਣ ਵਾਲਿਆ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ । ਉਹਨਾਂ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਦਾ ਰਾਜ ਬਹਾਲ ਕਰਨ ਲਈ ਜ਼ਰੂਰੀ ਹੈ ਕਿ ਵਰਦੀ ਪਾ ਕੇ ਕਨੂੰਨ ਤੋੜਨ ਵਾਲਿਆ ਨੂੰ ਉਹਨਾ ਦੇ ਗੁਨਾਹਾਂ ਲਈ ਕਨੂੰਨ ਦੇ ਕਟਹਿਰੇ ਵਿੱਚ ਖੜਾ ਕੀਤਾ ਜਾਵੇ। ਸਤਿਨਾਮ ਸਿੰਘ ਪਾਉਂਟਾ ਸਾਹਿਬ ਨੇ ਕਿਹਾ ਕਿ ਕਿਸੇ ਸਮੇ ਲੋਕਾ ਨੂੰ ਪੰਜਾਬ ਪੁਲਿਸ ਵਿੱਚ ਵਿਸਵਾਸ਼ ਰੱਖਣ ਦਾ ਹੋਕਾ ਦੇਣ ਵਾਲਾ ਇਹ ਜ਼ਾਲਮ ਪੁਲਿਸ ਅਫਸਰ ਹੁਣ ਖੁਦ ਅਦਾਲਤ ਨੂੰ ਕਹਿ ਰਿਹਾ ਹੈ ਕਿ ਉਸਨੂੰ ਪੰਜਾਬ ਪੁਲਿਸ ਵਿੱਚ ਭਰੋਸਾ ਨਹੀ, ਅਤੇ ਉਸਦਾ ਕੇਸ ਪੰਜਾਬ ਤੋ ਬਾਹਰ ਕਿਹਾ ਕੇਂਦਰੀ ਏਜੰਸੀ ਨੂੰ ਤਬਦੀਲ ਕੀਤਾ ਜਾਵੇ। ਉਹਨਾਂ ਕਿਹਾ ਕਿ ਹਾਈ ਕੋਰਟ ਨੇ ਸੈਣੀ ਦੀ ਇਸ ਪਟੀਸ਼ਨ ਨੂੰ ਖਾਰਜ ਕਰ ਕੇ ਪੁਲਿਸ ਲਈ ਇਸਨੂੰ ਗ੍ਰਿਫਤਾਰ ਕਰਨ ਦਾ ਰਾਹ ਪਧਰਾ ਕਰ ਦਿੱਤਾ ਹੈ।

ਹਰਚਰਨਜੀਤ ਸਿੰਘ ਧਾਮੀ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਸੈਣੀ ਸਰਕਾਰ ਅਤੇ ਅਦਾਲਤਾਂ ਨਾਲ ਲੁਕਣ-ਮੀਟੀ ਖੇਡ ਰਿਹਾ ਹੈ। ਉਹਨਾਂ ਦਸਿਆ ਕਿ ਸੈਣੀ ਦਾ ਭਗੌੜੇ ਹੋਣ ਦਾ ਪੋਸਟਰ ਪੂਰੇ ਪੰਜਾਬ ਵਿੱਚ ਲਾਏ ਜਾਣਗੇ। ਉਹਨਾਂ ਇਕ ਸਵਾਲ ਦੇ ਜੁਆਬ ਵਿੱਚ ਕਿਹਾ ਕਿ ਪੁਲਿਸ ਅਤੇ ਸਰਕਾਰ ਉਸ ਨਾਲ ਦੋਸਤਾਨਾਂ ਮੈਚ ਖੇਡ ਰਹੀ ਹੈ।

ਉਹਨਾਂ ਕਿਹਾ ਕਿ ਪੁਲਿਸ ਲੀਡਰਸ਼ਿਪ ਅਗਰ ਚਾਹੇ ਤੇ ਉਸਨੂੰ ੨੪ ਘੰਟਿਆਂ ਵਿੱਚ ਗ੍ਰਿਫਤਾਰ ਕਰ ਸਕਦੀ ਹੈ। ਉਹਨਾਂ ਮੰਨਿਆ ਕਿ ਸੈਣੀ ਇੰਡੀਅਨ ਸਟੇਟ ਦਾ ਚਹੇਤਾ ਹੈ ਅਤੇ ਉਸਨੂੰ ਸਰਕਾਰੀ ਸ਼ਹਿ 'ਤੇ ਅਸਰਰਸੂਖ ਵਾਲੇ ਲੋਕ ਪਨਾਹ ਦੇਈ ਬੈਠੇ ਹਨ। ਉਹਨਾਂ ਕਿਹਾ ਕਿ ਕਾਨੂੰਨ ਦੀ ਨਿਗਾਹ ਵਿੱਚ ਪਨਾਹ ਦੇਣ ਵਾਲਾ ਵੀ ਦੋਸ਼ੀ ਹੈ।

ਪਤਰਕਾਰਾਂ ਦੇ ਇੱਕ ਸੁਆਲ ਦੇ ਜੁਆਬ ਵਿੱਚ ਕਿ ਭਗੌੜਾ ਕਰਾਰ ਦੇਣ ਦਾ ਕੰਮ ਸਰਕਾਰ ਦਾ ਹੈ ਉਤੇ ਨਰੈਣ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੈਣੀ ਨੂੰ ਇਸ਼ਤਿਹਾਰੀ ਭਗੌੜਾ ਕਰਾਰ ਦੇਵੇ। ਉਹਨਾਂ ਕਿਹਾ ਕਿ ਅਸੀਂ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਸਰਕਾਰ ਉਤੇ ਦਬਾਅ ਪਾਉਣ ਲਈ ਪੋਸਟਰ ਮੁਹਿੰਮ ਵਿੱਢੀ ਹੈ। ਦਲ ਖਾਲਸਾ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਉਹ ਸੈਣੀ ਦੀ ਗ੍ਰਿਫਤਾਰੀ ਲਈ ਸੜਕਾਂ 'ਤੇ ਵੀ ਉਤਰਨਗੇ।

**ਇਕ ਹੋਰ ਅਗਵਾ ਅਤੇ ਲਾਪਤਾ ਕਰਨ ਦੇ ਮਾਮਲੇ ਦੀ ਕੱਲ੍ਹ ਹੋਵੇਗੀ ਸੁਣਵਾਈ**

ਸੁਮੇਧ ਸੈਣੀ ਖ਼ਿਲਾਫ਼ ਅਗਵਾ ਅਤੇ ਲਾਪਤਾ ਕਰਨ ਦਾ ਇਕ ਹੋਰ 26 ਸਾਲ ਪੁਰਾਣਾ ਕੇਸ ਸੀਬੀਆਈ ਦੀ ਵਿਸ਼ੇਸ਼ ਅਦਾਲਤ ਅੱਗੇ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਭਲਕੇ ਸੁਣਵਾਈ ਲਈ ਵਿਚਾਰ ਅਧੀਨ ਹੈ। ਉਸ ਕੋਲ ਸੁਪਰੀਮ ਕੋਰਟ ਜਾਣ ਜਾਂ ਸੁਣਵਾਈ ਅਦਾਲਤ ਜਾਂ ਪੁਲੀਸ ਅੱਗੇ ਆਤਮ ਸਮਰਪਣ ਕਰਨ ਦਾ ਰਾਹ ਹੈ। ਪੰਜਾਬ ਸਰਕਾਰ ਉਸ ਨੂੰ ਭਗੌੜਾ ਅਪਰਾਧੀ ਐਲਾਨਣ ਲਈ ਕਾਰਵਾਈ ਸ਼ੁਰੂ ਕਰ ਸਕਦੀ ਹੈ।

ਬਾਕੀ ਸਫ਼ਾ 32 'ਤੇ


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Sir Speedy Tustin
Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

# ਬੈਂਸ ਭਰਾਵਾਂ ਸਣੇ ਪਾਰਟੀ ਵਰਕਰਾਂ ’ਤੇ ਲਾਠੀਚਾਰਜ

## ਲੋਕ ਇਨਸਾਫ਼ ਪਾਰਟੀ ਦੇ ਕਈ ਆਗੂਆਂ ਦੀਆਂ ਪੱਗਾਂ ਲੱਥੀਆਂ, ਔਰਤਾਂ ਨੂੰ ਵੀ ਨਾ ਬਖ਼ਸ਼ਿਆ, ਬੈਂਸ ਭਰਾਵਾਂ ਸਣੇ 15 ਜਣੇ ਹਿਰਾਸਤ ਵਿਚ ਲਏ



**ਪਟਿਆਲਾ/ਏ.ਟੀ.ਨਿਊਜ਼:** ਲੋਕ ਇਨਸਾਫ਼ ਪਾਰਟੀ ਦੇ ਕੌਮੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਉਨਾਂ ਦੇ ਵੱਡੇ ਭਰਾ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਕੇ ਉਸ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਮੋਤੀ ਮਹਿਲ ਦਾ ਘਿਰਾਓ ਕਰਨ ਜਾਂਦੇ ਪਾਰਟੀ ਵਰਕਰਾਂ ਦੀ ਪੁਲੀਸ ਨੇ ਵਾਈਪੀਐੱਸ ਚੌਕ ’ਚ ਡਾਂਗਾਂ ਨਾਲ ਕੁੱਟਮਾਰ ਕੀਤੀ ਜਿਸ ਦੌਰਾਨ ਕਈਆਂ ਦੀਆਂ ਪੱਗਾਂ ਲੱਥ ਗਈਆਂ। ਇਸ ਦੌਰਾਨ ਸਿਮਰਜੀਤ ਸਿੰਘ ਬੈਂਸ , ਬਲਵਿੰਦਰ ਸਿੰਘ ਬੈਂਸ, ਮਨਵਿੰਦਰ ਸਿੰਘ ਗਿਆਸਪੁਰਾ ਤੇ ਪਟਿਆਲਾ ਜ਼ਿਲੇ ਦੇ ਪ੍ਰਧਾਨ ਲਛਮਣ ਸਿੰਘ ਸਮੇਤ ਕਈ ਕਾਰਕੁਨ ਜ਼ਖ਼ਮੀ ਹੋ ਗਏ। ਪੁਲੀਸ ਨੇ ਸੰਘਰਸ਼ੀ ਔਰਤਾਂ ਨੂੰ ਵੀ ਨਹੀਂ ਬਖ਼ਸ਼ਿਆ ਤੇ ਉਨਾਂ ਦੇ ਵੀ ਡਾਂਗਾਂ ਮਾਰੀਆਂ। ਬਾਅਦ ਵਿਚ ਬੈਂਸ ਭਰਾਵਾਂ ਸਮੇਤ 15 ਦੇ ਕਰੀਬ ਸੰਘਰਸ਼ਕਾਰੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ।

ਇਸ ਮੌਕੇ ਸਿਮਰਜੀਤ ਸਿੰਘ ਬੈਂਸ ਨੇ ਐਲਾਨ ਕੀਤਾ ਕਿ ਜਦੋਂ ਤੱਕ ਉਹ ਸਾਧੂ ਸਿੰਘ ਧਰਮਸੋਤ ਨੂੰ ਮੰਤਰੀ ਮੰਡਲ ‘ਚੋਂ ਬਰਖ਼ਾਸਤ ਕਰਵਾ ਕੇ ਉਸ ਵਿਰੁੱਧ ਕੇਸ ਦਰਜ ਨਹੀਂ ਕਰਵਾ ਦਿੰਦੇ ਉਹ ਚੁੱਪ ਕਰਕੇ ਨਹੀਂ ਬੈਠਣਗੇ।

ਉਨਾਂ ਕਿਹਾ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਨੇ ਸਾਧੂ ਸਿੰਘ ਧਰਮਸੋਤ ਨੂੰ ਬਰਖ਼ਾਸਤ ਨਾ ਕੀਤਾ ਤਾਂ ਉਹ ਪੰਜਾਬ ਦੇ ਕਾਂਗਰਸੀ ਦਲਿਤ ਮੰਤਰੀਆਂ, ਦਲਿਤ ਸੰਸਦ ਮੈਂਬਰਾਂ ਤੇ ਦਲਿਤ ਵਿਧਾਇਕਾਂ ਦਾ ਘਿਰਾਓ ਕਰਨਗੇ।

ਪੁਲੀਸ ਦੀਆਂ ਡਾਂਗਾਂ ਨਾਲ ਆਪਣੀਆਂ ਲੱਤਾਂ ’ਤੇ ਪਏ ਨੀਲ ਦਿਖਾਉਂਦੇ ਹੋਏ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਇਕ ਵਿਧਾਇਕ ’ਤੇ ਪੁਲੀਸ ਨੇ ਇਸ ਤਰਾਂ ਡਾਂਗਾਂ ਚਲਾਈਆਂ ਜਿਵੇਂ ਉਹ ਅਪਰਾਧੀ ਹਨ। ਉਨਾਂ ਕਿਹਾ ਕਿ ਇਹ ਕੈਪਟਨ ਅਮਰਿੰਦਰ ਸਿੰਘ ਦੀ ਪੁਲੀਸ ਹੈ ਜੋ ਇਨਸਾਫ਼ ਮੰਗਦੇ ਲੋਕਾਂ ’ਤੇ ਡਾਂਗਾਂ ਚਲਾਉਂਦੀ ਹੈ। ਉਨਾਂ ਕਿਹਾ ਕਿ ਇਸ ਦਾ ਬਦਲਾ ਪੰਜਾਬ ਦੇ ਲੋਕ ਲੈਣਗੇ।

ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦੀ ਕੋਸ਼ਿਸ਼ ਕਰਨ ਵਾਲੇ ਲੋਕ ਇਨਸਾਫ਼ ਪਾਰਟੀ ਦੇ ਤਿੰਨ ਸੌ ਤੋਂ ਵੀ ਵੱਧ ਆਗੂਆਂ ਅਤੇ ਵਰਕਰਾਂ ਖ਼ਿਲਾਫ਼ ਸਥਾਨਕ ਪੁਲੀਸ ਨੇ ਕੇਸ ਦਰਜ ਕੀਤਾ ਹੈ ਜਿਸ ਵਿੱਚ ਦੋਵੇਂ ਵਿਧਾਇਕ ਭਰਾਵਾਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਸਮੇਤ ਵੀਹ ਜਣਿਆਂ ਦੇ ਨਾਮ ਦਰਜ ਹਨ ਜਦਕਿ 300 ਹੋਰ ਅਣਪਛਾਤੇ ਦੱਸੇ ਗਏ ਹਨ। ਸੂਤਰਾਂ ਮੁਤਾਬਿਕ ਪੁਲੀਸ ਵੱਲੋਂ ਹਿਰਾਸਤ ਵਿਚ ਲਏ ਗਏ ਕਈ ਮੁਜ਼ਾਹਰਾਕਾਰੀਆਂ ਨੂੰ ਰਾਤੀ ਨੌਂ ਵਜੇ ਦੇ ਕਰੀਬ ਛੱਡ ਦਿੱਤਾ ਗਿਆ। ਉਨਾਂ ਨੂੰ ਜ਼ਿਲੇ ਵਿਚਲੀ ਇੱਕ ਦਿਹਾਤੀ ਪੁਲੀਸ ਚੌਕੀ ਵਿਚ ਰੱਖਿਆ ਗਿਆ ਸੀ।

## ... ਸੈਣੀ

ਕਾਤਲ ਸਿਰ ਜਾਂ ਕਾਜ਼ੀ ਸਿਰ ਇਲਜ਼ਾਮ ਵੇਖਣਾ ਏ
ਸੱਪ ਦੇ ਮੂੰਹ ਵਿੱਚ ਕਿਰਲੀ ਦਾ ਅੰਜਾਮ ਵੇਖਣਾ ਏ।

ਵੇਖਣਾ ਏ ਕਿ ਕਦ ਤੱਕ ਪਾਪ ਦੀ ਰਾਖੀ ਹੁੰਦੀ ਏ
ਭੂਤ ਘਰੀਂ ਵੀ ਇੱਕ ਅੱਧ ਰੌਸ਼ਨ ਤਾਕੀ ਹੁੰਦੀ ਏ।

ਹੁੰਦੀ ਨਹੀਂ ਪਰ ਤਾਕੀ ਕਬਰੀਂ ਦੱਬੀਆਂ ਰੂਹਾਂ ਲਈ
ਦੋਜਖ ਦੀਆਂ ਬਲਾਵਾਂ ਹੀ ਆਉਣਾ ਜਾਣੈ ਸੂਹਾਂ ਲਈ।

ਸੂਹਾਂ ਜਿਨਾਂ ਨੇ ਘਰ ਘਰ ਸੱਥਰ ਵਿਛਾਏ ਸਨ ਬਹੁਤੇ
ਵੇਖ ਜੁਲਮ ਨੂੰ ਨਾਜ਼ੁਕ ਦਿਲ ਘਬਰਾਏ ਸਨ ਬਹੁਤੇ।

ਹੁਣ ਘਬਰਾਇਆ ਫਿਰਦੈ ਸੈਣੀ ਖੁੱਡੀਂ ਲੁੱਕਦਾ ਏ
ਸ਼ੀਸ਼ਾ ਵੀ ਸੁਣਿਆ ਏ ਸਾਹਵਿਓ ਮੂੰਹ ’ਤੇ ਥੁੱਕਦਾ ਏ।

ਥੁੱਕਦਾ ਏ ਸੰਸਾਰ ਤੇਰੀਆਂ ਫੀਤੀਆਂ ਲੱਗੀਆਂ ’ਤੇ
ਹਾਏ ਕਹੇ ਪੰਜਾਬ ਖ਼ੂਨ ਦੀਆਂ ਵਗੀਆਂ ਨਦੀਆਂ ‘ਤੇ।

ਨਦੀਆਂ ਵਿੱਚ ਜੋ ਰੁੜ ਗਏ ਗੱਭਰੂ ਬਹੁਤ ਪਿਆਰੇ ਸਨ
ਸਨ ਵੇਹੜੇ ਦੀ ਰੌਣਕ ਕੁਝ ਅੰਬਰਾਂ ਦੇ ਤਾਰੇ ਸਨ।

ਅੰਬਰੀਂ ਵਸਦਿਆਂ ਤਾਰਿਆਂ ਤੇਰਾ ਹਸ਼ਰ ਵੇਖਣਾ ਏ
ਕੂੜ ਤੇਰੇ ਨੂੰ ਜਗ ਵਿੱਚ ਹੁੰਦਾ ਨਸ਼ਰ ਵੇਖਣਾ ਏ।

ਵੇਖਣਾ ਈ ਤਾਂ ਪੁੱਛ ਵੇਖੀਂ ਤੂੰ ਆਪਣੇ ਅੰਦਰ ਨੂੰ
ਲਾਲ ਕਿਲੇ ਤੋਂ ਕੀ ਮਿਲਿਐ ਛੱਡ ਕੇ ਹਰਿਮੰਦਰ ਨੂੰ ॥

- ਹਰਦੇਵ ਸਿੰਘ (ਡਾ)

# ਡਰੱਗ ਦੀ ਦਲਦਲ ’ਚ ਫਸੀ ਅਦਾਕਾਰਾ ਰਿਆ ਚੱਕਰਵਰਤੀ




**ਮੁੰਬਈ/ਏ.ਟੀ.ਨਿਊਜ਼:** ਨਾਰਕੋਟਿਕਸ ਕੰਟਰੋਲ ਬਿਊਰੋ ਨੇ ਤਿੰਨ ਦਿਨ ਦੀ ਪੁੱਛਗਿੱਛ ਤੋਂ ਬਾਅਦ ਅਦਾਕਾਰਾ ਰਿਆ ਚੱਕਰਵਰਤੀ (28) ਨੂੰ ਮੰਗਲਵਾਰ ਗ੍ਰਿਫਤਾਰ ਕਰ ਲਿਆ। ਐੱਨ ਸੀ ਬੀ ਦਾ ਕਹਿਣਾ ਹੈ ਕਿ ਰਿਆ ਮੰਨ ਗਈ ਕਿ ਉਸ ਨੇ ਆਪਣੇ ਭਰਾ ਸ਼ੌਵਿਕ ਤੇ ਸੁਸ਼ਾਂਤ ਸਿੰਘ ਰਾਜਪੂਤ ਨਾਲ ਕੁਝ ਮੌਕਿਆਂ ’ਤੇ ਡਰੱਗ ਲਈ ਸੀ। ਐੱਨ ਸੀ ਬੀ ਮੁਤਾਬਕ ਰਿਆ ਨੇ ਗਾਂਜੇ ਵਾਲੀ ਸਿਗਰਟ ਪੀਤੀ ਸੀ। ਉਹ ਕਿਸੇ ਡਰੱਗ ਪੈਡਲਰ ਦੇ ਸੰਪਰਕ ਵਿਚ ਨਹੀਂ ਸੀ, ਪਰ ਲਾਕਡਾਊਨ ਕਾਰਨ ਜਦ ਡਰੱਗ ਮਿਲਣੀ ਬੰਦ ਹੋ ਗਈ ਸੀ ਤਾਂ ਉਸ ਨੇ ਸ਼ੌਵਿਕ ਨੂੰ ਕਹਿ ਕੇ ਡਰੱਗ ਮੰਗਵਾਈ ਸੀ। ਰਿਆ ਨੇ ਦੱਸਿਆ ਕਿ ਸੁਸ਼ਾਂਤ ਬਹੁਤ ਪਹਿਲਾਂ ਤੋਂ ਡਰੱਗ ਲੈਂਦਾ ਆ ਰਿਹਾ ਸੀ। ਜਦੋਂ ਸ਼ੌਵਿਕ ਦੇ ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ ਗਈ ਤਾਂ ਰਿਆ ਰੋਣ ਲੱਗੀ। ਰਿਆ ਦੇ ਘਰੋਂ ਜਿਹੜੇ ਇਲੈਕਟ੍ਰਾਨਿਕ ਗੈਜੇਟਸ ਮਿਲੇ, ਉਨਾਂ ਵਿਚੋਂ ਵੀ ਡਰੱਗ ਨਾਲ ਜੁੜੇ ਕੁਝ ਸਬੂਤ ਮਿਲੇ ਹਨ। ਐੱਨ ਸੀ ਬੀ ਨੇ ਇਸ ਤੋਂ ਪਹਿਲਾਂ ਸ਼ੌਵਿਕ ਚੱਕਰਵਰਤੀ (24), ਰਾਜਪੂਤ ਦੇ ਹਾਊਸ ਮੈਨੇਜਰ ਸੈਮੁਅਲ ਮਿਰਾਂਡਾ (33) ਤੇ ਰਾਜਪੂਤ ਦੇ ਨਿੱਜੀ ਸਟਾਫ ਦੇ ਮੈਂਬਰ ਦੀਪੇਸ਼ ਸਾਂਵਤ ਨੂੰ ਗ੍ਰਿਫਤਾਰ ਕੀਤਾ ਸੀ। ਰਿਆ ਨੇ ਕਈ ਟੀ ਵੀ ਚੈਨਲਾਂ ਨਾਲ ਗੱਲਬਾਤ ਵਿਚ ਦਾਅਵਾ ਕੀਤਾ ਸੀ ਕਿ ਉਸ ਨੇ ਕਦੇ ਡਰੱਗ ਨਹੀਂ ਲਈ, ਹਾਲਾਂਕਿ ਸੁਸ਼ਾਂਤ ਮਾਰੀਜੁਆਨਾ ਪੀਂਦਾ ਸੀ। ਅਦਾਕਾਰ ਸੁਸ਼ਾਂਤ 14 ਜੂਨ ਨੂੰ ਬਾਂਦਰਾ ਸਥਿਤ ਅਪਾਰਟਮੈਂਟ ਵਿਚ ਮਰਿਆ ਮਿਲਿਆ ਸੀ। ਉਸ ਕੇਸ ਦੀ ਸੀ ਬੀ ਆਈ ਦੇ ਨਾਲ-ਨਾਲ ਐੱਨ ਸੀ ਬੀ ਜਾਂਚ ਕਰ ਰਹੀ ਹੈ। ਸੀ ਬੀ ਆਈ ਨੇ ਰਿਆ ਨੂੰ ਰਾਜਪੂਤ ਦੀ ਮੌਤ ਦੇ ਮਾਮਲੇ ਵਿਚ ਨਾਮਜ਼ਦ ਕੀਤਾ ਹੋਇਆ ਹੈ। ਸੁਸ਼ਾਂਤ ਰਾਜਪੂਤ ਦੀ ਭੈਣ ਸ਼ਵੇਤਾ ਸਿੰਘ ਕੀਰਤੀ ਨੇ ਰਿਆ ਦੀ ਗ੍ਰਿਫਤਾਰੀ ਤੋਂ ਬਾਅਦ ਕਿਹਾ, ‘ਰੱਬ ਸਾਡੇ ਨਾਲ ਹੈ।‘

**ਕੀ ਹੈ ਐੱਨਡੀਪੀਐੱਸ ਐਕਟ**

ਸ਼ੌਵਿਕ ਚੱਕਰਵਰਤੀ ਅਤੇ ਸੈਮੂਅਲ ਮਿਰਾਂਡਾ ਨੂੰ ਨਾਰਕੋਟਿਕਸ ਡਰੱਗਜ਼ ਐਂਡ ਸਾਈਕੋਟ੍ਰੌਪਿਕ ਸਬਸਟੈਂਸੇਜ਼ ਐਕਟ, 1985 (ਐੱਨਡੀਪੀਐੱਸ) ਦੇ ਸੈਕਸ਼ਨ 20ਬੀ, 28 ਅਤੇ 29 ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਐੱਨਡੀਪੀਐੱਸ ਐਕਟ ਦੇ ਸੈਕਸ਼ਨ 20ਬੀ ਦੇ ਤਹਿਤ ਡਰੱਗਜ਼ ਦੀ ਖਰੀਦਾਰੀ, ਉਤਪਾਦਨ, ਆਪਣੇ ਕੋਲ ਰੱਖਣ, ਖਰੀਦੋ-ਫਰੋਖ਼ਤ ਕਰਨ ਅਤੇ ਇਸ ਨੂੰ ਟਰਾਂਸਪੋਰਟ ਕਰਨ ਨੂੰ ਅਪਰਾਧ ਮੰਨਿਆ ਗਿਆ ਹੈ।

ਐੱਨਡੀਪੀਐੱਸ ਐਕਟ ਦੇ ਸੈਕਸ਼ਨ 28 ਵਿੱਚ ਅਪਰਾਧ ਕਰਨ ਦੀ ਕੋਸ਼ਿਸ਼ ਦੇ ਤਹਿਤ ਸਜ਼ਾ ਦਿੱਤੇ ਜਾਣ ਦਾ ਤਜਵੀਜ਼ ਹੈ। ਸੈਕਸ਼ਨ 29 ’ਚ ਉਕਸਾਉਣ ਅਤੇ ਅਪਰਾਧਿਕ ਜਾਲ ਬੁਨਣ ਲਈ ਸਜ਼ਾ ਦੇਣਾ ਸ਼ਾਮਲ ਹੈ।

ਸ਼ੌਵਿਕ ਚੱਕਰਵਰਤੀ, ਸੈਮੂਅਲ ਮਿਰਾਂਡਾ ’ਤੇ ਇਨਾਂ ਚੀਜ਼ਾਂ ਦੇ ਇਲਜ਼ਾਮ ਲਗਾਏ ਗਏ ਹਨ, ਅਤੇ ਦੋਸ਼ੀ ਪਾਏ ਜਾਣ ’ਤੇ ਉਨਾਂ ਨੂੰ 10 ਸਾਲ ਤੱਕ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਐੱਨਸੀਬੀ ਨੂੰ 90 ਦਿਨਾਂ ਦੇ ਅੰਦਰ ਚੀਰਜਸ਼ੀਟ ਦਾਖ਼ਲ ਕਰਨੀ ਪਵੇਗੀ।

ਪੱਛਮੀ ਦੇਸ਼ਾਂ ਅਤੇ ਮੱਧ-ਪੂਰਬੀ ਦੇਸ਼ਾਂ ਵਿੱਚ ਡਰੱਗਜ਼ ਦੀ ਵਰਤੋਂ ਅਤੇ ਇਸ ਦੇ ਕਾਰੋਬਾਰ ਵਿੱਚ ਲੱਗੇ ਲੋਕਾਂ ਲਈ ਸਖ਼ਤ ਸਜ਼ਾ ਦੀ ਤਜਵੀਜ਼ ਹੈ।ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸੰਜੇ ਦੂਬੇ ਕਹਿੰਦੇ ਹਨ ਕਿ ਭਾਰਤ ਵਿੱਚ ਐੱਨਡੀਪੀਐੱਸ ਐਕਟ ਦੇ ਤਹਿਤ ਸਜ਼ਾ ਦਿੱਤੇ ਜਾਣ ਦੀ ਦਰ ਕਾਫੀ ਜ਼ਿਆਦਾ ਹੈ। ਉਹ ਕਹਿੰਦੇ ਹਨ, “ਇਸ ਵਿੱਚ ਤਕਰੀਬਨ 95 ਫੀਸਦ ਕਨਵਿਕਸ਼ਨ ਰੇਟ ਹੈ।“ਹਾਲਾਂਕਿ, ਉਹ ਕਹਿੰਦੇ ਹਨ ਕਿ ਕਈ ਵਾਰ ਅਜਿਹਾ ਹੁੰਦਾ ਹੈ ਕਿ ਲੋਕਾਂ ਨੂੰ ਝੂਠੇ ਮਾਮਲਿਆਂ ਵਿੱਚ ਫਸਾਇਆ ਜਾਂਦਾ ਹੈ ਅਤੇ ਹੇਠਲੀਆਂ ਅਦਾਲਤਾਂ ਵਿੱਚ ਉਨਾਂ ਨੂੰ ਦੋਸ਼ੀ ਠਹਿਰਾ ਦਿੱਤਾ ਜਾਂਦਾ ਹੈ। ਵਕੀਲ ਸੰਜੇ ਦੂਬੇ ਕਹਿੰਦੇ ਹਨ, “ਜਦੋਂ ਕੇਸ ਉਪਰੀ ਅਦਾਲਤਾਂ ਵਿੱਚ ਪਹੁੰਚਦਾ ਹੈ ਤਾਂ ਫ਼ੈਸਲੇ ਬਦਲ ਜਾਂਦੇ ਹਨ।“

ਐੱਨਡੀਪੀਐੱਸ ਐਕਟ ਦੀ ਧਾਰਾਵਾਂ ਅਫੀਮ-18 (ਗ), ਕੈਨਬੀਸ-20, ਕੋਕਾ-16 ਦੇ ਤਹਿਤ ਲਾਈਸੈਂਸ ਦੇ ਬਿਨਾਂ ਅਫੀਮ, ਭੰਗ ਜਾਂ ਕੋਕਾ ਦੇ ਪੌਦਿਆਂ ਦੀ ਖੇਤੀ ਕਰਨ ’ਤੇ 10 ਸਾਲ ਤੱਕ ਦੀ ਸਜ਼ਾ ਜਾਂ ਇੱਕ ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਤਜਵੀਜ਼ ਹੈ।

ਸ਼ੌਵਿਕ ਚੱਕਰਵਰਤੀ ਦੀ ਗ੍ਰਿਫ਼ਤਾਰੀ ਨਾਰਕੋਟਿਕਸ ਡਰੱਗਸਐਂਡ ਸਾਈਕੋਟ੍ਰੌਪਿਕ ਸਬਸਟੈਂਸੇਜ਼ ਐਕਟ, 1985 (ਐੱਨਡੀਪੀਐੱਸ) ਦੇ ਸੈਕਸ਼ਨ 20ਬੀ, 28 ਅਤੇ 29 ਦੇ ਤਹਿਤ ਹੋਈ ਹੈ ਇਸ ਐਕਟ ਦੀ ਧਾਰਾ 24 ਦੇ ਤਹਿਤ ਦੇਸ਼ ਦੇ ਬਾਹਰੋਂ ਡਰੱਗਸ ਲੈ ਕੇ ਆਉਣ ਅਤੇ ਇਸ ਦੀ ਪੂਰਤੀ ਕਰਨ ’ਤੇ ਸਖ਼ਤ ਸਜ਼ਾ ਦੀ ਤਜਵੀਜ਼ ਕੀਤੀ ਗਈ ਹੈ। ਇਸ ਦੇ ਤਹਿਤ 10 ਤੋਂ 20 ਸਾਲ ਤੱਕ ਦੀ ਸਜ਼ਾ ਅਤੇ ਇੱਕ ਲੱਖ ਤੋਂ ਦੋ ਲੱਖ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ।

ਡਰੱਗਜ਼ ਟਰੈਫੀਕਿੰਗ ’ਤੇ ਲਗਾਮ ਲਗਾਉਣ ਦੇ ਮਕਸਦ ਨਾਲ ਨਾਰਕੋਟਿਸ ਡਰੱਗਜ਼ ਦੀ ਖੇਤੀ ਕਰਨ, ਇਸ ਦੇ ਉਤਾਪਦਨ, ਖਰੀਦੋ-ਫ਼ਰੋਖ਼ਤ, ਆਪਣੇ ਕੋਲ ਰੱਖਣ, ਇਸਤੇਮਾਲ ਕਰਨ,ਬਰਾਮਦ-ਦਰਾਮਦ ਕਰਨ ਲਈ ਸਖ਼ਤ ਸਜ਼ਾ ਰੱਖੀ ਗਈ ਹੈ।

ਐੱਨਡੀਪੀਐੱਸ ਐਕਟ ਦੀ ਧਾਰਾ 31ਏ ਦੇ ਤਹਿਤ ਡਰੱਗਜ਼ ਨਾਲ ਜੁੜੇ ਆਪਰਾਧਾਂ ਨੂੰ ਦੁਹਰਾਉਣ ਲਈ ਸਭ ਤੋਂ ਵੱਧ ਸਜ਼ਾ ਯਾਨਿ ਮੌਤ ਦੀ ਸਜ਼ਾ ਦੀ ਤਜਵੀਜ਼ ਵੀ ਕੀਤੀ ਗਈ ਹੈ। ਹੁਣ ਤੱਕ ਦੁਨੀਆਂ ਦੇ 32 ਦੇਸ਼ਾਂ ਵਿੱਚ ਨਾਰਕੋਟਿਕਸ ਨਾਲ ਜੁੜੇ ਆਪਰਾਥਾਂ ਲਈ ਮੌਤ ਦੀ ਸਜ਼ਾ ਦੀ ਤਜਵੀਜ਼ ਕੀਤੀ ਗਈ ਹੈ।

ਵਕੀਲ ਸੰਜੇ ਦੂਬੇ ਕਹਿੰਦੇ ਹਨ, “ਸਾਡੇ ਇੱਥ ਐੱਨਡੀਪੀਐੱਸ ਐਕਟ 1985 ਵਿੱਚ ਆਇਆ ਸੀ ਅਤੇ ਇਸ ਤੋਂ ਬਾਅਦ ਇਸ ਵਿੱਚ ਕੋਈ ਸੋਧ ਨਹੀਂ ਹੋਈ ਹੈ। ਸਮੇਂ ਦੀ ਲੋੜ ਨੂੰ ਸਮਝਦਿਆਂ ਹੋਇਆਂ ਇਸ ਵਿੱਚ ਬਦਲਾਅ ਕਰਨ ਦੀ ਜ਼ਰੂਰਤ ਹੈ।“

ਭਾਰਤ ਵਿੱਚ ਡਰੱਗਸ ਦੇ ਧੰਦੇ ਨਾਲ ਜੁੜੇ ਜਾਂ ਇਸ ਦਾ ਇਸਤੇਮਾਲ ਕਰਨ ਵਾਲੇ ਸ਼ਾਇਦ ਹੀ ਕਿਸੇ ਸ਼ਖ਼ਸ ਨੂੰ ਸਜ਼ਾ ਮਿਲਦੀ ਹੈ। ਉਹ ਕਹਿੰਦੇ ਹਨ ਕਿ ਸ਼ੌਵਿਕ ਅਤੇ ਸੈਮੂਅਲ ਨੂੰ ਕਿਹੋ-ਜਿਹੀ ਸਜ਼ਾ ਹੁੰਦੀ ਹੈ, ਇਹ ਪੁਲਿਸ ਦੀ ਪੁਣਛਾਣ ’ਤੇ ਨਿਰਭਰ ਕਰਦਾ ਹੈ।

**ਬਾਕੀ ਸਫ਼ਾ 32 ’ਤੇ**

# ਲਾਪਤਾ ਸਰੁਪ ਬਾਰੇ ਕਾਨੂੰਨੀ ਮਾਹਿਰਾਂ ਦਾ ਪੈਨਲ ਹੀ ਦੋਸ਼ੀਆਂ ਖ਼ਿਲਾਫ਼ ਕਰੇਗਾ ਕਾਰਵਾਈ

**- ਬਘੇਲ ਸਿੰਘ ਪੱਤਰਕਾਰ**

- ਪੰਥਕ ਜਥੇਬੰਦੀਆਂ ਦੇ ਦਬਾਅ ਕਾਰਣ ਅੰਤ੍ਰਿੰਗ ਕਮੇਟੀ ਨੇ ਪੁਲੀਸ ਕੋਲੋਂ ਕਾਰਵਾਈ ਕਰਵਾਉਣ ਵਾਲਾ ਪਹਿਲਾ ਫ਼ੈਸਲਾ ਲਿਆ ਵਾਪਸ; ਸਿੱਖ ਗੁਰਦੁਆਰਾ ਐਕਟ ਤਹਿਤ ਹੋਵੇਗੀ ਕਾਰਵਾਈ
- ਪੰਥਕ ਜਥੇਬੰਦੀਆਂ ਵਲੋਂ ਦੋਸ਼ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਅਸਲ ਦੋਸ਼ੀਆਂ ਨੂੰ ਬਚਾ ਰਹੇ ਹਨ, ਲੌਂਗੋਵਾਲ ਤੇ ਮਹਿਤਾ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਦੀ ਮੰਗ
- ਪਾਵਨ ਸਰੂਪਾਂ ਦੇ ਅੰਤਿਮ ਸਸਕਾਰ ਦੀ ਗੋਇੰਦਵਾਲ ਸਾਹਿਬ ਵਿਖੇ ਨਹੀਂ ਹੋਈ ਰਜਿਸਟਰ 'ਚ ਐਂਟਰੀ ਘਟਨਾ ਨੂੰ ਪੂਰੀ ਤਰ੍ਹਾਂ ਲੁਕੋਇਆ ਗਿਆ ਹਰਚਰਨ ਸਿੰਘ ਦੀ ਮੌਤ ਵੀ ਸ਼ੱਕ ਦੇ ਘੇਰੇ ਵਿੱਚ

ਲਾਪਤਾ ਪਾਵਨ ਸਰੂਪ ਮਾਮਲੇ ਵਿਚ ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਕਾਨੂੰਨੀ ਮਾਹਿਰਾਂ ਦੀ ਕਮੇਟੀ ਨੂੰ ਖ਼ਤਮ ਨਹੀਂ ਕੀਤਾ ਜਾਵੇਗਾ, ਸਗੋਂ ਇਹੀ ਕਮੇਟੀ ਸਿੱਖ ਗੁਰਦੁਆਰਾ ਐਕਟ ਮੁਤਾਬਕ ਇਸ ਸਬੰਧੀ ਕਾਰਵਾਈ ਬਾਰੇ ਵਿਚਾਰ-ਚਰਚਾ ਕਰੇਗੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਆਪਣੇ ਪਹਿਲੇ ਫ਼ੈਸਲੇ ਨੂੰ ਵਾਪਸ ਲੈਂਦਿਆਂ ਪਾਵਨ ਸਰੂਪ ਮਾਮਲੇ ਵਿਚ ਦੋਸ਼ੀਆਂ ਖ਼ਿਲਾਫ਼ ਪੁਲੀਸ ਕਾਰਵਾਈ ਦੀ ਥਾਂ ਹੁਣ ਖੁਦ ਹੀ ਸੰਸਥਾ ਵੱਲੋਂ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਗੁਰਦੁਆਰਾ ਐਕਟ ਤਹਿਤ ਹੀ ਦੋਸ਼ੀ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਮੁਤਾਬਕ ਦੋਸ਼ੀ ਮੁਲਾਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਵਾਸਤੇ ਚਾਰ ਮੈਂਬਰੀ ਕਾਨੂੰਨੀ ਮਾਹਿਰਾਂ ਦਾ ਪੈਨਲ ਬਣਾਇਆ ਗਿਆ ਸੀ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪੀ ਗਈ ਸੀ। ਪੈਨਲ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਦੋ ਹੋਰ ਕਾਨੂੰਨੀ ਮਾਹਿਰ ਸ਼ਾਮਲ ਕੀਤੇ ਗਏ ਸਨ। ਲਾਪਤਾ ਸਰੂਪ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਲਗਪਗ 15 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਵਧੇਰੇ ਸ਼੍ਰੋਮਣੀ ਕਮੇਟੀ ਕਰਮਚਾਰੀ ਹਨ। ਇਸ ਸਬੰਧੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫ਼ੈਸਲੇ ਤਹਿਤ ਦੋਸ਼ੀ ਪਾਏ ਗਏ ਪੰਜ ਕਰਮਚਾਰੀਆਂ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਹਨ, ਪੰਜ ਨੂੰ ਮੁਅੱਤਲ ਕੀਤਾ ਹੈ ਤੇ ਇਕ ਸੇਵਾਮੁਕਤ ਕਰਮਚਾਰੀ ਦੇ ਫੰਡ ਰੋਕੇ ਗਏ ਹਨ।

**ਲੌਂਗੋਵਾਲ 'ਤੇ ਸਿੱਖ ਕੌਮ ਨੂੰ ਗੁਮਰਾਹ ਕਰਨ ਦਾ ਦੋਸ਼**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇ ਕੇ ਤੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਮਨਜੀਤ ਸਿੰਘ ਬੱਪੀਆਣਾ ਨੇ ਦੋਸ਼ ਲਾਇਆ ਕਿ ਪਾਵਨ ਸਰੂਪਾਂ ਦੇ ਮਸਲੇ 'ਤੇ ਪ੍ਰਧਾਨ ਲੌਂਗੋਵਾਲ ਅਤੇ ਅੰਤ੍ਰਿੰਗ ਕਮੇਟੀ ਨੇ ਕਿਸੇ ਦਬਾਅ ਤਹਿਤ ਝੂਠ ਬੋਲ ਕੇ ਸਿੱਖ ਕੌਮ ਨੂੰ ਗੁਮਰਾਹ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁੰਮ ਪਾਵਨ ਸਰੂਪਾਂ ਸਬੰਧੀ ਬਿਆਨਬਾਜ਼ੀ ਕਰ ਕੇ ਮੁੱਖ ਕਸੂਰਵਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਸਵਾਲ ਚੁੱਕਿਆ ਕਿ 10 ਦਿਨਾਂ 'ਚ ਹੀ ਐੱਸਜੀਪੀਸੀ ਕਾਰਜਕਾਰਨੀ ਕਮੇਟੀ ਨੇ ਜਥੇਦਾਰ ਦੀ ਰਿਪੋਰਟ 'ਤੇ ਕੀਤਾ ਆਪਣਾ ਪਹਿਲਾ ਫ਼ੈਸਲਾ ਕਿਉਂ ਬਦਲ ਦਿੱਤਾ ਹੈ। ਉਨ੍ਹਾਂ ਐੱਸਜੀਪੀਸੀ ਮੈਂਬਰਾਂ ਨੂੰ ਅਪੀਲ ਕੀਤੀ ਕਿ ਮੈਂਬਰ ਸਾਹਿਬਾਨ ਜ਼ਮੀਰ ਦੀ ਆਵਾਜ਼ ਬੁਲੰਦ ਕਰ ਕੇ ਗੁੰਮ ਪਾਵਨ ਸਰੂਪਾਂ ਸਬੰਧੀ ਆਪਣੀ ਗੰਭੀਰਤਾ ਦਿਖਾਉਣ।

ਲਾਪਤਾ ਪਾਵਨ ਸਰੂਪਾਂ ਦੀ ਸ਼੍ਰੋਮਣੀ ਕਮੇਟੀ ਵਲੋਂ ਜਨਤਕ ਕੀਤੀ ਗਈ ਰਿਪੋਰਟ ਤੋਂ ਦੋਸ਼ੀ ਕਰਾਰ ਦਿੱਤੇ ਕਰਮਚਾਰੀਆਂ ਤੇ ਅਧਿਕਾਰੀਆਂ ਖ਼ਿਲਾਫ਼ ਦੋਸ਼ਾਂ ਦਾ ਖੁਲਾਸਾ ਹੋਇਆ ਹੈ ਪਰ ਸਿੱਖ ਜਥੇਬੰਦੀਆਂ ਨੇ ਜਨਤਕ ਕੀਤੀ ਰਿਪੋਰਟ ਨੂੰ ਦੋਸ਼ਪੂਰਨ ਕਰਾਰ ਦਿੰਦਿਆਂ ਮੁਕੰਮਲ ਰਿਪੋਰਟ ਜਨਤਕ ਕਰਨ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਦੋਸ਼ੀਆਂ ਖ਼ਿਲਾਫ਼ ਪੁਲੀਸ ਕੇਸ ਦਰਜ ਕਰਾਉਣ ਲਈ ਹਾਈ ਕੋਰਟ ਜਾਣ ਦੀ ਚਿਤਾਵਨੀ ਦਿੱਤੀ ਹੈ।

ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਸਰਬਜੀਤ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਮੁਕੰਮਲ ਰਿਪੋਰਟ ਜਨਤਕ ਕਰੇ। ਹੁਣ ਤਕ ਸਿਰਫ ਦੋਸ਼ ਸੂਚੀ ਹੀ ਜਨਤਕ ਕੀਤੀ ਗਈ ਹੈ। ਰਿਪੋਰਟ ਜਨਤਕ ਹੋਣ ਤੋਂ ਬਾਅਦ ਹੀ ਇਸ ਤੋਂ ਤਸੱਲੀ ਜਾਂ ਅਸੰਤੁਸ਼ਟੀ ਬਾਰੇ ਕਿਹਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਇਹ ਅਪਰਾਧਿਕ ਮਾਮਲਾ ਹੈ ਅਤੇ ਜੇਕਰ ਸ਼੍ਰੋਮਣੀ ਕਮੇਟੀ ਨੇ ਦੋਸ਼ੀਆਂ ਖ਼ਿਲਾਫ਼ ਪੁਲੀਸ ਕੇਸ ਦਰਜ ਨਾ ਕਰਾਇਆ ਤਾਂ ਉਹ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਗੇ। ਪੰਥਕ ਤਾਲਮੇਲ ਸੰਗਠਨ ਦੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਵੀ ਪੂਰੀ ਰਿਪੋਰਟ ਜਨਤਕ ਕਰਨ ਅਤੇ ਦੋਸ਼ੀਆਂ ਖ਼ਿਲਾਫ਼ ਪੁਲੀਸ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਪੁਲੀਸ ਕਾਰਵਾਈ ਨਾ ਹੋਈ ਤਾਂ ਉਹ ਵੀ ਹਾਈ ਕੋਰਟ ਜਾਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਕਈ ਮਾਮਲਿਆਂ ਵਿਚ ਪੁਲੀਸ ਕੇਸ ਦਰਜ ਹੋ ਚੁੱਕੇ ਹਨ।

ਹਵਾਰਾ ਕਮੇਟੀ ਨੇ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਅੰਤ੍ਰਿੰਗ ਕਮੇਟੀ 'ਤੇ ਦੋਸ਼ ਲਾਇਆ ਹੈ ਕਿ ਉਹ ਇਸ ਮਾਮਲੇ ਵਿਚ ਕਿਸੇ ਸਾਜਿਸ਼ ਤਹਿਤ ਝੂਠ ਬੋਲ ਕੇ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ। ਕਮੇਟੀ ਦੇ ਆਗੂ ਪ੍ਰੋ. ਬਲਜਿੰਦਰ ਸਿੰਘ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਆਦਿ ਨੇ ਜਾਂਚ ਕਮੇਟੀ ਦੀ ਕਾਰਵਾਈ 'ਤੇ ਵੀ ਪ੍ਰਸ਼ਨ ਚਿੰਨ੍ਹ ਲਾਉਂਦਿਆਂ ਆਖਿਆ ਕਿ ਉਸ ਵਲੋਂ ਇਸ ਜਾਂਚ ਵਿਚ ਬਾਦਲ ਪਰਿਵਾਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਜਿਸ ਦੇ ਇਸ਼ਾਰੇ 'ਤੇ ਪ੍ਰਧਾਨ ਅਤੇ ਜਥੇਦਾਰ ਨਿਯੁਕਤ ਕੀਤੇ ਜਾਂਦੇ ਹਨ।

35 ਸਿੱਖ ਜਥੇਬੰਦੀਆਂ ਤੇ ਅਲਾਇੰਸ ਆਫ਼ ਸਿੱਖ ਆਰਗੇਨਾਈਜੇਸ਼ਨਜ਼ ਦੇ ਬੁਲਾਰੇ ਸੁਖਦੇਵ ਸਿੰਘ ਫਗਵਾੜਾ ਅਤੇ ਪਰਮਪਾਲ ਸਿੰਘ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਰਾਜਿੰਦਰ ਸਿੰਘ ਮਹਿਤਾ ਨੂੰ ਲਾਪਤਾ ਹੋਏ ਸਰੂਪਾਂ ਬਾਰੇ ਝੂਠ ਬੋਲਣ ਅਤੇ ਸਿੱਖ ਪੰਥ ਨੂੰ ਗੁਮਰਾਹ ਕਰਨ ਦੇ ਦੋਸ਼ ਤਹਿਤ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਜਾਵੇ। ਉਨ੍ਹਾਂ ਕਿਹਾ ਹੈ ਕਿ ਪ੍ਰਧਾਨ ਲੌਂਗੋਵਾਲ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਮਾਮਲੇ ਵਿੱਚ ਦੋਸ਼ੀਆਂ ਖ਼ਿਲਾਫ਼ ਫ਼ੌਜਦਾਰੀ ਮੁਕੱਦਮੇ ਦਰਜ ਕਰਨ ਤੋਂ ਮੁੱਕਰ ਗਏ ਹਨ ਜਿਸ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ ਸਾਰੇ ਦੋਸ਼ੀਆਂ ਨੂੰ ਬਚਾਉਣਾ ਚਾਹੁੰਦੇ ਹਨ। ਸੁਖਦੇਵ ਸਿੰਘ ਅਤੇ ਪਰਮਪਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸਵਾਲ ਕੀਤਾ ਕਿ ਜੇ ਉਹ ਇਸ ਮਾਮਲੇ ਵਿਚ ਪੁਲੀਸ ਦੀ ਦਖਲਅੰਦਾਜ਼ੀ ਨਹੀਂ ਚਾਹੁੰਦੇ ਤਾਂ ਫਿਰ ਇਹ ਦੱਸਣ ਕਿ ਹਰ ਸਾਲ ਜੂਨ ਮਹੀਨੇ ਸਾਕਾ ਨੀਲਾ ਤਾਰਾ ਦੀ ਵਰ੍ਹੇਗੰਢ ਦੌਰਾਨ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਤੋਂ ਬਿਨਾਂ ਹੀ ਦਰਬਾਰ ਸਾਹਿਬ ਪਰਿਕਰਮਾ ਵਿੱਚ ਪੁਲੀਸ ਤਾਇਨਾਤ ਕਰ ਕੇ ਨੌਜਵਾਨਾਂ ਦੀ ਆਵਾਜ਼ ਕਿਉਂ ਦੱਬੀ ਜਾਂਦੀ ਹੈ। ਜੇ ਕੋਈ ਅਕਾਲ ਤਖਤ ਸਾਹਿਬ 'ਤੇ ਅਰਦਾਸ ਕਰਦਾ ਹੈ ਤਾਂ ਦਰਬਾਰ ਸਾਹਿਬ ਪਰਿਕਰਮਾ ਵਿੱਚ ਤਾਇਨਾਤ ਪੁਲੀਸ ਮੁਲਾਜ਼ਮ ਉਸੇ ਵੇਲੇ ਕਿਵੇਂ ਗ੍ਰਿਫ਼ਤਾਰ ਕਰ ਲੈਂਦੇ ਹਨ। ਉਨ੍ਹਾਂ ਪ੍ਰਧਾਨ ਲੌਂਗੋਵਾਲ ਨੂੰ ਸਵਾਲ ਕੀਤਾ ਕਿ ਹਰ ਵੇਲੇ ਦਰਬਾਰ ਸਾਹਿਬ ਦੀ ਪਰਿਕਰਮਾ ਅੰਦਰ ਸਿਵਲ ਵਰਦੀ 'ਚ ਘੁੰਮ ਰਹੇ ਪੁਲੀਸ ਮੁਲਾਜ਼ਮਾਂ ਦਾ ਪੂਰਾ ਕੰਟਰੋਲ ਹੁੰਦਾ ਹੈ ਕੀ ਉਸ ਵੇਲੇ ਪੁਲੀਸ ਦੀ ਦਖ਼ਲਅੰਦਾਜ਼ੀ ਉਨ੍ਹਾਂ ਦੀ ਸਹਿਮਤੀ ਨਾਲ ਹੁੰਦੀ ਹੈ। ਦੋਹਾਂ ਆਗੂਆਂ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਰਾਜਿੰਦਰ ਸਿੰਘ ਮਹਿਤਾ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਦਾਅਵਾ ਕੀਤਾ ਸੀ ਕਿ ਅੱਗ ਲੱਗਣ ਵਾਲੇ ਦਿਨ ਸਿਰਫ 14 ਸਰੂਪ ਹੀ ਨੁਕਸਾਨੇ ਗਏ ਸਨ ਜਦਕਿ ਫਰਵਰੀ 2020 ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਫ਼ਿਸ ਨੋਟ ਤੋਂ ਇਹ ਗੱਲ ਸਾਬਤ ਹੋ ਗਈ ਕਿ ਉਸ ਦਿਨ 80 ਦੇ ਕਰੀਬ ਗੁਰੂ ਸਾਹਿਬ ਦੇ ਪਾਵਨ ਸਰੂਪ ਨੁਕਸਾਨੇ ਗਏ ਸਨ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਹ ਅਪੀਲ ਵੀ ਕੀਤੀ ਕਿ ਭਾਈ ਲੌਂਗੋਵਾਲ ਤੇ ਮਹਿਤਾ ਸਮੇਤ ਸਾਰੇ ਦੋਸ਼ੀਆਂ 'ਤੇ ਕਿਸੇ ਵੀ ਸਿੱਖ ਸੰਸਥਾ ਦੀ ਚੋਣ ਲੜਨ 'ਤੇ ਪਾਬੰਦੀ ਲਾਈ ਜਾਵੇ।

**ਇਕ ਹਜ਼ਾਰ ਪੰਨਿਆਂ ਦੀ ਜਾਂਚ ਰਿਪੋਰਟ ਦੇ ਕੇਵਲ 10 ਪੰਨੇ ਹੀ ਕੀਤੇ ਜਨਤਕ**

ਬੀਤੇ ਦਿਨ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਪਾਸ ਮਤੇ ਰਾਹੀਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਪੜਤਾਲੀਆ ਕਮੇਟੀ ਦੀ ਰਿਪੋਰਟ ਸਿੱਖ ਜਥੇਬੰਦੀਆਂ ਦੀ ਜ਼ੋਰਦਾਰ ਮੰਗ ਅੱਗੇ ਝੁਕਦਿਆਂ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ 'ਤੇ ਜਨਤਕ ਕਰਨ ਦਾ ਐਲਾਨ ਕੀਤਾ ਸੀ, ਪਰ ਅਸਲੀਅਤ 'ਚ ਡਾ: ਈਸ਼ਰ ਸਿੰਘ ਵਾਲੀ ਜਾਂਚ ਕਮੇਟੀ ਦੀ ਕਰੀਬ 1 ਹਜ਼ਾਰ ਪੰਨੇ ਵਾਲੀ ਜਾਂਚ ਰਿਪੋਰਟ 'ਚੋਂ ਕੇਵਲ 10 ਪੰਨਿਆਂ ਨੂੰ ਹੀ ਜਨਤਕ ਕੀਤਾ ਗਿਆ ਹੈ ? ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਖੋਲ੍ਹਣ 'ਤੇ ਸਾਹਮਣੇ ਦਿਖਾਈ ਦਿੰਦੇ ਇਕ ਲਿੰਕ ਦੇ ਸਿਰਲੇਖ 'ਤੇ 'ਮਾਣਯੋਗ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਪੜਤਾਲੀਆ ਕਮੇਟੀ ਵਲੋਂ ਪੇਸ਼ ਕੀਤੀ ਗਈ ਰਿਪੋਰਟ' ਲਿਖਿਆ ਮਿਲਦਾ ਹੈ ? ਪਰ ਲਿੰਕ 'ਤੇ ਕਲਿੱਕ ਕਰਨ 'ਤੇ ਕੇਵਲ ਜਾਂਚ ਰਿਪੋਰਟ ਦੇ 10 ਪੰਨੇ ਹੀ ਨਜ਼ਰ ਆਉਂਦੇ ਹਨ ਅਤੇ ਬਾਕੀ ਬਚਦੇ 990 ਪੰਨਿਆਂ ਬਾਰੇ ਕੋਈ ਜ਼ਿਕਰ ਨਹੀਂ ਮਿਲਦਾ? ਇੱਥੇ ਜ਼ਿਕਰਯੋਗ ਹੈ ਕਿ ਅਕਾਲ ਪੁਰਖ ਕੀ ਫੌਜ ਸੰਸਥਾ ਦੇ ਡਾਇਰੈਕਟਰ ਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ ਨੇ ਬੀਤੇ ਦਿਨ ਆਰ.ਟੀ.ਆਈ. ਰਾਹੀਂ ਸ਼੍ਰੋਮਣੀ ਕਮੇਟੀ ਤੋਂ ਜਾਂਚ ਰਿਪੋਰਟ ਦੀ ਕਾਪੀ ਦੀ ਮੰਗ ਸਮੇਤ ਲਾਪਤਾ ਪਾਵਨ ਸਰੂਪਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦੀ ਮੰਗ ਕੀਤੀ ਸੀ ? ਇਸ ਸਬੰਧੀ ਫ਼ਿਲਹਾਲ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਜਾਂਚ ਕਮੇਟੀ ਦੇ ਮੁਖੀ ਡਾ: ਈਸ਼ਰ ਸਿੰਘ ਐਡਵੋਕੇਟ ਦਾ ਅਜੇ ਤੱਕ ਕੋਈ ਪ੍ਰਤੀਕਰਮ ਸਾਹਮਣੇ ਨਹੀਂ ਆਇਆ ?

**ਮਾਮਲਾ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਅਗਨ ਭੇਟ ਹੋਏ ਸਰੂਪਾਂ ਦਾ**

19 ਮਈ 2016 ਨੂੰ ਗੁਰਦੁਆਰਾ ਰਾਮਸਰ ਸਾਹਿਬ ਸਥਿਤ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਅਗਨ ਭੇਟ ਹੋਏ ਤੇ ਪਾਣੀ ਨਾਲ ਨੁਕਸਾਨੇ ਗਏ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੇ ਮਾਮਲੇ ਨੂੰ ਜਿਸ ਤਰ੍ਹਾਂ ਚੁੱਪ-ਚੁਪੀਤੇ ਪਾਵਨ ਸਰੂਪਾਂ ਦੇ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਸਸਕਾਰ ਕਰ ਕੇ ਜਲ ਪ੍ਰਵਾਹ ਕਰ ਦਿੱਤੇ ਗਏ, ਉੱਥੇ ਇਸ ਮਾਮਲੇ 'ਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਅਹੁਦੇਦਾਰਾਂ ਵਲੋਂ ਨਿਯਮਾਂ ਦੀਆਂ ਧੱਜੀਆਂ ਉਡਾਉਣ ਦੇ ਨਾਲ-ਨਾਲ ਸਿੱਖ ਰਹਿਤ ਮਰਿਆਦਾ ਦਾ ਘਾਣ ਕੀਤਾ ਗਿਆ, ਉਸ ਕਾਰਨ ਸ਼੍ਰੋਮਣੀ ਕਮੇਟੀ ਦਾ ਸਿਰ ਨੀਵਾਂ ਹੋਇਆ ਹੈ ? ਪਾਵਨ ਸਰੂਪ ਅਗਨ ਭੇਟ ਹੋਣ 'ਤੇ ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਤੇ ਬਾਕੀ ਅੰਤ੍ਰਿਗ ਕਮੇਟੀ ਵਲੋਂ ਕੋਈ ਪਸ਼ਚਾਤਾਪ ਨਾ ਕੀਤੇ ਜਾਣ 'ਤੇ ਸਿੱਖ ਇਤਿਹਾਸ 'ਚ ਪਹਿਲੀ ਵਾਰ ਹੋ ਰਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਸਾਲ 2016 ਦੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦੇ ਨਾਲ ਨਾਲ ਉਸ ਵੇਲੇ ਦੇ ਮੁੱਖ ਸਕੱਤਰ ਨੂੰ ਅਕਾਲ ਤਖ਼ਤ ਸਾਹਿਬ ਉੱਪਰ ਤਲਬ ਕਰ ਕੇ ਆਪਣਾ ਸਪਸ਼ਟੀਕਰਨ ਦੇਣ ਲਈ ਕਿਹਾ ਗਿਆ ਹੈ।

ਉਸ ਸਮੇਂ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਦਿਹਾਂਤ ਹੋ ਚੁੱਕਾ ਹੈ, ਜਦਕਿ 2016 ਦੀ ਸਮੁੱਚੀ ਅੰਤ੍ਰਿਗ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਮੁੱਖ ਰੂਪ 'ਚ ਕੇਵਲ ਸਿੰਘ ਬਾਦਲ, ਰਘੁਜੀਤ ਸਿੰਘ ਵਿਰਕ, ਸੁਖਦੇਵ ਸਿੰਘ ਭੌਰ, ਭਾਈ ਰਜਿੰਦਰ ਸਿੰਘ ਮਹਿਤਾ ਤੋਂ ਇਲਾਵਾ ਉਸ ਸਮੇਂ ਦੇ ਮੁੱਖ ਸਕੱਤਰ ਹਰਚਰਨ ਸਿੰਘ ਮਿਤੀ 18 ਸਤੰਬਰ 2020 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਪੰਜ ਸਿੰਘ ਸਾਹਿਬਾਨ ਅੱਗੇ ਆਪਣਾ ਸਪਸ਼ਟੀਕਰਨ ਦੇਣਗੇ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ 24 ਅਗਸਤ 2020 ਨੂੰ ਇਹ ਹੁਕਮ ਜਾਰੀ ਕੀਤਾ ਸੀ। ਵਰਨਣਯੋਗ ਹੈ ਕਿ 19 ਮਈ 2016 ਨੂੰ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗਨ ਭੇਟ ਹੋਏ ਪਾਵਨ ਸਰੂਪ ਅਤੇ ਪਾਣੀ ਨਾਲ ਨੁਕਸਾਨੇ ਹੋਏ ਪਾਵਨ ਸਰੂਪਾਂ ਦੇ ਸਸਕਾਰ ਸਬੰਧੀ, ਜਿਸ ਬੱਸ 'ਤੇ ਇਹ ਪਾਵਨ ਸਰੂਪ ਸੁਸ਼ੋਭਿਤ ਕਰ ਕੇ ਗੋਇੰਦਵਾਲ ਸਾਹਿਬ ਵਿਖੇ ਲਿਜਾਏ ਗਏ, ਉਸ ਬੱਸ ਦੇ ਅੱਗੇ-ਪਿੱਛੇ ਪਾਈਲਟ ਜਿਪਸੀ ਲਗਾਈ ਗਈ ਸੀ ਅਤੇ ਕਿਸੇ ਨੂੰ ਇਹ ਵੀ ਪਤਾ ਨਹੀਂ ਸੀ ਕਿ ਇਸ ਬੱਸ 'ਚ ਅਗਨ ਭੇਟ ਹੋਏ ਤੇ ਪਾਣੀ ਨਾਲ ਨੁਕਸਾਨੇ ਹੋਏ ਪਾਵਨ ਸਰੂਪ ਹਨ। ਇੱਥੋਂ ਤੱਕ ਕਿ ਇਸ ਘਟਨਾ ਨੂੰ ਪੂਰੀ ਤਰ੍ਹਾਂ ਛੁਪਾਇਆ ਗਿਆ ਹੈ।

ਇਨ੍ਹਾਂ ਪਾਵਨ ਸਰੂਪਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਲਿਜਾ ਕੇ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਸਸਕਾਰ ਕਰਨ ਤੋਂ ਬਾਅਦ ਜਲ ਪ੍ਰਵਾਹ ਕਰ ਦਿੱਤਾ ਗਿਆ। ਇੱਥੋਂ ਤੱਕ ਕਿ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਸਥਿਤ ਰਜਿਸਟਰ 'ਚ ਅਤੇ ਗੁਰਦੁਆਰਾ ਰਾਮਸਰ ਸਾਹਿਬ ਸਥਿਤ ਇਸ ਨੂੰ ਦਰਜ ਵੀ ਨਹੀਂ ਕੀਤਾ ਗਿਆ, ਜਿਸ ਕਾਰਨ ਜਾਂਚ ਕਮੇਟੀ ਵਲੋਂ ਅਗਨ ਭੇਟ ਹੋਏ ਪਾਵਨ ਸਰੂਪਾਂ ਦੇ ਸਸਕਾਰ ਅਤੇ ਜਲ ਪ੍ਰਵਾਹ ਦੀ ਜਾਣਕਾਰੀ ਦਰਜ ਨਾ ਕਰਨ 'ਤੇ ਗੋਇੰਦਵਾਲ ਸਾਹਿਬ ਵਿਖੇ ਤਾਇਨਾਤ ਅਮਰਜੀਤ ਸਿੰਘ ਸੇਵਾਦਾਰ ਨੂੰ ਕਸੂਰਵਾਰ ਮੰਨਦਿਆਂ ਉਸ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ।

ਗੁਰੂ ਗ੍ਰੰਥ ਸਾਹਿਬ ਭਵਨ ਸਥਿਤ ਪਬਲੀਕੇਸ਼ਨ ਵਿਭਾਗ ਦੇ ਇੰਚਾਰਜ ਪਰਮਦੀਪ ਸਿੰਘ ਨੇ ਸਿਰਫ਼ ਪੰਜ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਸਬੰਧੀ ਪੁਲਿਸ ਨੂੰ ਬਿਆਨ ਦਿੱਤੇ ਸਨ, ਜਦਕਿ ਪਬਲੀਕੇਸ਼ਨ ਵਿਭਾਗ 'ਚ ਹੀ ਤਾਇਨਾਤ ਸਹਾਇਕ ਸੁਪਰਵਾਈਜ਼ਰ ਕੰਵਲਜੀਤ ਸਿੰਘ ਅਨੁਸਾਰ ਪਾਣੀ ਨਾਲ ਨੁਕਸਾਨੇ ਅਤੇ ਅਗਨ ਭੇਟ ਹੋਏ ਪਾਵਨ ਸਰੂਪਾਂ ਦੀ ਗਿਣਤੀ 80 ਸੀ। 19 ਮਈ 2016 ਨੂੰ ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਗੁਪਤ ਤਰੀਕੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੁਕਸਾਨੇ ਗਏ 65 ਪਾਵਨ ਸਰੂਪ ਸਸਕਾਰ ਕਰ ਕੇ ਜਲ ਪ੍ਰਵਾਹ ਕੀਤੇ ਗਏ, ਜਦਕਿ 15 ਪਾਵਨ ਸਰੂਪਾਂ ਨੂੰ 31 ਮਈ 2016 ਨੂੰ ਖ਼ੁਫ਼ੀਆ ਤਰੀਕੇ ਨਾਲ ਬਿਰਧ ਸਰੂਪਾਂ 'ਚ ਰੱਖ ਕੇ ਗੋਇੰਦਵਾਲ ਸਾਹਿਬ ਵਿਖੇ ਲਿਜਾ ਕੇ ਸਸਕਾਰ ਕਰ ਕੇ ਜਲ ਪ੍ਰਵਾਹ ਕੀਤੇ ਗਏ। ਜਾਂਚ ਕਮੇਟੀ ਵਲੋਂ ਜਦ ਹੋਰਨਾਂ ਤੋਂ ਇਲਾਵਾ ਉਸ ਸਮੇਂ ਦੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਹਰਚਰਨ ਸਿੰਘ, ਮਨਜੀਤ ਸਿੰਘ ਸਕੱਤਰ, ਰਜਿੰਦਰ ਸਿੰਘ ਮਹਿਤਾ ਆਦਿ ਦੇ ਬਿਆਨ ਦਰਜ ਕੀਤੇ ਗਏ ਤਾਂ ਇਹ ਪਾਇਆ ਕਿ ਨਾ ਤਾਂ 19 ਮਈ 20 16 ਨੂੰ ਪਾਣੀ ਨਾਲ ਨੁਕਸਾਨੇ ਅਤੇ ਅਗਨ ਭੇਟ ਪਾਵਨ ਸਰੂਪਾਂ ਦਾ ਵੇਰਵਾ ਦਿੱਤਾ ਗਿਆ ਸੀ ਅਤੇ ਨਾ ਹੀ ਮਰਿਆਦਾ ਅਨੁਸਾਰ ਅਖੰਡ ਪਾਠ ਸਾਹਿਬ ਦੇ ਪਾਠ ਕਰਵਾਏ ਗਏ ਤੇ ਨਾ ਹੀ ਪਸ਼ਚਾਤਾਪ ਕਰਨ ਦੇ ਨਾਲ-ਨਾਲ ਭੁੱਲਾਂ ਬਖ਼ਸ਼ਾਈਆਂ ਗਈਆਂ।

**ਬਾਕੀ ਸਫ਼ਾ 31 'ਤੇ**

# ਕਿਥੇ ਹੈ ਭਾਰਤ ਵਿਚ ਲੋਕਤੰਤਰ ?

## ਆਲਮੀ ਮਹਾਂਮਾਰੀ ਦੌਰਾਨ ਭਾਰਤੀ ਅਰਥਚਾਰਾ ਬੁਰੀ ਤਰਾਂ ਡਗਮਗਾਇਆ, ਧਾਰਾ 370 ਦੇ ਖ਼ਾਤਮੇ ਅਤੇ ਨਾਗਰਿਕਤਾ ਸੋਧ ਬਿਲ ਨੇ ਬਹੁਲਵਾਦ ਨੂੰ ਮਾਰੀ ਭਾਰੀ ਸੱਟ, ਅਦਾਲਤ ਦੀ ਅਸਫਲਤਾ ਦੀਆਂ ਕੁਝ ਉਦਾਹਰਣਾਂ ਯੂਏਪੀਏ ਵਰਗੇ ਕਾਲੇ ਕਾਨੂੰਨ



**- ਰਾਮਚੰਦਰ ਗੁਹਾ ਇਤਿਹਾਸਕਾਰ**

15 ਅਗਸਤ 2007 ਨੂੰ ਮੈਂ ਅੰਗਰੇਜ਼ੀ ਅਖ਼ਬਾਰ 'ਹਿੰਦੋਸਤਾਨ ਟਾਈਮਜ਼' ਵਿਚ ਦੇਸ਼ ਦੇ ਹਾਲਾਤ ਬਾਰੇ ਲੇਖ ਲਿਖਿਆ ਸੀ। ਉਦੋਂ ਭਾਰਤ ਦੇ ਉੱਭਰਦੀ ਮਹਾਂਸ਼ਕਤੀ ਹੋਣ ਬਾਰੇ ਕਾਫ਼ੀ ਚਰਚਾ ਚੱਲਦੀ ਸੀ। ਚੀਨ ਪਹਿਲਾਂ ਹੀ ਕੌਮਾਂਤਰੀ ਮੰਚ ਉੱਤੇ ਆਪਣੀਆਂ ਪੈੜਾਂ ਛੱਡ ਚੁੱਕਾ ਸੀ; ਅਤੇ ਜ਼ਾਹਰਾ ਤੌਰ 'ਤੇ ਹੁਣ ਸਾਡੀ ਵਾਰੀ ਸੀ। ਇੱਕੀਵੀਂ ਸਦੀ ਏਸ਼ੀਆ ਦੀ ਸਦੀ ਹੋਣ ਵਾਲੀ ਸੀ, ਜਿੱਥੇ ਬਾਕੀ ਸਾਰੀ ਦੁਨੀਆਂ ਹੈਰਤ ਤੇ ਸ਼ਲਾਘਾ ਭਰੇ ਢੰਗ ਨਾਲ ਦੇਖਦੀ ਰਹਿ ਜਾਵੇ ਅਤੇ ਚੀਨ ਤੇ ਭਾਰਤ ਉਵੇਂ ਹੀ ਆਰਥਿਕ ਤੇ ਸਿਆਸੀ ਪਿੜ ਵਿਚ ਮੱਲਾਂ ਮਾਰ ਰਹੇ ਹੋਣ, ਜਿਵੇਂ ਅਮਰੀਕਾ ਨੇ 20ਵੀਂ ਸਦੀ ਦੌਰਾਨ ਅਤੇ ਬਰਤਾਨੀਆ ਨੇ 19ਵੀਂ ਸਦੀ ਦੌਰਾਨ ਮਾਅਰਕੇ ਮਾਰੇ। ਸਾਡੀ ਆਗਾਮੀ ਆਲਮੀ ਮਹਾਨਤਾ ਦੀਆਂ ਇਨਾਂ ਸ਼ਾਨਦਾਰ ਉਮੀਦਾਂ ਦੇ ਚੀਅਰਲੀਡਰਜ਼ (ਪ੍ਰਸੰਸਕਾਂ) ਦੇ ਦੋ ਸਮੂਹ ਸਨ: ਇਕ ਮੁੰਬਈ ਤੇ ਬੰਗਲੌਰ ਸਥਿਤ ਉੱਦਮੀ ਅਤੇ ਦੂਜਾ ਨਵੀਂ ਦਿੱਲੀ ਦੇ ਸੰਪਾਦਕ। ਇਸ ਤੋਂ ਇਕ ਸਾਲ ਪਹਿਲਾਂ ਇਨਾਂ ਸਮੂਹਾਂ ਨੇ ਆਪਣਾ ਸਾਰਾ ਤਾਣ ਦਾਵੋਸ ਵਿਖੇ ਵਰਲਡ ਇਕਨੌਮਿਕ ਫੋਰਮ ਦੇ ਸ਼ਾਨਦਾਰ ਸ਼ੋਅ ਦੀ ਮੇਜ਼ਬਾਨੀ ਲਈ ਲਾਇਆ ਜਿੱਥੇ ਭਾਰਤ ਦੇ 'ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵਧ-ਫੁੱਲ ਰਿਹਾ ਲੋਕਤੰਤਰ' ਹੋਣ ਦੀਆਂ ਸ਼ੇਖ਼ੀਆਂ ਮਾਰੀਆਂ। ਇਸ ਟੈਗਲਾਈਨ ਦਾ ਆਖ਼ਰੀ ਲਫ਼ਜ਼ 'ਲੋਕਤੰਤਰ' ਇਕ ਤਰਾਂ ਸ਼ਾਤਿਰਾਨਾ ਢੰਗ ਨਾਲ ਚੀਨ ਦਾ ਮਜ਼ਾਕ ਉਡਾਉਣ ਵਾਲਾ ਸੀ; ਇਸ ਰਾਹੀਂ ਅਮਰੀਕੀ ਤੇ ਯੂਰਪੀ ਕਾਰੋਬਾਰੀਆਂ ਨੂੰ ਇਹ ਸੁਨੇਹਾ ਦਿੱਤਾ ਗਿਆ ਕਿ ਉਨਾਂ ਦੇ ਮੁਲਾਜ਼ਮਾਂ ਲਈ ਭਾਰਤ ਰਹਿਣ ਤੇ ਕੰਮ ਕਰਨ ਲਈ ਬਹੁਤ ਸੁਖਾਵੀਂ ਥਾਂ ਸਾਬਤ ਹੋਵੇਗੀ ਜਦੋਂਕਿ ਨਾਲ ਹੀ ਉਨਾਂ ਨੂੰ ਆਪਣੇ ਨਿਵੇਸ਼ ਦਾ ਭਰਵਾਂ ਮੁੱਲ ਵੀ ਮਿਲੇਗਾ।

ਉੱਦਮੀ ਸੁਭਾਅ ਪੱਖੋਂ ਆਸ਼ਾਵਾਦੀ ਹੁੰਦੇ ਹਨ, ਇੱਥੋਂ ਤੱਕ ਕਿ ਆਦਰਸ਼ਵਾਦੀ ਵੀ। ਦੂਜੇ ਪਾਸੇ ਇਤਿਹਾਸਕਾਰ ਸ਼ੱਕੀ ਮਿਜਾਜ਼ ਦੇ ਹੁੰਦੇ ਹਨ, ਇੱਥੋਂ ਤੱਕ ਕਿ ਸਨਕੀ ਵੀ। ਆਪਣੀ ਇਸ ਪੇਸ਼ੇਵਰ ਫ਼ਿਤਰਤ ਦੇ ਆਧਾਰ 'ਤੇ ਮੈਂ 15 ਅਗਸਤ 2007 ਦੇ ਆਪਣੇ ਲੇਖ ਵਿਚ ਦਲੀਲ ਦਿੱਤੀ ਕਿ ਸੰਸਾਰ ਉੱਤੇ ਛਾ ਜਾਣ ਦੀਆਂ ਸਾਡੀਆਂ ਲਾਲਸਾਵਾਂ ਗ਼ੈਰਹਕੀਕੀ ਹਨ। ਭਾਰਤ ਵਿਚ ਜਾਤ, ਜਮਾਤ ਅਤੇ ਧਰਮ ਆਧਾਰਤ ਪਾੜਿਆਂ ਦੀਆਂ ਕਈ ਖ਼ਾਮੀਆਂ ਹਨ; ਸਾਡੇ ਅਦਾਰੇ ਉਹੋ ਜਿਹੇ ਮਜ਼ਬੂਤ ਨਹੀਂ ਸਨ, ਜਿਵੇਂ ਸਾਡੇ ਸੰਵਿਧਾਨ ਦੇ ਸਿਰਜਕਾਂ ਨੇ ਉਨਾਂ ਬਾਰੇ ਚਿਤਵਿਆ ਸੀ; ਜਦੋਂਕਿ ਨਾਲ ਹੀ ਚੌਗ਼ਿਰਦੇ ਦੀ ਵਿਆਪਕ ਤਬਾਹੀ ਨੇ ਆਰਥਿਕ ਵਿਕਾਸ ਦੇ ਟਿਕਾਊਪਣ ਉੱਤੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ। ਦਾਵੋਸ ਵਾਲੀਆਂ ਤੇ ਉਸ ਤੋਂ ਬਾਅਦ ਦੀਆਂ ਕਹਾਣੀਆਂ ਜ਼ਮੀਨੀ ਹਕੀਕਤਾਂ ਨਾਲ ਬਿਲਕੁਲ ਮੇਲ ਨਹੀਂ ਸਨ ਖਾਂਦੀਆਂ। ਮੈਂ ਉਸ ਲੇਖ ਵਿਚ ਇਹੋ ਸਾਰ ਕੱਢਿਆ ਕਿ ਸਾਡਾ ਮੁਲਕ ਮਹਾਂਸ਼ਕਤੀ ਨਹੀਂ ਬਣ ਸਕਦਾ ਸਗੋਂ ਭਾਰਤ 'ਹਮੇਸ਼ਾ ਵਾਂਗ ਅੱਧ-ਵਿਚਾਲੇ ਹੀ ਲਮਕਦਾ ਰਹੇਗਾ'।

ਮੈਂ ਜਾਣਦਾ ਸਾਂ ਕਿ ਮੇਰੇ ਉੱਦਮੀ ਦੋਸਤਾਂ ਨੂੰ ਮੇਰਾ ਇਹ ਮੁਲਾਂਕਣ ਨਿਰਾਸ਼ਾਵਾਦੀ ਜਾਪੇਗਾ ਤੇ ਉਹ ਇਸ ਤੋਂ ਨਾਖ਼ੁਸ਼ ਹੋਣਗੇ। ਉਸ ਵਕਤ ਇੰਝ ਹੀ ਹੋਇਆ ਵੀ, ਪਰ ਹੁਣ ਜਦੋਂ ਮੈਂ ਆਪਣੇ ਲਿਖੇ ਇਨਾਂ ਵਿਚਾਰਾਂ ਵੱਲ ਪਿਛਲਝਾਤ ਮਾਰਦਾ ਹਾਂ ਤਾਂ ਜਾਪਦਾ ਹੈ ਕਿ ਮੈਂ ਕਾਫ਼ੀ ਆਸ਼ਾਵਾਦੀ ਸਾਂ। ਹਿੰਦੋਸਤਾਨ ਦੀ ਆਜ਼ਾਦੀ ਦੀ 60 ਵੀਂ ਵਰੇਗੰਢ ਤੋਂ ਪਹਿਲੜੇ ਸਾਲਾਂ ਦੌਰਾਨ ਭਾਰਤੀ ਅਰਥਚਾਰਾ 8 ਫ਼ੀਸਦੀ ਸਾਲਾਨਾ ਦੀ ਤੇਜ਼ ਰਫ਼ਤਾਰ ਨਾਲ ਵਧ ਰਿਹਾ ਸੀ। ਪਰ ਹੁਣ ਆਲਮੀ ਮਹਾਂਮਾਰੀ ਆਉਣ ਤੋਂ ਪਹਿਲਾਂ ਹੀ ਇਹ ਡਿੱਗ ਕੇ 4 ਫ਼ੀਸਦੀ ਤੱਕ ਜਾ ਚੁੱਕਾ ਸੀ; ਅਤੇ ਹੁਣ ਤਾਂ ਇਹ ਬੁਰੀ ਤਰਾਂ ਮਨਫ਼ੀ ਵਿਚ ਹੋਵੇਗੀ। ਸਾਲ 2006 ਅਤੇ 2007 ਵਿਚ ਕੀਤੇ ਗਏ ਦਾਅਵਿਆਂ ਦੀ ਹਕੀਕਤ ਕੁਝ ਵੀ ਹੋਵੇ, ਪਰ ਹੁਣ ਕੁਝ ਵਰਿਆਂ ਤੋਂ ਅਸੀਂ 'ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ-ਫੁੱਲ ਰਹੀ ਜਮਹੂਰੀਅਤ' ਨਹੀਂ ਹਾਂ। ਇੰਨਾ ਹੀ ਨਹੀਂ, ਇਸ ਟੈਗਲਾਈਨ ਦਾ ਛੇਕੜਲਾ ਸ਼ਬਦ ਹੁਣ ਹੋਰ ਵੀ ਵੱਧ ਸ਼ੱਕੀ ਜਾਪਦਾ ਹੈ। ਹੁਣ ਸਾਡਾ ਅਰਥਚਾਰਾ ਹਰਗਿਜ਼ ਤੇਜ਼ੀ ਨਾਲ ਨਹੀਂ ਵਧ ਰਿਹਾ; ਦੂਜਾ ਹੁਣ ਭਾਰਤ ਨੂੰ ਇਕ ਕੰਮ-ਕਾਜੀ ਲੋਕਤੰਤਰ ਵੀ ਨਹੀਂ ਆਖਿਆ ਜਾ ਸਕਦਾ। ਅਸੀਂ ਪਿਛਲੇ ਲੇਖਾਂ ਵਿਚ ਹਾਕਮ ਪਾਰਟੀ ਵੱਲੋਂ ਗਿਣੇ-ਮਿਥੇ ਢੰਗ ਨਾਲ ਸਾਰੇ ਅਦਾਰਿਆਂ ਨੂੰ ਆਪਣੀ ਮੁੱਠੀ ਵਿਚ ਕਰ ਲਏ ਜਾਣ ਬਾਰੇ ਕਾਫ਼ੀ ਚਰਚਾ ਕਰ ਚੁੱਕੇ ਹਾਂ। ਸਾਡੀਆਂ ਸਿਵਲ ਸੇਵਾਵਾਂ, ਸਾਡੀਆਂ ਖ਼ੁਫ਼ੀਆ ਏਜੰਸੀਆਂ, ਸਾਡੀ ਫ਼ੌਜ, ਰਿਜ਼ਰਵ ਬੈਂਕ, ਚੋਣ ਕਮਿਸ਼ਨ ਅਤੇ ਕੁਝ ਹੱਦ ਤੱਕ ਨਿਆਂਪਾਲਿਕਾ ਵੀ, ਦਿਨ-ਬ-ਦਿਨ ਵੱਧ ਤੋਂ ਵੱਧ ਪੱਖਪਾਤੀ ਦਿਖਾਈ ਦੇ ਰਹੇ ਹਨ, ਜਿਵੇਂ ਉਹ ਉਨਾਂ ਨੂੰ ਕੰਟਰੋਲ ਕਰਨ ਵਾਲੇ ਸਿਆਸਤਦਾਨਾਂ ਦੇ ਹੁਕਮਾਂ ਮੁਤਾਬਿਕ ਹੀ ਕੰਮ ਕਰ ਰਹੇ ਹੋਣ। ਚੁੱਪ-ਚੁਪੀਤੇ ਢੰਗ ਨਾਲ ਜਾਰੀ ਕੀਤੇ ਗਏ ਇਲੈਕਟੋਰਲ (ਚੋਣ) ਬੌਂਡਜ਼ ਨੇ ਜਮਹੂਰੀ ਪ੍ਰਕਿਰਿਆ ਦੀ ਇਮਾਨਦਾਰੀ ਨੂੰ ਹੋਰ ਢਾਹ ਲਾਈ ਹੈ; ਬਿਲਕੁਲ ਉਵੇਂ ਹੀ ਜਿਵੇਂ ਵੱਖੋ-ਵੱਖ ਸੂਬਾਈ ਵਿਧਾਨ ਸਭਾਵਾਂ ਵਿਚ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਦੀ ਖੇਡ ਖੇਡੀ ਗਈ। ਇਸ ਦੌਰਾਨ ਮੀਡੀਆ ਦੇ ਇਕ ਵੱਡੇ ਹਿੱਸੇ ਨੇ ਵੀ ਨਰਿੰਦਰ ਮੋਦੀ ਅਤੇ ਭਾਜਪਾ ਅੱਗੇ ਗੋਡੇ ਟੇਕ ਦਿੱਤੇ ਹਨ; ਜਦੋਂਕਿ ਮੀਡੀਆ ਦਾ ਛੋਟਾ ਜਿਹਾ ਹਿੱਸਾ ਜਿਹੜਾ ਹਾਲੇ ਵੀ ਦਲੇਰੀ ਤੇ ਆਜ਼ਾਦੀ ਨਾਲ ਕੰਮ ਕਰਨਾ ਚਾਹੁੰਦਾ ਹੈ, ਨੂੰ ਰਿਆਸਤ ਵੱਲੋਂ ਬੁਰੀ ਤਰਾਂ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ।




ਭਾਰਤ ਦੀਆਂ ਮਹਾਂਸ਼ਕਤੀ ਬਣਨ ਸਬੰਧੀ ਲਾਲਸਾਵਾਂ ਦੇ 2007 ਵਿਚ ਜ਼ੋਰਦਾਰ ਸੋਹਲੇ ਗਾਉਣ ਵਾਲਿਆਂ ਦਾ ਇਕ ਵਾਰ ਮੈਂ ਖ਼ੂਬ ਮਜ਼ਾਕ ਉਡਾਇਆ ਸੀ। ਹਕੀਕਤ ਇਹ ਹੈ ਕਿ ਉਦੋਂ ਮੈਂ ਖ਼ੁਦ ਭਾਰਤ ਦਾ ਪ੍ਰਸੰਸਕ ਸਾਂ। ਨਾ ਸਿਰਫ਼ ਇਸ ਦੇ ਅਰਥਚਾਰੇ ਦਾ ਸਗੋਂ ਹੋਰਨਾਂ ਚੀਜ਼ਾਂ ਦਾ ਵੀ। ਮੈਂ ਬੋਚ-ਬੋਚ ਭਾਰਤੀ ਜਮਹੂਰੀਅਤ ਦਾ ਵੀ ਗੁਣਗਾਣ ਕਰਦਾ ਸਾਂ; ਪਰ ਇਸ ਦੇ ਸੱਭਿਆਚਾਰ ਤੇ ਧਾਰਮਿਕ ਬਹੁਲਵਾਦ ਦਾ ਜ਼ੋਰਦਾਰ ਪ੍ਰਚਾਰ ਕਰਦਾ ਸਾਂ। ਕਰਦਾ ਵੀ ਕਿਉਂ ਨਾ, ਉਦੋਂ ਭਾਰਤ ਕੋਲ ਸਿੱਖ ਪ੍ਰਧਾਨ ਮੰਤਰੀ ਸੀ, ਜਿਸ ਨੂੰ ਸਹੁੰ ਮੁਸਲਮਾਨ ਰਾਸ਼ਟਰਪਤੀ ਨੇ ਚੁਕਵਾਈ ਸੀ; ਇਸ ਦੇ ਕਰੰਸੀ ਨੋਟਾਂ ਉੱਤੇ ਉਨਾਂ ਦਾ ਮੁੱਲ ਸਤਾਰਾਂ ਵੱਖ-ਵੱਖ ਭਾਸ਼ਾਵਾਂ ਵਿਚ ਲਿਖਿਆ ਹੁੰਦਾ ਸੀ, ਬਿਲਕੁਲ ਸਤਾਰਾਂ ਵੱਖ-ਵੱਖ ਲਿਪੀਆਂ ਵਿਚ- ਇਸ ਸਾਰੇ ਕੁਝ ਕਾਰਨ ਮੈਨੂੰ ਭਾਰਤੀ ਗਣਤੰਤਰ ਦੇ ਬਾਨੀਆਂ ਦੇ ਆਦਰਸ਼ਾਂ ਦਾ ਵਧੀਆ ਢੰਗ ਨਾਲ ਪਾਲਣ ਹੁੰਦਾ ਜਾਪਦਾ ਸੀ।

ਪਿਛਾਂਹ ਮੁੜ ਕੇ ਦੇਖਣ ਉੱਤੇ ਚੋਣਾਂ ਵਿਚ ਭਾਜਪਾ ਦੀਆਂ ਪਹਿਲਾਂ 2004 ਅਤੇ ਫਿਰ 2009 ਵਿਚ ਹੋਈਆਂ ਹਾਰਾਂ ਮੇਰੇ ਵਰਗੇ ਉਦਾਰਵਾਦੀਆਂ ਨੂੰ ਹਿੰਦੂਤਵ ਦੇ ਭਵਿੱਖ ਬਾਰੇ ਲਾਪ੍ਰਵਾਹ ਬਣਾਉਂਦੀਆਂ ਸਨ। ਕਾਰਨ ਇਹ ਕਿ ਇਨਾਂ ਹਾਰਾਂ ਦੇ ਬਾਵਜੂਦ ਇਕ ਸਿਆਸੀ ਤਾਕਤ ਵਜੋਂ ਜਾਂ ਕਹੀਏ ਕਿ ਇਕ ਮਜ਼ਬੂਤ ਜਾਂ ਬਹੁਤ ਹੀ ਮਾੜੇ ਵਿਚਾਰ ਵਜੋਂ ਹਿੰਦੂਤਵ ਨੂੰ ਕੋਈ ਖ਼ੋਰਾ ਨਹੀਂ ਸੀ ਲੱਗਾ। ਆਖ਼ਰ ਨਰਿੰਦਰ ਮੋਦੀ ਦੀ ਕ੍ਰਿਸ਼ਮਈ ਸ਼ਖ਼ਸੀਅਤ ਦੇ ਜ਼ੋਰ 'ਤੇ ਭਾਜਪਾ ਨੇ 2014 ਦੀਆਂ ਚੋਣਾਂ ਵਿਚ ਬਹੁਮਤ ਹਾਸਲ ਕਰ ਲਿਆ। ਮੋਦੀ ਦੇ ਪ੍ਰਧਾਨ ਮੰਤਰੀ ਵਜੋਂ ਪਹਿਲੇ ਕਾਰਜਕਾਲ ਨੂੰ ਮੁੱਖ ਤੌਰ 'ਤੇ ਨੋਟਬੰਦੀ ਦੇ ਮਾਰੂ ਤਜਰਬੇ ਲਈ ਚੇਤੇ ਕੀਤਾ ਜਾਵੇਗਾ ਜਿਸ ਨੇ ਭਾਰਤੀ ਅਰਥਚਾਰੇ ਨੂੰ ਜ਼ੋਰਦਾਰ ਝਟਕਾ ਦਿੰਦਿਆਂ ਕਈ ਸਾਲ ਪਿੱਛੇ ਧੱਕ ਦਿੱਤਾ। ਉਨਾਂ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਨੂੰ ਧਾਰਾ 370 ਦੇ ਖ਼ਾਤਮੇ ਅਤੇ ਨਾਗਰਿਕਤਾ ਸੋਧ ਬਿਲ (ਸੀਏਏ) ਲਈ ਯਾਦ ਕੀਤਾ ਜਾਵੇਗਾ। ਇਨਾਂ ਦੋਵਾਂ ਫ਼ੈਸਲਿਆਂ ਨੇ ਭਾਰਤੀ ਬਹੁਲਵਾਦ ਨੂੰ ਭਾਰੀ ਸੱਟ ਮਾਰੀ। ਨਰਿੰਦਰ ਮੋਦੀ ਅਤੇ ਉਨਾਂ ਦੀ ਸਰਕਾਰ ਭਾਰਤੀ ਅਰਥਚਾਰੇ ਉੱਤੇ ਹੋਰ ਕੀ-ਕੀ ਕਹਿਰ ਢਾਹੁਣਗੇ, ਇਹ ਹਾਲੇ ਅਸੀਂ ਨਹੀਂ ਜਾਣਦੇ।

ਮੁੜ 2007 ਦੀ ਗੱਲ ਕਰੀਏ ਤਾਂ ਉਦੋਂ ਭਾਰਤ ਦੇ ਉੱਭਰਦੀ ਹੋਈ ਮਹਾਂਸ਼ਕਤੀ ਹੋਣ ਬਾਰੇ ਚਰਚਾ ਕਰਨਾ ਇਕ ਤਰਾਂ ਬੇਵਕਤੀ ਗੱਲ ਸੀ। ਪਰ ਉਸ ਦੇ ਬਾਵਜੂਦ ਉਦੋਂ ਆਪਣੇ ਆਪ ਵਿਚ 'ਭਾਰਤ ਦੀ ਇਕ ਕਹਾਣੀ' (ਇੰਡੀਆ ਸਟੋਰੀ) ਸੀ; ਇਕ ਅਜਿਹਾ ਬੜਾ ਵੱਡਾ, ਸਥੂਲ, ਬਿਖੜੇ ਹਾਲਾਤ ਵਾਲਾ ਖ਼ਿੱਤਾ ਜਿਸ ਨੇ ਕਿਸੇ ਤਰਾਂ ਆਪਣੇ ਆਪ ਨੂੰ ਇਕਹਿਰੀ ਤੇ ਇੱਕਮੁੱਠ ਰਾਸ਼ਟਰ-ਸਟੇਟ ਵਜੋਂ ਕਾਇਮ ਰੱਖਿਆ ਸੀ; ਇਕ ਮਰਦ ਪ੍ਰਧਾਨਤਾ ਵਾਲਾ ਸਮਾਜ ਜੋ ਜ਼ਿਆਦਾ ਪੜਿਆ-ਲਿਖਿਆ ਵੀ ਨਹੀਂ ਸੀ, ਪਰ ਕਿਸੇ ਤਰਾਂ ਤੇ ਕਈ ਵਾਰ ਸੰਸਾਰ ਦੇ ਇਤਿਹਾਸ ਦੀ ਸਭ ਤੋਂ ਵੱਡੀ ਜਮਹੂਰੀ ਚੋਣ ਪ੍ਰਕਿਰਿਆ ਨੂੰ ਸਫ਼ਲਤਾਪੂਰਬਕ ਨੇਪਰੇ ਚੜਾ ਚੁੱਕਾ ਸੀ; ਇਕ ਅਜਿਹਾ ਮੁਲਕ ਜਿਹੜਾ ਸਦੀਆਂ ਤੱਕ ਕਾਲ਼-ਭੁੱਖਮਰੀ ਅਤੇ ਨੀਚਤਾ ਵਰਗੇ ਭਾਵਾਂ ਦਾ ਸ਼ਿਕਾਰ ਰਿਹਾ ਸੀ, ਨੇ ਕਰੋੜਾਂ ਲੋਕਾਂ ਨੂੰ ਗ਼ੁਰਬਤ ਦੀ ਜਿੱਲਣ ਵਿਚੋਂ ਬਾਹਰ ਕੱਢਿਆ ਅਤੇ ਨਾਲ ਹੀ ਸੂਚਨਾ ਤਕਨਾਲੋਜੀ ਅਤੇ ਬਾਇਓ-ਤਕਨਾਲੋਜੀ ਵਰਗੇ ਅਤਿ-ਆਧੁਨਿਕ ਖੇਤਰਾਂ ਵਿਚ ਮੱਲਾਂ ਮਾਰੀਆਂ।

ਮੁੜ 2007 ਵਿਚ, ਨਿਰਾ ਉਤਸ਼ਾਹ ਅਤੇ ਆਲਮੀ ਮਹਾਨਤਾ ਦੀਆਂ ਅਗਾਊਂ ਉਮੀਦਾਂ ਤਾਂ ਅਣਉਚਿਤ ਸਨ; ਪਰ ਆਜ਼ਾਦੀ ਤੋਂ ਬਾਅਦ ਦੀਆਂ ਸਾਡੀਆਂ ਵਾਸਤਵਿਕ ਪ੍ਰਾਪਤੀਆਂ ਦਾ ਘਟਾ ਕੇ ਦੇਖਿਆ ਜਾਂਦਾ ਮਾਣ ਉਚਿਤ ਸੀ। ਹੁਣ ਅਗਸਤ 2020 ਵਿਚ ਕਿਸੇ ਵੀ ਤਰਾਂ ਦੀ 'ਭਾਰਤ ਦੀ ਕੋਈ ਕਹਾਣੀ' ਨਹੀਂ ਬਚੀ। ਇੱਥੋਂ ਤੱਕ ਕਿ ਕੋਵਿਡ-19 ਦੇ ਸਾਡੀ ਸਰਜ਼ਮੀਨ ਉੱਤੇ ਘੁਸਪੈਠ ਕਰਨ ਤੋਂ ਪਹਿਲਾਂ ਹੀ ਸਾਡਾ ਅਰਥਚਾਰਾ ਮੰਦੜੀ ਹਾਲਤ ਵਿਚ ਸੀ। ਸਾਡੀ ਜਮਹੂਰੀਅਤ ਵੱਡੇ ਪੱਧਰ 'ਤੇ ਭ੍ਰਿਸ਼ਟ ਤੇ ਜ਼ੰਗ ਖਾਧੀ ਮੰਨੀ ਜਾਂਦੀ ਸੀ। ਸਾਡੀਆਂ ਘੱਟਗਿਣਤੀਆਂ ਦਹਿਸ਼ਤਜ਼ਦਾ ਤੇ ਅਸੁਰੱਖਿਅਤ ਸਨ। ਇੱਥੋਂ ਤੱਕ ਕਿ ਜਿਨਾਂ ਉੱਦਮੀਆਂ ਨੂੰ ਮੈਂ ਜਾਣਦਾ ਹਾਂ, ਜਿਹੜੇ ਕਿਸੇ ਵੇਲੇ ਬਹੁਤ ਆਸਵੰਦ ਅਤੇ ਆਸ਼ਾਵਾਦੀ ਸਨ, ਉਹ ਬਰਬਾਦੀ ਤੇ ਨਿਰਾਸ਼ਾ ਦਾ ਸ਼ਿਕਾਰ ਸਨ। ਅਤੇ ਹੁਣ ਇਸ ਆਲਮੀ ਮਹਾਂਮਾਰੀ ਨੇ ਤਾਂ ਸਾਡੀਆਂ ਆਰਥਿਕ ਮੁਸ਼ਕਲਾਂ, ਸਾਡੀਆਂ ਸਮਾਜਿਕ ਦੂਰੀਆਂ ਅਤੇ ਸਾਡੇ ਜਮਹੂਰੀ ਨੁਕਸਾਨ ਨੂੰ ਹੋਰ ਵਧਾ ਦਿੱਤਾ ਹੈ। ਮੁਲਕ ਦੇ ਅਰਥਚਾਰੇ ਨੂੰ ਮੁੜ ਲੀਹ 'ਤੇ ਲਿਆਉਣ ਲਈ ਕਈ ਸਾਲ ਲੱਗ ਜਾਣਗੇ; ਪਰ ਸਾਡੇ ਲੋਕਤੰਤਰ ਦੇ ਤਾਣੇ-ਬਾਣੇ ਅਤੇ ਸਾਡੇ ਸਮਾਜ ਦੀਆਂ ਬਹੁਲਤਾਵਾਦੀ ਕਦਰਾਂ-ਕੀਮਤਾਂ ਨੂੰ ਜੋ ਨੁਕਸਾਨ 2014 ਤੋਂ ਲਗਾਤਾਰ ਹੋ ਰਿਹਾ ਹੈ, ਕੀ ਉਹ ਕਦੇ ਪੂਰਾ ਹੋ ਸਕੇਗਾ ? ਇਹ ਇਕ ਵੱਡਾ ਸਵਾਲ ਹੈ।

ਹੁਣ ਇਹ ਸਾਡੇ ਭਵਿੱਖ ਦੇ ਇਤਿਹਾਸਕਾਰਾਂ ਦੇ ਜ਼ਿੰਮੇ ਹੈ ਕਿ ਉਹ ਇਸ ਗੱਲ ਨੂੰ ਮੁਕੰਮਲ ਤੇ ਪ੍ਰਮਾਣਿਕ ਤੌਰ 'ਤੇ ਦਸਤਾਵੇਜ਼ੀ ਰੂਪ ਦੇਣ ਕਿ ਇਕ ਰਾਸ਼ਟਰ ਦੀ ਗਿਰਾਵਟ ਕਿਵੇਂ ਸ਼ੁਰੂ ਹੋਈ ਅਤੇ ਨਾਲ ਹੀ ਇਸ ਗੱਲ ਦੀ ਵੀ ਆਲੋਚਨਾਤਮਕ ਨਿਰਖ-ਪਰਖ ਕਰਨ ਕਿ ਇਸ ਨਿਘਾਰ ਲਈ ਕਿਹੜੇ ਵਿਅਕਤੀ ਅਤੇ ਕਿਹੜੇ ਅਦਾਰੇ ਜ਼ਿੰਮੇਵਾਰ ਸਨ ਤੇ ਕਿਸ ਤਰਾਂ ਜ਼ਿੰਮੇਵਾਰ ਸਨ। ਮੇਰਾ ਆਪਣਾ ਖ਼ਿਆਲ ਹੈ ਕਿ ਸਾਡੇ ਨਿਘਾਰ ਦੀ ਨੀਂਹ ਡਾ. ਮਨਮੋਹਨ ਸਿੰਘ ਦੇ ਦੂਜੇ ਕਾਰਜਕਾਲ ਦੌਰਾਨ ਹੀ ਰੱਖੀ ਗਈ ਸੀ, ਭਾਵੇਂ ਕਿ ਅਸਲੀ ਨੁਕਸਾਨ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੋਇਆ ਹੈ। ਭਾਰਤ ਦੀ ਆਜ਼ਾਦੀ ਦੀ 60ਵੀਂ ਵਰੇਗੰਢ 15 ਅਗਸਤ 2007 ਮੌਕੇ ਇਸ ਗੱਲ 'ਤੇ ਬਹਿਸ ਹੋ ਸਕਦੀ ਸੀ ਕਿ ਕੀ ਉਦੋਂ ਭਾਰਤ ਇਕ ਬਣਨ ਜਾ ਰਹੀ ਮਹਾਂਸ਼ਕਤੀ ਸੀ ਜਾਂ ਨਹੀਂ। ਪਰ ਹੁਣ 13 ਸਾਲਾਂ ਬਾਅਦ ਅਜਿਹੀ ਕੋਈ ਬਹਿਸ ਸਿਰੇ ਦੀ ਹਾਸੋਹੀਣੀ ਗੱਲ ਹੋਵੇਗੀ।

**ਸੁਪਰੀਮ ਕੋਰਟ ਦੀ ਸੰਵਿਧਾਨਕ ਜ਼ਿੰਮੇਵਾਰੀ ਕਿਥੇ**

ਮੈਂ ਸੁਪਰੀਮ ਕੋਰਟ ਦੇ ਕੰਮਕਾਜ ਬਾਰੇ ਲੋਕਾਂ ਦੇ ਘੱਟ ਰਹੇ ਵਿਸ਼ਵਾਸ ਨਾਲ ਚਿੰਤਤ ਹਾਂ। ਮੈਨੂੰ ਸਿੱਧੇ ਤੌਰ 'ਤੇ ਇਹ ਕਹਿਣਾ ਚਾਹੀਦਾ ਹੈ ਕਿ ਇਹ ਭਾਰਤੀ ਲੋਕਤੰਤਰ ਦੇ ਪਤਨ ਦਾ ਸਿਰਫ ਇਕ ਹਿੱਸਾ ਹੈ, ਜਿਸ ਵਿਚ ਅਦਾਲਤ ਨੇ ਯਕੀਨਨ ਕੇਂਦਰੀ ਭੂਮਿਕਾ ਨਿਭਾਈ ਹੈ। ਇਸ ਦੇ ਫੇਲ ਹੋਣ ਦੇ ਹੋਰ ਗੰਭੀਰ ਰੂਪ ਹਨ- ਨੌਕਰਸ਼ਾਹੀ ਅਤੇ ਪੁਲਿਸ ਨੂੰ ਕੇਂਦਰੀ ਸਤਾ ਅਧੀਨ ਉਸਾਰਨਾ, ਮੀਡੀਆ ਨੂੰ ਡਰਾਉਣਾ, ਟੈਕਸ ਅਤੇ ਜਾਂਚ ਏਜੰਸੀਆਂ ਦੀ ਵਰਤੋਂ ਕਰਦਿਆਂ ਸੁਤੰਤਰ ਆਵਾਜ਼ ਨੂੰ ਡਰਾਉਣਾ ਅਤੇ ਧਮਕਾਉਣਾ, ਬਸਤੀਵਾਦੀ ਦੌਰ ਦੇ ਜ਼ਾਲਮ ਕਾਨੂੰਨਾਂ ਨੂੰ ਹਟਾਉਣ ਦੀ ਬਜਾਏ ਇਸ ਨੂੰ ਮਜ਼ਬੂਤ ਕਰਨਾ ਅਤੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨਾ ਤੇ ਸਮੇਂ ਸਮੇਂ ਰਾਜਾਂ ਦੇ ਅਧਿਕਾਰਾਂ ਨੂੰ ਨਿਰੰਤਰ ਘਟਾਉਣਾ।

ਮੈਂ ਇਹ ਵੀ ਸਪੱਸ਼ਟ ਕਰ ਦੇਵਾਂ ਕਿ ਲੋਕਤੰਤਰੀ ਪ੍ਰਕਿਰਿਆਵਾਂ ਨੂੰ ਵਿਗਾੜਨ ਦਾ ਇਹ ਕੰਮ ਕਾਂਗਰਸ ਦੁਆਰਾ ਉਦੋਂ ਸ਼ੁਰੂ ਕੀਤਾ ਗਿਆ ਸੀ ਜਦੋਂ ਇਹ ਕੇਂਦਰੀ ਸੱਤਾ ਵਿਚ ਸੀ ਅਤੇ ਮਈ 2014 ਤੋਂ ਭਾਰਤੀ ਜਨਤਾ ਪਾਰਟੀ ਨੇ ਇਸ ਨੂੰ ਹੋਰ ਵਿਗਾੜ ਦਿਤਾ।

ਭਾਰਤੀ ਲੋਕਤੰਤਰ ਦੇ ਪਤਨ ਨੂੰ ਰੋਕਣ ਲਈ ਸੁਪਰੀਮ ਕੋਰਟ ਨੇ ਕੁਝ ਨਹੀਂ ਕੀਤਾ । ਇਸ ਸੰਦਰਭ ਵਿਚ ਅਦਾਲਤ ਦੀ ਅਸਫਲਤਾ ਦੀਆਂ ਕੁਝ ਉਦਾਹਰਣਾਂ ਯੂਏਪੀਏ ਵਰਗੇ ਕਾਲੇ ਕਾਨੂੰਨ ਹਨ, ਜਿਨਾਂ ਦੀ ਸੰਵਿਧਾਨ ਅਤੇ ਲੋਕਤੰਤਰ ਵਿਚ ਕੋਈ ਜਗਾ ਨਹੀਂ ਹੋਣੀ ਚਾਹੀਦੀ। ਅਦਾਲਤ ਨੇ ਅਜਿਹੇ ਕਾਲੇ ਕਨੂੰਨਾਂ ਨੂੰ ਖਾਰਜ ਨਾ ਕਰਕੇ ਸੰਵਿਧਾਨਕ ਭੂਮਿਕਾ ਨਹੀਂ ਨਿਭਾਈ। ਵੱਡੇ ਕੇਸਾਂ ਦੀ ਸੁਣਵਾਈ ਵਿਚ ਦੇਰੀ ਕਰਦਿਆਂ (ਉਦਾਹਰਣ ਵਜੋਂ, ਚੋਣ ਫੰਡਿੰਗ ਅਤੇ ਸਮਾਨ ਨਾਗਰਿਕਤਾ ਕਾਨੂੰਨ), ਕਸ਼ਮੀਰ ਦੇ ਬੱਚਿਆਂ ਅਤੇ ਵਿਦਿਆਰਥੀਆਂ ਨੂੰ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਰੱਖਣਾ, ਸਭ ਤੋਂ ਲੰਬੇ ਸਮੇਂ ਲਈ ਇੰਟਰਨੈਟ ਬੰਦ ਕਰਨਾ ਅਤੇ ਇੱਕ ਪੂਰੇ ਸਾਲ ਲਈ ਸਿੱਖਿਆ ਅਤੇ ਗਿਆਨ ਦੇ ਸਾਰੇ ਸਾਧਨਾਂ ਤੋਂ ਵਿਰਵੇ ਰਖਣਾ ਸੰਵਿਧਾਨ ਵਿਰੋਧੀ ਕਾਰਵਾਈ ਹੈ। ਸੰਵਿਧਾਨ ਦੇ ਮਾਹਿਰ ਅਤੇ ਵਕੀਲ ਇਨਾਂ ਵਿੱਚ ਹੋਰ ਉਦਾਹਰਣਾਂ ਸ਼ਾਮਲ ਕਰ ਸਕਦੇ ਹਨ। ਸੱਤਾ ਦੇ ਕੇਂਦਰੀਕਰਨ ਦੇ ਇਸ ਰੁਝਾਨ ਨੂੰ ਕੋਵਿਡ-19 ਦੇ ਸੰਕਟ ਨੇ ਹੋਰ ਵਧਾ ਦਿੱਤਾ ਹੈ। ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਦੇ ਅਧਿਕਾਰ ਹੋਰ ਘਟਾ ਦਿਤੇ ਹਨ, ਸੁਤੰਤਰ ਮੀਡੀਆ 'ਤੇ ਪਬੰਦੀਆਂ ਲਗਾਕੇ ਫਾਸ਼ੀਵਾਦ ਤੇ ਫਿਰਕੂਵਾਦ ਦੇ ਰੁਝਾਨ ਨੂੰ ਹੋਰ ਉਤਸ਼ਾਹਤ ਕੀਤਾ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਸੁਪਰੀਮ ਕੋਰਟ ਇਨਾਂ ਫਾਸ਼ੀਵਾਦੀ ਰੁਝਾਨਾਂ ਨੂੰ ਰੋਕਣ ਵਿਚ ਅਸਫਲ ਹੈ, ਜਿਵੇਂ ਕਿ ਪਿਛਲੇ ਕੁਝ ਮਹੀਨਿਆਂ ਦੀਆਂ ਸੁਣਵਾਈਆਂ ਅਤੇ ਆਦੇਸ਼ਾਂ ਤੋਂ ਸਪੱਸ਼ਟ ਹੁੰਦਾ ਹੈ। ਸੁਪਰੀਮ ਕੋਰਟ ਦਾ ਵੱਕਾਰ ਐਮਰਜੈਂਸੀ ਤੋਂ ਬਾਅਦ ਸ਼ਾਇਦ ਸਭ ਤੋਂ ਹੇਠਲੇ ਪੱਧਰ 'ਤੇ ਆ ਚੁਕਿਆ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

09 ਸਤੰਬਰ 2020 ਤੋਂ 15 ਸਤੰਬਰ 2020

## ਇਸ ਪਾਪ ਦੇ ਚੰਦੂ ਅਤੇ ਜਨਰਲ ਡਾਇਰ ਕੌਣ ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਕਾਰਡ ਅਨੁਸਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਘਟਣ ਕਾਰਨ ਸ਼੍ਰੋਮਣੀ ਕਮੇਟੀ ਲਗਾਤਾਰ ਸਵਾਲਾਂ ਦਾ ਸਾਹਮਣਾ ਕਰ ਰਹੀ ਹੈ ਅਤੇ ਵਧ ਰਹੇ ਦਬਾਅ ਕਾਰਨ ਆਪਣੇ ਆਪ ਨੂੰ ਫਸਦਾ ਵੇਖ ਕੇ ਵਾਰ ਵਾਰ ਆਪਣੇ ਫੈਸਲੇ/ਬਿਆਨ ਬਦਲ ਰਹੀ ਹੈ। ਸ਼ੁਰੂ ਵਿੱਚ ਜਦੋਂ ਇਹ ਮਸਲਾ ਸਾਹਮਣੇ ਆਇਆ ਤਾਂ ਸ਼ਾਇਦ ਸ਼੍ਰੋਮਣੀ ਕਮੇਟੀ ਨੂੰ ਇਹ ਨਹੀਂ ਸੀ ਲੱਗਦਾ ਕਿ ਇਹ ਮਸਲਾ ਇਸ ਦੇ ਪ੍ਰਬੰਧਕੀ ਢਾਂਚੇ ਦੀਆਂ ਇੰਨੀਆਂ ਨਲਾਇਕੀਆਂ ਤੋਂ ਪਰਦੇ ਚੁੱਕ ਦਵੇਗਾ ਅਤੇ ਹੁਣ ਵੀ ਲੱਗਦੈ ਕਿ ਇਹੀ ਡਰ ਹੈ ਕਿ ਰਹਿੰਦੇ ਪਰਦੇ ਵੀ ਨਾ ਚੁੱਕੇ ਜਾਣ, ਇਸੇ ਕਰਕੇ ਹੁਣ ਤੱਕ ਕੋਈ ਠੋਸ ਕਦਮ ਨਹੀਂ ਲਿਆ ਗਿਆ ਜਿਹੜਾ ਕਿ ਸ਼ਾਇਦ ਲਿਆ ਜਾਵੇ ਵੀ ਨਾ। ਮਨੁੱਖ ਨੂੰ ਗਲਤੀਆਂ ਦਾ ਪੁਤਲਾ ਕਿਹਾ ਜਾਂਦਾ ਹੈ, ਪਰ ਇਸ ਦਾ ਮਤਲਬ ਇਹ ਨਹੀਂ ਕਿ ਮਨੁੱਖ ਉਸ ਕੀਤੀ ਗਲਤੀ ਦੀ ਸਜਾ ਤੋਂ ਵਾਂਝਾ ਰਹੇ ਉਹ ਵੀ ਉਦੋਂ ਜਦੋਂ ਪਤਾ ਹੋਵੇ ਕਿ ਇਹ ਗਲਤੀ ਹੈ ਪਰ ਤਾਂ ਵੀ ਲਗਾਤਾਰਤਾ ਚ ਹੋ ਰਹੀ ਹੋਵੇ। ਅਸਲ ਵਿੱਚ ਤਾਂ ਓਦੋਂ ਫਿਰ ਉਹ ਗਲਤੀ ਰਹਿੰਦੀ ਵੀ ਨਹੀਂ, ਉਹ ਕਸੂਰ ਅਤੇ ਪਾਪ ਬਣਨ ਲੱਗ ਜਾਂਦੀ ਹੈ। ਪਰ ਸ਼ਾਇਦ ਸ਼੍ਰੋਮਣੀ ਕਮੇਟੀ ਨੂੰ ਇਕ ਗੱਲ ਵਿਸਰ ਗਈ ਹੈ ਕਿ ਜਿਸ ਢਾਂਚੇ ਤੋਂ ਗਲਤੀ ਹੋਈ ਹੋਵੇ ਸਜਾ ਦਾ ਹੱਕਦਾਰ ਵੀ ਓਹਦਾ ਜਿੰਮੇਵਾਰ ਵਿਅਕਤੀ ਹੀ ਹੁੰਦਾ ਹੈ ਨਾ ਕਿ ਸਿਰਫ ਹੇਠਲੀ ਪਰਤ ਉੱਤੇ ਉਸ ਗਲਤੀ ਨੂੰ ਅੰਜ਼ਾਮ ਦੇਣ ਵਾਲੇ ਵਿਅਕਤੀ, ਇਤਿਹਾਸ ਵਿਚ ਇਸ ਗੱਲ ਦੀਆਂ ਬਹੁਤ ਗਵਾਹੀਆਂ ਮੌਜੂਦ ਹਨ।

ਜਨਰਲ ਡਾਇਰ ਨੂੰ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਵਿੱਚ ਅਸਲ ਜਿੰਮੇਵਾਰ ਮੰਨਿਆ ਗਿਆ ਹੈ, ਓਹਨੂੰ ਉਸਦੀ ਬਣਦੀ ਸਜਾ ਵੀ ਦਿੱਤੀ ਗਈ, ਉਂਝ ਭਾਵੇ ਓਹਨੇ ਕੋਈ ਗੋਲੀ ਚਲਾਈ ਵੀ ਨਾ ਹੋਵੇ। ਗੋਲੀਆਂ ਚਲਾਉਣ ਵਾਲੇ ਤਾਂ ਸਿਪਾਹੀ ਹੀ ਸਨ, ਓਹਦੇ ਵਿਚੋਂ ਵੀ ਕਿੰਨੇ ਪੰਜਾਬ ਤੋਂ ਹੀ ਸਨ ਪਰ ਉੱਥੇ ਉਹ ਸਾਰੇ ਘਟਨਾਕ੍ਰਮ ਦਾ ਅਸਲ ਜਿੰਮੇਵਾਰ ਜਨਰਲ ਡਾਇਰ ਸੀ। ਇਸੇ ਤਰ੍ਹਾਂ ਪੰਜਵੇਂ ਪਾਤਸ਼ਾਹ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਜਿੰਮੇਵਾਰ ਵਿਅਕਤੀ ਚੰਦੂ ਹੈ, ਚਾਹੇ ਤਸੀਹੇ ਦੇਣ ਵਾਲੇ ਓਹਦੇ ਸਿਪਾਹੀ ਹੀ ਸਨ, ਜਿਹਨਾਂ ਦਾ ਨਾਮ ਪਤਾ ਵੀ ਸਾਡੇ ਬਹੁਤਿਆਂ ਦੇ ਚੇਤਿਆਂ ਚ ਨਹੀਂ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਕੁਝ ਮੁਲਾਜ਼ਮਾਂ ਨੂੰ ਦੋਸ਼ੀ ਸਾਬਤ ਕਰ ਦੇਣਾ ਅਤੇ ਸਿਰਫ ਉਹਨਾਂ ਨੂੰ ਹੀ ਸਜਾ ਦੇਣੀ, ਬਿਲਕੁਲ ਸਹੀ ਨਹੀਂ ਹੈ, ਉਹ ਵੀ ਉਦੋਂ ਜਦੋਂ ਦਾਅਵਾ ਪੰਥਕ ਮਰਿਆਦਾ ਅਨੁਸਾਰ ਸਜ਼ਾ ਦੇਣ ਦਾ ਕੀਤਾ ਜਾ ਰਿਹਾ ਹੋਵੇ। ਸ਼੍ਰੋਮਣੀ ਕਮੇਟੀ ਵੱਲੋਂ ਜੋ ਇਸ ਮਾਮਲੇ ਦੀ ਜਾਂਚ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ ਓਹਨੂੰ 'ਸੰਖੇਪ ਜਾਂਚ ਰਿਪੋਰਟ' ਕਿਹਾ ਜਾ ਰਿਹਾ ਹੈ ਜਦ ਕਿ ਉਹ ਸਿਰਫ ਇਕ 'ਦੋਸ਼ ਪੱਤਰ' ਹੀ ਹੈ, ਓਹਦੇ ਵਿੱਚ ਸਿਰਫ ਕੁਝ ਮੁਲਾਜ਼ਮਾਂ ਨੂੰ ਹੀ ਦੋਸ਼ੀ ਸਾਬਤ ਕੀਤਾ ਗਿਆ ਹੈ। ਇਹ ਵੀ ਜਾਣਕਾਰੀ ਬਾਹਰ ਆਈ ਹੈ ਕਿ ਦਰਜ ਕੀਤੇ ਗਏ ਬਿਆਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ 'ਸਹੁੰ' ਖਵਾ ਕੇ ਲਏ ਗਏ ਹਨ ਜਿਹੜਾ ਕਿ ਬਿਲਕੁਲ ਹੀ ਮਰਿਆਦਾ ਦੇ ਉਲਟ ਹੈ, ਸਗੋਂ ਗੁਰੂ ਪਾਤਸ਼ਾਹ ਨੇ ਤਾਂ ਕਿਹਾ ਹੈ ਕਿ ਸਹੁੰ ਖਾਣ ਵਾਲੇ ਤੇ ਯਕੀਨ ਨਹੀਂ ਕਰਨਾ। ਡਾ. ਰੂਪ ਸਿੰਘ ਨੇ ਆਪਣੇ ਬਿਆਨ ਚ ਕਿਹਾ ਸੀ ਕਿ ਇਕਾਂਤਵਾਸ ਖਤਮ ਹੋਣ ਤੇ ਸੱਚਾਈ ਸਭ ਦੇ ਸਾਹਮਣੇ ਰਖਾਂਗਾ, ਕੀ ਫਿਰ ਦਰਜ ਕਰਵਾਏ ਬਿਆਨ ਸੱਚੇ ਨਹੀਂ ? ਵੈਸੇ ਤਾਂ ਗੁਰੂ ਦੇ ਪਿਆਰ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਰੇ ਮੁਲਾਜਮਾਂ ਅਤੇ ਅਹੁਦੇਦਾਰਾਂ ਨੂੰ ਆਪਣੇ ਅਹੁਦੇ ਛੱਡ ਕੇ ਆਪਣੇ ਆਪ ਨੂੰ ਤਫਤੀਸ਼ ਲਈ ਪੇਸ਼ ਕਰਨਾ ਚਾਹੀਦਾ ਸੀ ਅਤੇ ਸੰਗਤੀ ਰੂਪ ਵਿੱਚ ਆਪਣਾ ਪੱਖ ਰੱਖਣਾ ਚਾਹੀਦਾ ਸੀ ਪਰ ਇਸਦੀ ਥਾਂ ਸ਼ੁਰੂ ਵਿੱਚ ਇਹ ਮਸਲਾ ਸਾਹਮਣੇ ਲੈ ਕੇ ਆਉਣ ਵਾਲਿਆਂ ਨੂੰ ਹੀ ਝੂਠਾ ਸਾਬਤ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ। ਭਾਵੇਂ ਕਿ ਇਹ ਪੰਥਕ ਮਸਲਾ ਹੈ ਅਤੇ ਸਿੱਖਾਂ ਦੀਆਂ ਕੇਂਦਰੀ ਸੰਸਥਾਵਾਂ ਨੂੰ ਹੀ ਇਸਦਾ ਹੱਲ ਕਰਨਾ ਚਾਹੀਦਾ ਹੈ ਪਰ ਭਰੋਸੇਯੋਗਤਾ ਅਤੇ ਵਿਸ਼ਵਾਸ਼ ਗਵਾ ਦੇਣ ਕਰਕੇ ਇਸ ਮਸਲੇ ਦੀ ਪੁਲਸ ਜਾਂਚ ਕਰਾਉਣ ਦੀ ਮੰਗ ਜ਼ੋਰ ਫੜ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਆਪਣੀ ਜਾਂਚ ਦੌਰਾਨ ਅਤੇ ਉਸ ਤੋਂ ਬਾਅਦ ਹੁਣ ਤੱਕ ਇਹ ਨਹੀਂ ਦੱਸਿਆ ਗਿਆ ਕਿ ਜੋ ਸਰੂਪ ਘੱਟ ਹਨ, ਉਹ ਕਿੱਥੇ ਨੇ ? ਕਿਸ ਨੂੰ ਦਿੱਤੇ ਗਏ ? ਕਿਸਦੇ ਕਹਿਣ ਤੇ ਦਿੱਤੇ ਗਏ ? ਅਤੇ ਕਿਉਂ ਦਿੱਤੇ ਗਏ ?

ਇਸ ਦੀ ਥਾਂ ਸਿਰਫ ਇਹ ਕਹਿ ਕੇ ਪੱਲਾ ਛਡਾਇਆ ਜਾ ਰਿਹਾ ਹੈ ਕਿ ਉਹ ਸਰੂਪ ਸੰਗਤ ਨੂੰ ਹੀ ਦਿੱਤੇ ਗਏ ਹਨ। ਫਿਰ ਕਿਵੇਂ ਸਿਰਫ ਕੁਝ ਮੁਲਾਜ਼ਮਾਂ ਨੂੰ ਹੀ ਦੋਸ਼ੀ ਸਿੱਧ ਕੀਤਾ ਜਾ ਸਕਦਾ ਹੈ, ਇਹ ਸਾਰੇ ਘਟਨਾਕ੍ਰਮ ਦੇ ਜਿੰਮੇਵਾਰ ਵਿਅਕਤੀ ਕੌਣ ਬਣਦੇ ਹਨ ? ਇਹ ਵੱਡਾ ਸਵਾਲ ਸਾਡੇ ਸਾਰਿਆਂ ਸਾਹਮਣੇ ਹੈ।

ਬਿਨਾ ਸ਼ੱਕ ਇਹ ਸਾਰੇ ਮੁਲਾਜ਼ਮ ਵੀ ਦੋਸ਼ੀ ਹਨ ਪਰ ਕੀ ਬਾਕੀਆਂ ਦੀ ਕੋਈ ਜਿੰਮੇਵਾਰੀ ਨਹੀਂ ਬਣਦੀ ? ਇਹ ਸਾਰਿਆਂ ਨੇ ਜੇਕਰ ਇਹ ਪਾਪ ਕੀਤਾ ਹੈ ਤਾਂ ਇਹਨਾਂ ਨੂੰ ਇਹ ਪਾਪ ਕਰਨ ਦੀ ਖੁੱਲ ਕਿਵੇਂ ਮਿਲੀ ? ਜਾ ਇਹਨਾਂ ਨੂੰ ਇਹ ਪਾਪ ਕਰਨ ਦਾ ਹੁਕਮ ਕਿਥੋਂ ਮਿਲਿਆ ? ਇਸ ਪ੍ਰਬੰਧਕੀ ਢਾਂਚੇ ਵਿੱਚ ਸਿਆਸਤ ਦਾ ਬੇਹੱਦ ਦਖਲ, ਇਹ ਸਾਰੇ ਪਾਪਾਂ ਨੂੰ ਜਨਮ ਦੇ ਰਿਹਾ ਹੈ ਕਿਉਂਕਿ ਸਿਆਸਤ ਸਿਰਫ ਸੂਬੇਦਾਰੀ ਦੀ ਹੀ ਰਹਿ ਗਈ ਹੈ। ਇਸ ਢਾਂਚੇ ਵਿੱਚ ਜੋ ਮੁਲਾਜ਼ਮ ਹਨ ਉਹ ਤਾਂ ਇਸ ਸੰਗਲੀ ਵਿੱਚ ਬਿਲਕੁਲ ਅਖੀਰ ਤੇ ਹਨ, ਉਹਨਾਂ ਤੋਂ ਪਹਿਲਾਂ ਮੁਲਾਜ਼ਮ ਸਕੱਤਰ ਅਤੇ ਧਰਮ ਪ੍ਰਚਾਰ ਸਕੱਤਰ ਹਨ। ਇਹਨਾਂ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਮੈਂਬਰ ਹਨ, ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਵੀ ਪਹਿਲਾਂ ਅਗਜੈਕਟਿਵ ਹੈ ਜਿਸ ਵਿਚ ਖਾਸ ਤੌਰ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜਰਨਲ ਸਕੱਤਰ ਹਨ। ਇਹਨਾਂ ਤੋਂ ਵੀ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਹੈ ਜਿਹੜੀ ਇਹਨਾਂ ਨੂੰ ਚੁਣਦੀ ਹੈ ਅਤੇ ਉਹਨਾਂ ਤੋਂ ਵੀ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੈ। ਮੁਲਾਜ਼ਮ ਤਾਂ ਬਸ ਸਿਪਾਹੀ ਹਨ, ਜਿੰਮੇਵਾਰ ਚੰਦੂ ਅਤੇ ਜਨਰਲ ਡਾਇਰ ਹੀ ਰਹਿਣੇ ਹਨ ਤੇ ਇਹ ਵੀ ਜਰੂਰੀ ਨਹੀਂ ਕਿ ਹਰ ਢਾਂਚੇ ਚ ਇਕ ਹੀ ਚੰਦੂ ਅਤੇ ਜਨਰਲ ਡਾਇਰ ਹੋਵੇ। ਜਿਹੜੀ ਗਲਤੀ ਹੁਣ ਪਾਪ ਦਾ ਰੂਪ ਲੈ ਗਈ ਹੈ, ਓਹਦੇ ਚੰਦੂ ਅਤੇ ਡਾਇਰਾਂ ਦੀ ਪਹਿਚਾਣ ਕਰਕੇ ਬਣਦੀ ਸਜ਼ਾ ਦੇਣਾ ਹੀ ਇਨਸਾਫ ਹੋਵੇਗਾ।

# ਮਨੁਖੀ ਅਧਿਕਾਰਾਂ ਦਾ ਮਸੀਹਾ ਸਰਦਾਰ ਜਸਵੰਤ ਸਿੰਘ ਖਾਲੜਾ



**ਦਲਬੀਰ ਸਿੰਘ ਪਤਰਕਾਰ**
(ਕਰਤਾ 'ਨੇੜਿਓਂ ਡਿਠੇ ਸੰਤ ਭਿੰਡਰਾਂਵਾਲੇ')

ਸਿਖੀ ਦੇ ਬਾਨੀ ਬਾਬਾ ਨਾਨਕ ਸਾਹਿਬ ਨੇ ਮੂਲਮੰਤਰ ਦਾ ਉਚਾਰਣ ਕਰਕੇ ਗਿਆਨ ਦੇ ਪਖੋਂ ਕੁਜੇ ਵਿਚ ਸਮੁੰਦਰ ਬੰਦ ਕਰ ਦਿਤਾ। ਹਰੇਕ ਸਿਖ ਨੂੰ ਉਪਦੇਸ਼ ਕੀਤਾ ਕਿ ਉਹ ਇਸ ਮੂਲਮੰਤਰ, ਜਪੁ ਜੀ ਸਾਹਿਬ, ਆਸਾ ਦੀ ਵਾਰ ਤੇ ਸਮੁਚੀ ਗੁਰਬਾਣੀ ਵਿਚ ਕੀਤੀ ਗਈ ਵਿਆਖਿਆ ਦਾ ਸਿਮਰਨ ਕਰਕੇ ਹਰ ਸਮੇਂ ਆਪਣੀ ਨਿਮਾਣੀ ਹੋਂਦ ਨੂੰ ਚੇਤੇ ਰਖੇ। ਉਹ ਚੇਤੇ ਰਖੇ ਕਿ ਉਹ ਜੰਮਿਆ ਸੀ, ਉਸ ਨੇ ਮਰਨਾ ਵੀ ਹੈ। ਇਸ ਸਫਰ ਵਿਚ ਉਸਨੇ ਕਿਰਤ ਵੀ ਕਰਨੀ ਹੈ ਅਤੇ ਕਿਰਤ ਕਰਕੇ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਨੂੰ ਵੰਡ ਛਕਣਾ ਹੈ। ਸਮਾਜ ਦਾ ਕੇਵਲ ਅੰਗ ਬਣ ਕੇ ਹੀ ਨਹੀਂ ਰਹਿਣਾ ਸਗੋਂ ਉਸ ਨੂੰ ਬਣਾਉਣ, ਸੰਵਾਰਨ ਲਈ ਸਦਾ ਤਤਪਰ ਰਹਿਣਾ ਹੈ। ਸਰਬਤ ਦਾ ਭਲਾ ਜਾਂ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ' ਦੇ ਮਾਰਗ ਉਤੇ ਚਲਦਾ ਹੋਇਆ ਵਿਅਕਤੀ ਸਿਰਦਾਰ ਕਪੂਰ ਸਿੰਘ ਦੇ ਕਥਨ ਅਨੁਸਾਰ ਆਪਣੇ ਨਿਜ ਨੂੰ ਛਡ ਕੇ ਕੇਵਲ ਤੇ ਕੇਵਲ ਸਚ ਨੂੰ ਸਮਰਪਿਤ ਹੋ ਜਾਵੇ ਤਾਂ ਉਹ ਖਾਲਸਾ ਹੋ ਨਿਬੜਦਾ ਹੈ।

ਉਹ ਭਾਗਾਂ ਵਾਲੇ ਮਨੁਖ ਕਹੇ ਜਾ ਸਕਦੇ ਹਨ, ਜਿਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਰਾਹੀਂ ਆਪਣੀ ਚੇਤੰਨ ਸੋਝੀ ਅਧੀਨ ਸਿਖੀ ਦਾ ਮਾਰਗ ਚੁਣਨ ਦਾ ਅਵਸਰ ਮਿਲਿਆ। ਭਾਈ ਜਸਵੰਤ ਸਿੰਘ ਖਾਲੜਾ ਨੂੰ ਬਚਪਨ ਵਿਚ ਹੀ ਅਜਿਹਾ ਲੋਕ ਸੇਵਾ ਦਾ ਮਾਰਗ ਚੁਣਨ ਲਈ 'ਗੁਰਪ੍ਰਸਾਦਿ' ਸੁਭਾਗ ਪ੍ਰਾਪਤ ਹੋਇਆ। ਚੜ੍ਹਦੀ ਜਵਾਨੀ ਦੀ ਉਮਰੇ ਉਸ ਨੂੰ 'ਮਾਰਕਸਵਾਦ' ਨੇ ਖਿਚਿਆ। ਸਰਦਾਰ ਖਾਲੜਾ ਨਕਸਲਬਾੜੀ ਲਹਿਰ ਦਾ ਸਮਰਥਕ ਬਣਿਆ। ਹਥ ਵਿਚ ਝੋਲਾ ਫੜ ਧੂੜ ਭਰੇ ਰਾਹਾਂ ਉਤੇ ਪਿੰਡਾਂ ਦੇ ਚਕਰ ਕਢੇ। ਗਰੀਬਾਂ ਦੇ ਹੌਕਿਆਂ ਵਿਚ ਸਾਹ ਮਿਲਾਇਆ। ਕਿਧਰੇ-ਕਿਧਰੇ ਉਨ੍ਹਾਂ ਨਾਲ ਦੁਖ ਤਕਲੀਫਾਂ ਸਾਂਝੀਆਂ ਕੀਤੀਆਂ। ਪਰ ਮਾਰਕਸਵਾਦ ਦੇ ਠੇਕੇਦਾਰਾਂ ਨੇ ਉਸ ਦੇ ਕਾਰਜ ਨੂੰ ਕਿਸੇ ਉਸਾਰੂ ਰੂਪ ਵਿਚ ਵਿਚਰਨ ਨਾ ਦਿਤਾ। ਕੌਮਾਂਤਰੀ ਪਧਰ ਉਤੇ 1917 ਵਿਚ ਹੋਏ ਰੂਸੀ ਇਨਕਲਾਬ ਪਿਛੋਂ ਬਣੇ ਰਾਜਪ੍ਰਬੰਧ ਨੂੰ ਖੋਰਾ ਲਗਾ। ਕਚੇ ਵਿਸ਼ਵਾਸ ਤਿੜਕੇ ਅਤੇ ਅਗੇ ਚਲ ਕੇ ਨਕਸਲਬਾੜੀ ਲਹਿਰ ਦੇ ਕਈ ਟੋਟੇ ਹੋਏ।

1978 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਵਰਤਾਰਾ ਇਕ ਤੇਜ਼ ਝਖੜ ਵਾਂਗ ਪੰਜਾਬ ਤੇ ਸਿਖ ਭਾਈਚਾਰੇ ਉਪਰ ਛਾ ਗਿਆ। ਸ. ਖਾਲੜਾ ਨੇ ਵੀ ਆਪਣੇ ਇਕ ਸਾਥੀ ਨਾਲ ਪੰਜਾਬ ਦੇ ਪਿੰਡਾਂ ਦੇ ਚਕਰ ਕਢਣੇ ਆਰੰਭ ਕੀਤੇ। ਵਿਚਾਰਾਂ ਦੀ ਭਟਕਣ ਤੇ ਜੀਵਨ ਨੂੰ ਸਥਿਰ ਰਖਣ ਲਈ ਉਹ ਖਾਲੜੇ ਤੋਂ ਅੰਮ੍ਰਿਤਸਰ, ਚੰਡੀਗੜ੍ਹ, ਦਿਲੀ ਅਤੇ ਹੋਰ ਅਨੇਕ ਥਾਈਂ ਜਾਂਦੇ, ਮਿਤਰਾਂ ਨਾਲ ਵਿਚਾਰ ਸਾਂਝੇ ਕਰਦੇ। ਪੁਰਾਣਿਆਂ ਨਾਲੋਂ ਸੰਬੰਧ ਤੋੜੇ ਤੇ ਨਵੇਂ ਸੰਬੰਧ ਜੋੜੇ।

ਇਹ ਸਭ ਕੁਝ ਕਿਉਂ ਵਾਪਰਿਆ ? 'ਗੁਰਪ੍ਰਸਾਦਿ' ਸਦਕਾ ਇਕ ਟਿਮਟਿਮਾਉਂਦੀ ਰੋਸ਼ਨੀ ਉਨ੍ਹਾਂ ਨੂੰ ਖਿਚ ਪਾਉਂਦੀ ਸੀ ਅਤੇ ਉਸ ਰੌਸ਼ਨੀ ਦੀ ਭਾਲ ਉਨ੍ਹਾਂ ਕਰ ਲਈ। ਉਹ ਗੁਰਬਾਣੀ ਦੇ ਲੜ ਲਗ ਕੇ ਅੰਮ੍ਰਿਤਧਾਰੀ ਬਣ ਗਏ। ਹੁਣ ਮਜ਼ਦੂਰਾਂ, ਕਿਸਾਨਾਂ ਤੇ ਦੁਖੀ ਲੋਕਾਂ ਦੀਆਂ ਸਮਸਿਆਵਾਂ ਦਾ ਹਲ ਗੁਰਬਾਣੀ ਵਿਚੋਂ ਦਿਸਣ ਲਗਿਆ। ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀ ਰੂਹ ਨੂੰ ਤ੍ਰਿਪਤ ਕਰਨ ਵਾਲੇ ਬਣ ਗਏ। ਗੁਰਬਾਣੀ ਵਿਚ ਅਟੁਟ ਸ਼ਰਧਾ ਪੂਰਨ ਦਲੀਲ ਦੇ ਆਧਾਰ ਉਤੇ ਉਨ੍ਹਾਂ ਨੂੰ ਰੌਸ਼ਨੀ ਦੇਣ ਲਗ ਪਈ। ਇਹ ਉਹ ਸਮਾਂ ਸੀ ਜਦ ਇਕ ਦੁਸ਼ਟ ਨੇ ਪੰਜਾਬ ਦੀ ਧਰਤੀ ਉਤੇ ਪੈਰ ਰਖਿਆ। ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਬਰਬਾਦੀ ਦੇ ਨਾਲ ਅਨੇਕ ਹੋਰ ਗੁਰਧਾਮਾਂ ਨੂੰ ਪਲੀਤ ਕਰ ਮਾਰਿਆ। ਵਡੀ ਪਧਰ ਉਤੇ ਸਿਖਾਂ ਦੀ ਨਸਲਕੁਸ਼ੀ ਆਰੰਭ ਹੋ ਗਈ। ਤਸੀਹਾ ਕੇਂਦਰ ਥਾਂ-ਥਾਂ ਹੋਂਦ ਵਿਚ ਆ ਗਏ। ਸਿਖਾਂ ਦੀ ਅਣਖ ਰੋਲਣ ਲਈ ਅਤੇ ਉਨ੍ਹਾਂ ਨੂੰ ਹੀਣਭਾਵਨਾ ਵਿਚ ਪ੍ਰਵੇਸ਼ ਕਰਵਾਉਣ ਲਈ ਕੇ ਪੀ ਐਸ ਗਿਲ ਨੇ ਡਿਊਟੀ ਸੰਭਾਲ ਲਈ। ਸ਼ਰਾਬੀ ਕਬਾਬੀ ਤੇ ਅਯਾਸ਼ ਲੋਕ ਅਜਿਹੇ ਸਮਿਆਂ ਵਿਚ ਸਰਕਾਰਾਂ ਦੇ ਬਹੁਤ ਕੰਮ ਆਉਂਦੇ ਹਨ। ਮਸਾ ਰੰਘੜ ਹੋਵੇ ਜਾਂ ਫਿਰ ਕੋਈ ਹੋਰ। ਇਹ ਇਕ ਅਜਿਹੀ ਪ੍ਰੰਪਰਾ ਹੈ, ਜਿਥੇ ਮਨੁਖੀ ਜਾਮੇ ਵਿਚ ਵਿਅਕਤੀ ਵਹਿਸ਼ੀ ਹੋ ਨਿਬੜਦਾ ਹੈ। ਇਜ਼ਹਾਰ ਆਲਮ, ਗੋਬਿੰਦ ਰਾਮ, ਜਸਮਿੰਦਰ ਸਿੰਘ, ਹਰਿੰਦਰ ਸਿੰਘ ਚਾਹਲ, ਨਰਿੰਦਰ ਸਿੰਘ, ਸੁਮੇਧ ਸੈਣੀ, ਸ਼ਿਵ ਕੁਮਾਰ ਜਾਂ ਰਾਜਨੀਤਕ ਖੇਤਰ ਵਿਚਲੇ ਐਚ ਕੇ ਐਲ ਭਗਤ, ਸੁਰਿੰਦਰਨਾਥ, ਜਗਦੀਸ਼ ਟਾਈਟਲਰ, ਸਜਣ ਕੁਮਾਰ ਜਾਂ ਰਾਜੀਵ ਗਾਂਧੀ ਇਹ ਸਾਰੇ ਇਸੇ ਹੀ ਤਾਂਡਵ ਨਾਚ ਦੇ ਖਲਨਾਇਕ ਹਨ। ਸ. ਖਾਲੜਾ ਇਨ੍ਹਾਂ ਦੇ ਤਾਂਡਵ ਨਾਚ ਨੂੰ ਦੇਖਦਾ ਵੀ ਸੀ, ਪਛਾਣਦਾ ਵੀ ਸੀ ਅਤੇ ਅੰਤ ਵਿਚ ਆਪ ਵੀ ਉਸ ਨੇ ਇਹ ਹੰਢਾਇਆ।

ਕੁਝ ਇਸ ਕਿਸਮ ਦੀ ਪਿਠ ਭੂਮੀ ਵਿਚ ਜਦ ਖਾਲੜਾ ਜੀ ਦੇ ਇਕ ਮਿਤਰ, ਸੈਂਟਰਲ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ, ਗੁੰਮ ਹੋ ਗਏ ਤਾਂ ਸਾਧਾਰਨ ਢੰਗ ਨਾਲ ਉਸ ਦੀ ਭਾਲ ਕਰਨ ਤੋਂ ਬਾਅਦ ਉਸ ਦੇ ਪੁਲਿਸ ਮੁਕਾਬਲੇ ਦੀ ਗੱਲ ਕੰਨੀਂ ਪਈ। ਅੰਮ੍ਰਿਤਸਰ ਸ਼ਮਸ਼ਾਨਘਾਟ ਤੋਂ ਪਤਾ ਕਰਨ ਉਤੇ ਇਹ ਦੁੱਖਦਾਈ ਕਹਾਣੀ ਸਚੀ ਸਾਬਤ ਹੋਈ। ਅਗੇ ਜਾ ਕੇ ਉਸ ਮ੍ਰਿਤਕ ਮਨੁਖ ਦੇ ਇਕ ਹੋਰ ਸਾਥੀ ਦੀ ਮੌਤ ਦੀ ਜਾਣਕਾਰੀ ਵੀ ਮਿਲੀ। ਇਸੇ ਲੜੀ ਵਿਚ ਅਨੇਕ ਹੋਰ 'ਅਣਪਛਾਤੀਆਂ ਲਾਸ਼ਾਂ' ਦੇ ਸਸਕਾਰ ਦੀ ਗੱਲ ਧਿਆਨ ਵਿਚ ਆਈ। ਮਿਉਂਸਪਲ ਕਮੇਟੀ ਵਿਚੋਂ ਕਿੰਨੀਆਂ ਲਕੜਾਂ ਆਈਆਂ, ਕਲਰਕਾਂ ਨੇ ਉਨ੍ਹਾਂ ਵਿਚੋਂ ਕਿੰਨੀ ਰਿਸ਼ਵਤ ਖਾਧੀ ਤੇ ਫਿਰ ਤਰਨਤਾਰਨ ਤੇ ਪਟੀ ਦੇ ਸ਼ਮਸ਼ਾਨਘਾਟਾਂ ਵਿਚ ਇਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਤੇ ਕਿੰਨੀਆਂ ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਹੋਏ, ਕਿੰਨੇ ਅਧ-ਸੜੇ ਮਨੁਖੀ ਅੰਗ ਕੁਤੇ ਵੀ ਖਾਂਦੇ ਰਹੇ। ਇਨ੍ਹਾਂ ਨਾਲ ਜੁੜੀਆਂ ਹੋਰ ਅਨੇਕ ਘਟਨਾਵਾਂ ਖਾਲੜਾ ਜੀ ਆਪਣੀ ਡਾਇਰੀ ਵਿਚ ਕਲਮਬੰਦ ਕਰਦੇ ਗਏ। ਸ਼ਮਸ਼ਾਨਘਾਟ ਦੇ ਰਜਿਸਟਰਾਂ ਦੀਆਂ ਨਕਲਾਂ ਅਤੇ ਟਾਵੇਂ-ਟਾਵੇਂ ਮ੍ਰਿਤਕਾਂ ਦੇ ਨਾਂ ਪਤੇ ਵੀ ਉਨ੍ਹਾਂ ਦੇ ਹਥ ਆ ਗਏ। ਸਮਾਂ ਬਹੁਤ ਕਲਯੁਗੀ ਸੀ। ਕੇ ਪੀ ਐਸ ਗਿਲ ਦੇ ਜ਼ੁਲਮ ਵੀ ਕਿਸੇ ਮੀਰ ਮਨੂੰ ਨਾਲੋਂ ਘਟ ਨਹੀਂ ਸਨ। ਬੇਅੰਤ ਸਿੰਘ ਦੇ ਜ਼ੁਲਮੀ ਰਾਜ ਵਿਚ ਉਸ ਨੇ ਪੁਲਸੀ ਦਰਿੰਦਿਆਂ ਦੀ ਅਗਵਾਈ ਕੀਤੀ। ਜਿਹੜੇ ਗ੍ਰੋਹ ਇਸ ਲਈ ਸਿਰਜੇ ਹੋਏ ਸਨ, ਉਨ੍ਹਾਂ ਵਿਚੋਂ ਇਕ ਦੀ ਅਗਵਾਈ ਅਜੀਤ ਸਿੰਘ ਸੰਧੂ ਦੇ ਹਥ ਸੀ। 6 ਸਤੰਬਰ 1995 ਨੂੰ ਪੁਲਿਸ ਦੀਆਂ ਜਿਪਸੀਆਂ ਦੀ ਇਕ ਧਾੜ ਆਈ ਅਤੇ ਪਲੋ ਪਲੀ ਦਿਨ ਵੇਲੇ ਸ. ਖਾਲੜਾ ਦੇ ਕਬੀਰ ਪਾਰਕ ਵਾਲੇ ਘਰ ਵਿਚੋਂ ਉਨ੍ਹਾਂ ਨੂੰ ਜ਼ਬਰਦਸਤੀ ਚੁਕ ਕੇ ਲੈ ਗਈ।

ਕਾਰਣ ? ਖਾਲ਼ੜਾ ਜੀ ਨੇ 'ਅਣਪਛਾਤੀਆਂ ਲਾਸ਼ਾਂ' ਦੀ ਕਹਾਣੀ ਜਗ ਜ਼ਾਹਰ ਕਰਦਿਆਂ ਅਮਰੀਕਾ, ਕਨੇਡਾ ਅਤੇ ਬਰਤਾਨੀਆ ਦੀਆਂ ਪਾਰਲੀਮੈਂਟਾਂ ਅਤੇ ਕੌਮਾਂਤਰੀ ਪਧਰ ਦੀਆਂ ਮਨੁਖੀ ਅਧਿਕਾਰ ਸੰਸਥਾਵਾਂ ਵਿਚ ਸੈਂਕੜੇ ਦੀ ਗਿਣਤੀ ਵਿਚ ਸਿਖ ਮ੍ਰਿਤਕਾਂ ਦੀਆਂ ਲਿਸਟਾਂ ਉਨ੍ਹਾਂ ਨੂੰ ਦੇ ਦਿਤੀਆਂ ਸਨ। ਥੋੜ੍ਹੀ ਜਹੀ ਰਾਜਨੀਤੀ ਵਰਤਦਿਆਂ ਉਨ੍ਹਾਂ ਨੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਨੁਖੀ ਅਧਿਕਾਰ ਸੰਸਥਾ ਦਾ ਜਨਰਲ ਸਕਤਰ ਬਣਾਈ ਰਖਿਆ।

ਸਮਾਜੀ ਜੀਵਨ ਵਿਚ ਕਈ ਅਵਸਰ ਅਜਿਹੇ ਆਉਂਦੇ ਹਨ ਜਦੋਂ ਦੁਸ਼ਟ ਤੋਂ ਦੁਸ਼ਟ ਵਿਅਕਤੀ ਵੀ ਆਪਣੇ ਆਪ ਨੂੰ ਖਤਰੇ ਵਿਚ ਘਿਰਿਆ ਹੋਇਆ ਦੇਖ ਕੇ ਲੋਕ ਲਾਜ ਨੂੰ ਮੁਖ ਰਖ ਕੇ ਆਪਣੀ ਰਾਖੀ ਦਾ ਉਪਰਾਲਾ ਕਰਦੇ ਹਨ। ਗਿਲ ਤੇ ਸੰਧੂ ਸਰਦਾਰ ਖਾਲੜੇ ਪਾਸੋਂ ਅਜਿਹੀ ਗਲ ਅਖਵਾਉਣਾ ਚਾਹੁੰਦੇ ਸਨ, ਜਿਸ ਨਾਲ 'ਅਣਪਛਾਤੀਆਂ ਲਾਸ਼ਾਂ' ਦੀ ਕਹਾਣੀ ਉਤੇ ਪਰਦਾ ਪਾਇਆ ਜਾ ਸਕੇ। ਸਰਦਾਰ ਖਾਲੜੇ ਦੀ ਇਸ ਪੈਂਤੜੇ ਉਤੇ ਆ ਕੇ ਪਰਖ ਦੀ ਘੜੀ ਆ ਗਈ ਸੀ। ਕਾਮਰੇਡੀ ਜੀਵਨ ਆਰੰਭ ਕਰਕੇ ਸਿਖੀ ਦਾ ਰਸਤਾ ਫੜਦਿਆਂ ਹੀ ਉਹ ਖਾਲਸਾ ਤੋਂ ਸ਼ਹੀਦ ਹੋ ਨਿਬੜਿਆ। ਇਹ ਪਰਖ ਦੀ ਘੜੀ ਉਦੋਂ ਆਈ ਜਦੋਂ ਥਾਣਾ ਝਬਾਲ ਦੇ ਇਕ ਸੈਲ ਵਿਚ ਉਸ ਨੂੰ ਤਸੀਹੇ ਦਿਤੇ ਗਏ। ਗੱਲ ਸਿਰਫ ਏਨੀ ਸੀ ਕਿ ਸ. ਖਾਲੜੇ ਨੇ 'ਅਣਪਛਾਤੀਆਂ ਲਾਸ਼ਾਂ' ਅਤੇ ਝੂਠੇ ਪੁਲਿਸ ਮੁਕਾਬਲਿਆਂ ਸੰਬੰਧੀ ਜੋ ਕਿਹਾ ਹੈ, ਉਹ ਉਸ ਨੂੰ ਵਾਪਸ ਲੈ ਲਵੇ। ਭੰਨੀ ਹੋਈ ਦੇਹ ਰੂਪੀ ਖਾਲੜੇ ਨੂੰ ਅਜੀਤ ਸਿੰਘ ਸੰਧੂ ਨੇ ਆਪਣੇ ਘਰ ਮਾਨਾਂਵਾਲੇ (ਅੰਮ੍ਰਿਤਸਰ) ਵਿਖੇ ਕੇ ਪੀ ਐਸ ਗਿਲ ਦੇ ਪੇਸ਼ ਕੀਤਾ ਤਾਂ ਸ. ਖਾਲੜਾ ਸਿਖੀ ਦੇ ਰਾਹ ਉਤੇ ਚਲਦਾ ਹੋਇਆ ਖਾਲਸਾ ਸੋਝੀ ਤਾਈਂ ਪਹੁੰਚ ਚੁਕਾ ਸੀ। ਵਕਤ ਅਗੇ ਕੇਵਲ ਤੇ ਕੇਵਲ ਸ਼ਹਾਦਤ ਦਾ ਸੀ। ਇਹ ਉਹ ਮਾਰਗ ਸੀ ਜੋ ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ, ਛੋਟੇ ਸਾਹਿਬਜ਼ਾਦਿਆਂ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਭਾਈ ਤਾਰੂ ਸਿੰਘ ਅਤੇ ਅਨੇਕ ਹੋਰ ਸਿਖ ਸ਼ਹੀਦਾਂ ਨੇ ਪਹਿਲਾਂ ਹੀ ਸਿਖ ਇਤਿਹਾਸ ਵਿਚ ਸਿਰਜਿਆ ਹੈ।

ਸ. ਖਾਲੜਾ ਨੂੰ ਵਾਪਸ ਥਾਣਾ ਝਬਾਲ ਦੇ ਸੈਲ ਵਿਚ ਲਿਆਂਦਾ ਗਿਆ। ਇਕ ਗੋਲੀ ਦੀ ਆਵਾਜ਼ ਸੁਣਾਈ ਦਿਤੀ, ਲਾਸ਼ ਲਹੂ ਨਾਲ ਭਿਜ ਗਈ। ਦਰਿੰਦਿਆਂ ਨੇ ਲਾਸ਼ ਜਿਪਸੀ ਵਿਚ ਸੁਟੀ ਤੇ ਹਰੀ ਕੇ ਪਤਣ ਰਾਜਸਥਾਨ ਨਹਿਰ ਵਿਚ ਰੋੜ੍ਹ ਦਿਤੀ। ਆਪਣੀ ਆਤਮਾ ਦਾ ਕਸ਼ਟ ਦੂਰ ਕਰਨ ਲਈ ਹਰੀ ਕੇ ਪਤਣ ਦੇ ਰੈਸਟ ਹਾਊਸ ਵਿਚ ਰਜ ਕੇ ਸ਼ਰਾਬ ਪੀਤੀ ਅਤੇ ਸਮਝਿਆ ਇਹ ਗਿਆ ਕਿ ਕਹਾਣੀ ਮੁਕ ਗਈ ਹੈ। ਮੂਰਖਾਂ ਨੂੰ ਇਹ ਪਤਾ ਨਹੀਂ ਸੀ ਕਿ ਅਸਲੀ ਕਹਾਣੀ ਸ਼ਹੀਦ ਦੀ ਸ਼ਹੀਦੀ ਪਿਛੋਂ ਆਰੰਭ ਹੁੰਦੀ ਹੈ, ਜੋ ਮੁਕਦੀ ਨਹੀਂ ਸਗੋਂ ਲੰਮੇ ਸਮੇਂ ਤਕ ਲੋਕਾਈ ਵਿਚ ਕੂਕਦੀ ਰਹਿੰਦੀ ਹੈ। ਇਸੇ ਕੂਕ ਵਸ ਅਜੀਤ ਸਿੰਘ ਸੰਧੂ ਨੇ ਰੇਲ ਗੱਡੀ ਹੇਠ ਸਿਰ ਦਿਤਾ ਅਤੇ ਉਸ ਦੇ ਦੋ ਟੋਟੇ ਹੋ ਗਏ। ਇਸ ਨੇ ਕਦੀ ਇਕ ਸੰਤ ਬਾਬੇ ਨੂੰ ਦੋ ਜੀਪਾਂ ਨਾਲ ਇਕ-ਇਕ ਲਤ ਬੰਨ੍ਹ ਕੇ ਇਕ ਦੂਜੀ ਦੇ ਉਲਟ ਚਲਾ ਕੇ ਦੋਫਾੜ ਕੀਤਾ ਸੀ...

**ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ ॥**

(ਇਸੇ ਹੀ ਕੂਕ ਵਸ ਅੱਜ ਸੁਮੇਧ ਸੈਣੀ ਆਪਣੀ ਹੀ ਪੁਲਿਸ ਕੋਲੋਂ ਭਗੌੜਾ ਹੋਇਆ ਫਿਰਦਾ ਹੈ।)

# ਜੰਮੂ-ਕਸ਼ਮੀਰ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਬਿੱਲ 'ਚੋਂ ਬਾਹਰ ਰੱਖਣ ਦਾ ਜ਼ੋਰਦਾਰ ਵਿਰੋਧ

## ਪੰਜਾਬੀ ਭਾਸ਼ਾ ਨੂੰ ਬਾਹਰ ਕਰਨਾ, ਇੱਕ ਹੋਰ ਬਟਵਾਰੇ ਵਰਗਾ ਵਰਤਾਰਾ



**- ਬਘੇਲ ਸਿੰਘ ਧਾਲੀਵਾਲ**

**99142-58142**

ਆਪਣੀ ਮਿਹਨਤ ਅਤੇ ਸਿਦਕਦਿਲੀ ਨਾਲ ਦੁਨੀਆ ਭਰ 'ਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਣਦਾ ਮਾਣ-ਸਤਿਕਾਰ ਦਿਵਾਉਣ ਲਈ ਹਰ ਪੱਧਰ 'ਤੇ ਯਤਨ ਕੀਤੇ ਹਨ ਤੇ ਇਹੀ ਵਜਾ ਹੈ ਕਿ ਅੱਜ ਕੈਨੇਡਾ ਤੇ ਇੰਗਲੈਂਡ ਸਮੇਤ ਦੁਨੀਆ ਦੇ ਹੋਰਨਾਂ ਮੁਲਕਾਂ ਵਲੋਂ ਵੀ ਪੰਜਾਬੀ ਭਾਸ਼ਾ ਨੂੰ ਮਾਨਤਾ ਦਿੱਤੀ ਗਈ ਹੈ ਤੇ ਹੋਰਨਾਂ ਥਾਂਵਾਂ 'ਤੇ ਵੀ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਣ ਲੱਗਾ ਹੈ ਪਰ ਇਸ ਦੇ ਬਾਵਜੂਦ ਆਪਣੇ ਹੀ ਮੁਲਕ 'ਚ ਸਰਕਾਰਾਂ ਵਲੋਂ ਪੰਜਾਬੀ ਬੋਲੀ ਨਾਲ ਵਿਤਕਰਾ ਲਗਾਤਾਰ ਜਾਰੀ ਹੈ, ਜਿਸ ਕਾਰਨ ਸਮੂਹ ਪੰਜਾਬੀਆਂ ਤੇ ਖਾਸ ਕਰਕੇ ਸਿੱਖ ਭਾਈਚਾਰੇ ਅੰਦਰ ਬੇਗਾਨਗੀ ਤੇ ਬੇਭਰੋਸਗੀ ਦਾ ਅਹਿਸਾਸ ਵਧ ਰਿਹਾ ਹੈ। ਹਾਲ ਹੀ 'ਚ ਕੇਂਦਰ ਸਰਕਾਰ ਵਲੋਂ ਜੰਮੂ ਕਸ਼ਮੀਰ ਦੀ ਸਰਕਾਰੀ ਭਾਸ਼ਾ ਸਬੰਧੀ ਸੰਸਦ 'ਚ ਲਿਆਂਦੇ ਜਾ ਰਹੇ ਪ੍ਰਸਤਾਵਿਤ ਬਿੱਲ 'ਚੋਂ ਪੰਜਾਬੀ ਭਾਸ਼ਾ ਨੂੰ ਦਰਕਿਨਾਰ ਕੀਤੇ ਜਾਣ ਦੇ ਫ਼ੈਸਲੇ ਨੇ ਪੰਜਾਬੀਆਂ ਤੇ ਖਾਸ ਕਰਕੇ ਸਿੱਖ ਭਾਈਚਾਰੇ ਅੰਦਰ ਭਾਰੀ ਬੇਚੈਨੀ ਪੈਦਾ ਕੀਤੀ ਹੈ । ਇਸ ਦੌਰਾਨ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦਾ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਅਤੇ ਪੰਜਾਬੀ ਪ੍ਰੇਮੀਆਂ ਨੇ ਜ਼ੋਰਦਾਰ ਵਿਰੋਧ ਕਰਦਿਆਂ ਇਸ ਨੂੰ ਪੰਜਾਬੀ ਭਾਸ਼ਾ 'ਤੇ ਸਿੱਧਾ ਹਮਲਾ ਕਰਾਰ ਦਿੱਤਾ ਹੈ। ਵੱਖ-ਵੱਖ ਆਗੂਆਂ ਨੇ ਇਸ ਫ਼ੈਸਲੇ ਪਿੱਛੇ ਛੁਪੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਮਨਸੂਬਿਆਂ 'ਤੇ ਵੀ ਸਵਾਲ ਚੁੱਕਦੇ ਹੋਏ ਇਸ ਨੂੰ ਘੱਟ ਗਿਣਤੀ ਲੋਕਾਂ ਖ਼ਿਲਾਫ਼ ਇਕ ਸੋਚੀ ਸਮਝੀ ਸਾਜਿਸ਼ ਕਰਾਰ ਦਿੱਤਾ ਹੈ ।

ਇੱਥੇ ਦੱਸਣਯੋਗ ਹੈ ਕਿ ਦੇਸ਼ ਦੀ ਅਜ਼ਾਦੀ ਦੇ ਸਮੇਂ ਪੰਜਾਬ ਦਾ ਸੀਨਾ ਚੀਰ ਕੇ ਜੋ ਬਟਵਾਰਾ ਕੀਤਾ ਗਿਆ,ਉਹਦਾ ਦਰਦ ਚੜਦੇ ਅਤੇ ਲਹਿੰਦੇ ਪੰਜਾਬ ਦੇ ਬਸ਼ਿੰਦਿਆਂ ਨੂੰ ਅੱਜ ਵੀ ਬੇਚੈਨ ਕਰਦਾ ਹੈ। ਉਸ ਸਮੇਂ ਦੀ ਵੰਡ ਨੇ ਜਿੱਥੇ ਪੰਜਾਬੀ ਸੱਭਿਆਚਾਰ ਨੂੰ ਲਹੂ ਲੁਹਾਣ ਕੀਤਾ,10 ਲੱਖ ਪੰਜਾਬੀਆਂ ਦਾ ਘਾਣ ਹੋਇਆ,ਉਥੇ ਪੰਜਾਬੀ ਬੋਲੀ ਤੇ ਵੀ ਅਜਿਹਾ ਫਿਰਕੂ ਵਾਰ ਹੋਇਆ ਕਿ ਅੱਜ ਵੀ ਲਹਿੰਦੇ ਪੰਜਾਬ ਦੇ ਪੰਜਾਬੀ ਆਪਣੀ ਮਾਂ ਬੋਲੀ ਨਾਲ ਹੋਏ ਧੱਕੇ ਦੀ ਦਾਸਤਾਨ ਸੁਣਾਉਂਦੇ ਧਾਹਾਂ ਮਾਰ ਕੇ ਰੋਣ ਲੱਗ ਜਾਂਦੇ ਹਨ ਅਤੇ ਪੰਜਾਬੀ ਬੋਲੀ ਦੀ ਹੋਂਦ ਦੀ ਲੜਾਈ ਲੜ ਰਹੇ ਹਨ। ਅਜਿਹਾ ਹੀ ਇੱਕ ਹੋਰ ਵਰਤਾਰਾ ਜੰਮੂ ਕਸ਼ਮੀਰ ਵਿਚ ਵਾਪਰਿਆ ਹੈ ਜਿੱਥੇ ਕੇਂਦਰ ਸਰਕਾਰ ਨੇ ਪੰਜਾਬੀ ਨੂੰ ਜਲਾਵਤਨ ਕਰਨ ਦਾ ਮੰਦਭਾਗਾ ਫੈਸਲਾ ਕੀਤਾ ਹੈ। 2014 ਤੋ ਬਾਅਦ ਦਾ ਦੌਰ ਭਾਰਤੀ ਜਨਤਾ ਪਾਰਟੀ ਲਈ ਸੁਨਿਹਰੀ ਦੌਰ ਕਿਹਾ ਜਾ ਸਕਦਾ ਹੈ, ਜਦੋਂ 16ਵੀਂਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਭਾਰੀ ਬਹੁਮੱਤ ਹਾਸਲ ਕਰਕੇ ਕੇਂਦਰ ਵਿੱਚ ਸਰਕਾਰ ਬਨਾਉਣ ਵਿੱਚ ਕਾਮਯਾਬ ਹੋ ਗਈ। ਬਿਨਾ ਸ਼ੱਕ ਹਿੰਦੂ ਰਾਸ਼ਟਰ ਵਾਲਾ ਪੈਂਤੜਾ ਭਾਰਤੀ ਜਨਤਾ ਪਾਰਟੀ ਦੇ ਬੇਹੱਦ ਰਾਸ ਆਇਆ ਹੈ। 2014 ਅਤੇ 2019 ਵਿੱਚ ਮਿਲਿਆ ਰਿਕਾਰਡ ਤੋੜ ਬਹੁਮਤ ਪਾਰਟੀ ਦੇ ਹਿੰਦੂ ਰਾਸ਼ਟਰ ਵਾਲੇ ਏਜੰਡੇ ਦੀ ਕਰਾਮਾਤ ਹੀ ਹੈ,ਜਿਸ ਨੂੰ ਪਾਰਟੀ ਬਹੁਤ ਚੰਗੀ ਤਰਾਂ ਸਮਝਦੀ ਵੀ ਹੈ,ਇਹੋ ਕਾਰਨ ਹੈ ਕਿ ਭਾਰਤੀ ਜਨਤਾ ਪਾਰਟੀ ਲਗਾਤਾਰ ਆਪਣੇ ਕੌਮੀ ਨਿਸ਼ਾਨੇ ਦੀ ਪੂਰਤੀ ਵੱਲ ਬੇਝਿਜਕ ਵਧਦੀ ਜਾ ਰਹੀ ਹੈ। ਬੇਸ਼ੱਕ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਵਿਤਕਰੇਬਾਜੀ ਦੇਸ਼ ਦੀ ਅਜ਼ਾਦੀ ਦੇ ਸਮੇਂ ਤੋਂ ਹੀ ਚੱਲਦੀ ਆ ਰਹੀ ਹੈ,ਪਰੰਤੂ ਦੇਸ਼ ਅੰਦਰ ਘੱਟ ਗਿਣਤੀਆਂ ਦੇ ਅਧਿਕਾਰਾਂ ਨੂੰ ਬੇਕਿਰਕੀ ਨਾਲ ਕੁਚਲਣ ਦਾ ਦੌਰ ਵੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਨਣ ਤੋਂ ਬਾਅਦ ਹੀ ਆਰੰਭ ਹੋਇਆ। ਜੰਮੂ ਕਸ਼ਮੀਰ ਦੇ ਲੋਕਾਂ ਨੂੰ ਵੱਧ ਅਧਿਕਾਰ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਹਟਾਉਣ ਦੀ ਗੱਲ ਹੋਵੇ ਜਾਂ ਅਯੁੱਧਿਆ ਦੇ ਰਾਮ ਮੰਦਰ ਦੀ ਉਸਾਰੀ ਦਾ ਮਸਲਾ ਹੋਵੇ, ਭਾਜਪਾ ਦੀ ਮੋਦੀ ਸਰਕਾਰ ਨੇ ਬਗੈਰ ਵਿਰੋਧੀ ਪਾਰਟੀਆਂ ਦੇ ਵਿਰੋਧ ਦੀ ਪ੍ਰਵਾਹ ਕੀਤਿਆਂ ਆਪਣੇ ਨਿਸ਼ਾਨੇ ਨੂੰ ਪੂਰਾ ਕਰਕੇ ਹੀ ਦਮ ਲਿਆ ਹੈ।ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਲਈ ਭਾਵੇਂ ਕੇਂਦਰ ਸਰਕਾਰ ਨੂੰ ਕਸ਼ਮੀਰੀਆਂ ਦੇ ਜਿਉਣ ਦੇ ਸਾਰੇ ਹੱਕ ਖੋਹ ਕੇ ਉਹਨਾਂ ਨੂੰ ਅਣਮਿਥੇ ਸਮੇ ਲਈ ਘਰਾਂ ਵਿਚ ਨਜ਼ਰਬੰਦ ਵੀ ਕਰਨਾ ਪਿਆ, ਸਰਕਾਰ ਨੇ ਕੋਈ ਪ੍ਰਵਾਹ ਨਹੀ ਕੀਤੀ ਤੇ ਬਗੈਰ ਦੇਰੀ ਕੀਤਿਆਂ ਫੌਰੀ ਐਕਸ਼ਨ ਲਿਆ,ਤਾਂ ਕਿ ਨਿਸ਼ਾਨੇ ਸਰ ਕਰਨ ਵਿੱਚ ਕਿਸੇ ਵੀ ਕਿਸਮ ਦੀ ਰੁਕਾਵਟ ਨਾ ਪੈ ਸਕੇ।ਇਸ ਤੋ ਇਲਾਵਾ ਦਿੱਲੀ ਦੇ ਪੁਰਾਤਨ ਰਵਿਦਾਸ ਮੰਦਰ ਨੂੰ ਤੋੜਨਾ, ਉੜੀਸਾ ਵਿੱਚ ਪੁਰਾਤਨ ਗੁਰਦੁਆਰਾ ਮੰਗੂ ਮੱਠ ਨੂੰ ਤੋੜਨਾ ਵੀ ਭਾਜਪਾ ਦੀ ਘੱਟ ਗਿਣਤੀਆਂ ਅਤੇ ਦਲਿਤਾਂ ਦੇ ਮਨੋਬਲ ਨੂੰ ਖਤਮ ਕਰਕੇ ਹਿੰਦੂ ਰਾਸ਼ਟਰ ਬਨਾਉਣ ਵਾਲੇ ਏਜੰਡੇ ਦੀ ਹੀ ਕੜੀ ਹੈ,ਜਿਸ ਨੂੰ ਸਮਝਣਾ ਤੇ ਮੰਨਣਾ ਨਾ ਹੀ ਸਿੱਖਾਂ ਨੇ ਮੁਨਾਸਿਬ ਸਮਝਿਆ ਅਤੇ ਨਾ ਹੀ ਦੇਸ਼ ਦੇ ਵੱਡੀ ਗਿਣਤੀ ਦਲਿਤ ਭਾਈਚਾਰੇ ਨੇ ਕੇਂਦਰ ਸਰਕਾਰ ਦੇ ਨਾਗਪੁਰੀ ਏਜੰਡੇ ਦੀ ਕੋਈ ਪ੍ਰਵਾਹ ਕਰਨ ਦੀ ਲੋੜ ਸਮਝੀ। ਗੱਲ ਇੱਥੇ ਹੀ ਨਹੀਂ ਰੁਕੀ,ਬਲਕਿ ਇਸ ਤੋਂ ਬਹੁਤ ਅੱਗੇ ਲੰਘ ਚੁੱਕੀ ਹੈ। ਕੇਂਦਰ ਸਰਕਾਰ ਕਦਮ ਦਰ ਕਦਮ ਅੱਗੇ ਵੱਧ ਰਹੀ ਹੈ। ਸਭ ਤੋਂ ਪਹਿਲਾਂ ਉਹਨਾਂ ਦਾ ਨਿਸ਼ਾਨਾ ਜੰਮੂ ਕਸ਼ਮੀਰ ਦੀ ਅਜ਼ਾਦੀ ਖੋਹ ਕੇ ਇਸ ਅਜ਼ਾਦ ਰਾਜ ਨੂੰ ਸਿੱਧੇ ਤੌਰ ਤੇ ਭਾਰਤ ਸਰਕਾਰ ਦੇ ਅਧੀਨ ਕਰਨ ਦਾ ਸੀ,ਜਿਸ ਨੂੰ ਉਹਨਾਂ ਪੂਰਾ ਕਰਕੇ ਹੀ ਦਮ ਲਿਆ। ਭਾਵੇਂ ਮੁਸਲਮਾਨ ਭਾਈਚਾਰੇ ਦੇ ਲੋਕ ਹਮੇਸਾਂ ਤੋਂ ਹੀ ਭਾਰਤੀ ਜਨਤਾ ਪਾਰਟੀ ਦੇ ਲਗਾਤਾਰ ਨਿਸ਼ਾਨੇ ਉਪਰ ਰਹਿੰਦੇ ਰਹੇ ਹਨ, ਪਰ ਕੇਂਦਰ ਵਿੱਚ ਸੱਤਾ ਹਾਸਿਲ ਕਰਨ ਤੋ ਬਾਅਦ ਸਭ ਤੋਂ ਪਹਿਲਾਂ ਉਹਨਾਂ ਦਾ ਵੱਡਾ ਨਿਸ਼ਾਨਾ ਜੰਮੂ ਕਸ਼ਮੀਰ ਨੂੰ ਸਰ ਕਰਨ ਦਾ ਸੀ, ਜਿਸ ਨੂੰ ਉਹਨਾਂ ਬਹੁਤ ਸੌਖਿਆਂ ਹੀ ਹਾਸਲ ਕਰ ਲਿਆ। ਭਾਜਪਾ ਦੇ ਕੰਮ ਕਰਨ ਦੇ ਢੰਗ ਤੋਂ ਚਿੰਤਤ ਘੱਟ ਗਿਣਤੀਆਂ ਦੇ ਸੂਝਵਾਨ ਲੋਕਾਂ ਅਤੇ ਦੇਸ਼ ਦੇ ਖਾਸ ਕਰਕੇ ਪੰਜਾਬ ਦੇ ਜਮਹੂਰੀਅਤ ਪਸੰਦ ਲੋਕਾਂ ਦਾ ਇਹ ਖਦਸ਼ਾ ਹਮੇਸਾਂ ਰਿਹਾ ਹੈ ਕਿ ਭਾਜਪਾ ਦਾ ਅਗਲਾ ਨਿਸਾਨਾ ਪੰਜਾਬ ਹੋ ਸਕਦਾ ਹੈ,ਕਿਉਂਕਿ ਜੰਮੂ ਕਸ਼ਮੀਰ ਤੋਂ ਬਾਅਦ ਕੇਂਦਰ ਸਰਕਾਰ ਦੇ ਭਾਰਤ ਦੀ ਧਰਮ ਨਿਰਪੱਖਤਾ ਨੂੰ ਦਾਅ ਤੇ ਲਾ ਕੇ ਹਿੰਦੂ ਸਾਮਰਾਜ ਉਸਾਰਨ ਦੇ ਏਜੰਡੇ ਨੂੰ ਪੂਰਾ ਕਰਨ ਵਿੱਚ ਜੇ ਕੋਈ ਰੁਕਾਵਟ ਬਣ ਸਕਦਾ ਹੈ, ਉਹ ਬਿਨਾਂ ਸ਼ੱਕ ਪੰਜਾਬ ਹੈ,ਜਿਸ ਨੂੰ ਕਾਬੂ ਕਰਨ ਲਈ ਵੀ ਭਾਜਪਾ ਦੀ ਕੇਂਦਰ ਸਰਕਾਰ ਲੰਮੇ ਸਮੇਂ ਤੋਂ ਕੰਮ ਕਰ ਰਹੀ ਹੈ।ਜਿਸ ਤਰਾਂ ਸਿੱਖਾਂ ਦੇ ਗੁਰਦੁਆਰਾ ਪ੍ਰਬੰਧ ਵਿੱਚ ਘੁਸਪੈਠ ਕਰਕੇ ਸਿੱਖੀ ਸਿਧਾਂਤਾਂ ਨੂੰ ਤੋੜਨਾ ਅਤੇ ਸਿੱਖ ਕੌਮ ਦੀ ਤਾਕਤ ਨੂੰ ਕਮਜੋਰ ਕਰਨ ਲਈ ਧੜੇਬੰਦੀਆਂ ਪੈਦਾ ਕਰਨਾ ਵੀ ਭਾਜਪਾ ਦੇ ਨਾਗਪੁਰੀ ਏਜੰਡੇ ਦਾ ਚਿਰੋਕਣਾ ਨਿਸ਼ਾਨਾ ਹੈ, ਜਿਸ ਵਿੱਚ ਬਹੁਤ ਹੱਦ ਤੱਕ ਉਹ ਸਫਲ ਵੀ ਹੋ ਚੁੱਕੇ ਹਨ, ਪਰੰਤੂ ਇਸ ਦੇ ਬਾਵਜੂਦ ਵੀ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ।ਹਿੰਦੂ ਰਾਸ਼ਟਰ ਬਨਾਉਣ ਲਈ ਕੁੱਝ ਸਮਾਂ ਪਹਿਲਾਂ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਇੱਕ ਰਾਸ਼ਟਰ ਇੱਕ ਭਾਸ਼ਾ ਦਾ ਨਾਹਰਾ ਦਿੱਤਾ ਸੀ,ਜਿਸ ਤਹਿਤ ਉਹ ਸੂਬਿਆਂ ਦੀਆਂ ਮਾਤ ਭਾਸ਼ਾਵਾਂ ਖਤਮ ਕਰਕੇ ਹਿੰਦੀ ਥੋਪਣਾ ਚਾਹੁੰਦੇ ਸਨ, ਉਸ ਦਾ ਦੇਸ਼ ਵਿੱਚ ਵੱਡੀ ਪੱਧਰ ਤੇ ਵਿਰੋਧ ਹੋਇਆ,ਬਹੁਤ ਸਾਰੇ ਸੂਬਿਆਂ ਨੇ ਕੇਂਦਰ ਦੇ ਇਸ ਫੈਸਲੇ ਨੂੰ ਮੁੱਢੋਂ ਹੀ ਖਾਰਜ ਕਰ ਦਿੱਤਾ, ਜਿਸ ਕਰਕੇ ਕੇਂਦਰ ਨੂੰ ਅਪਣੇ ਇਸ ਫੈਸਲੇ ਤੇ ਚੁੱਪ ਵੱਟਣੀ ਪਈ।ਕੇਂਦਰ ਦੀ ਚੁੱਪ ਦਾ ਮਤਲਬ ਇਹ ਨਹੀਂ ਕਿ ਕੇਂਦਰ ਨੇ ਆਪਣਾ ਫੈਸਲਾ ਬਦਲ ਲਿਆ ਹੈ, ਬਲਕਿ ਉਹਨਾਂ ਨੇ ਦੇਸ਼ ਦੇ ਲੋਕਾਂ ਦੇ ਪ੍ਰਤੀਕਰਮ ਨੂੰ ਬੜੀ ਗੰਭੀਰਤਾ ਨਾਲ ਲੈਂਦਿਆਂ ਬੇਹੱਦ ਸਿਆਣਪ ਤੋਂ ਕੰਮ ਲਿਆ ਹੈ। ਉਹਨਾਂ ਨੇ ਹੁਣ ਇਸ ਆਸ਼ੇ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਪੰਜਾਬ ਨੂੰ ਨਿਸ਼ਾਨਾ ਬਣਾਇਆ ਹੈ। ਜੰਮੂ ਕਸ਼ਮੀਰ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਐਲਾਨੇ ਜਾਣ ਤੋਂ ਬਾਅਦ ਹੁਣ ਚੁੱਪ ਚਾਪ ਉੱਥੋਂ ਦੀਆਂ ਭਾਸ਼ਾਵਾਂ ਵਿਚੋਂ ਦੁਨੀਆ 'ਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਪਹਿਲੀਆਂ 10 ਭਾਸ਼ਾਵਾਂ 'ਚ ਸ਼ਾਮਲ ਪੰਜਾਬੀ ਨੂੰ ਬਾਹਰ ਕਰ ਦਿੱਤਾ ਗਿਆ ਹੈ ।ਕੇਂਦਰ ਵੱਲੋਂ ਪਾਸ ਨਵੇਂ ਬਿੱਲ ਮੁਤਾਬਕ ਹੁਣ ਉਰਦੂ, ਕਸ਼ਮੀਰੀ, ਅੰਗਰੇਜ਼ੀ ਤੇ ਡੋਗਰੀ ਦੇ ਨਾਲ-ਨਾਲ ਹਿੰਦੀ ਨੂੰ ਜੰਮੂ-ਕਸ਼ਮੀਰ ਦੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸੂਬੇ ਦੀ ਸਰਕਾਰੀ ਭਾਸ਼ਾ ਉਰਦੂ ਸੀ। ਕਸ਼ਮੀਰੀ ਤੇ ਡੋਗਰੀ ਨੂੰ ਖੇਤਰੀ ਭਾਸ਼ਾਵਾਂ ਵਜੋਂ ਮਾਨਤਾ ਸੀ। ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਜੰਮੂ-ਕਸ਼ਮੀਰ ਸਮੇਤ ਪੂਰੀ ਦੁਨੀਆ ਦੇ ਪੰਜਾਬੀਆਂ ਨੇ ਕੀਤਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਨੇ ਪੰਜਾਬੀ ਨੂੰ ਹਟਾ ਕੇ ਹਿੰਦੀ ਨੂੰ ਸਰਕਾਰੀ ਭਾਸ਼ਾ ਵਜੋਂ ਮਾਨਤਾ ਦੇ ਦਿੱਤੀ ਹੈ ਜਿਸ ਨਾਲ ਸੂਬੇ ਦੇ ਲੋਕਾਂ ਦਾ ਵਾਸਤਾ ਨਾਮਾਤਰ ਹੈ। ਦਰਅਸਲ, ਕਸ਼ਮੀਰ ਵਾਦੀ ਤੇ ਜੰਮੂ ਦੇ ਕੁਝ ਹਿੱਸੇ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਕਸ਼ਮੀਰੀ ਹੈ। ਪਚਵੰਜਾ ਫ਼ੀਸਦੀ ਤੋਂ ਵੱਧ ਲੋਕ ਕਸ਼ਮੀਰੀ ਬੋਲਦੇ ਹਨ। ਦੂਜੀ ਮੁੱਖ ਭਾਸ਼ਾ ਡੋਗਰੀ ਹੈ। ਪੰਜਾਬੀ ਬੋਲਣ ਵਾਲੇ ਲੋਕਾਂ ਦੀ ਵੀ ਵੱਡੀ ਗਿਣਤੀ ਹੈ। ਜੰਮੂ ਖੇਤਰ 'ਚ ਜ਼ਿਆਦਾਤਰ ਲੋਕ ਡੋਗਰੀ ਜਾਂ ਪੰਜਾਬੀ ਹੀ ਬੋਲਦੇ ਹਨ। ਸੂਬੇ 'ਚ ਅੱਧੀ ਦਰਜਨ ਤੋਂ ਵੱਧ ਹੋਰ ਭਾਸ਼ਾਵਾਂ ਵੀ ਹਨ। ਇਸ ਬਿੱਲ ਤੋਂ ਬਾਅਦ ਪੰਜਾਬ ਦੀ ਸਿਆਸਤ 'ਚ ਵੀ ਹਲਚਲ ਵੱਧ ਗਈ ਹੈ। ਇਕ ਰਿਪੋਰਟ ਮੁਤਾਬਕ ਦੁਨੀਆ 'ਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ 'ਚੋਂ ਪਹਿਲੇ ਸਥਾਨ 'ਤੇ ਚੀਨੀ ਭਾਸ਼ਾ ਹੈ ਜਿਸ ਨੂੰ ਲਗਪਗ 120 ਕਰੋੜ ਲੋਕ ਬੋਲਦੇ ਹਨ। ਦੂਜੇ ਨੰਬਰ 'ਤੇ ਸਪੈਨਿਸ਼ ਭਾਸ਼ਾ ਹੈ ਜਿਸ ਨੂੰ 40 ਕਰੋੜ ਲੋਕ ਬੋਲਦੇ ਹਨ ਅਤੇ ਤੀਜੇ ਨੰਬਰ 'ਤੇ ਅੰਗਰੇਜ਼ੀ ਹੈ। ਚੌਥੇ ਸਥਾਨ 'ਤੇ ਹਿੰਦੀ ਅਤੇ ਪੰਜਵੇਂ ਨੰਬਰ 'ਤੇ ਅਰਬੀ ਭਾਸ਼ਾ ਹੈ। ਛੇਵੇਂ 'ਤੇ ਪੁਰਤਗੀਜ਼, 7ਵੇਂ 'ਤੇ ਬੰਗਾਲੀ, 8ਵੇਂ 'ਤੇ ਰਸ਼ੀਅਨ, 9ਵੇਂ 'ਤੇ ਜਾਪਾਨੀ ਅਤੇ 10 ਵੇਂ ਨੰਬਰ 'ਤੇ ਪੰਜਾਬੀ ਭਾਸ਼ਾ ਹੈ। ਲਹਿੰਦੇ ਤੇ ਚੜਦੇ ਪੰਜਾਬ ਸਣੇ ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਪੰਜਾਬੀ ਬੋਲੀ ਜਾਂਦੀ ਹੈ। ਕੇਂਦਰੀ ਮੰਤਰੀ ਮੰਡਲ ਵੱਲੋਂ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਤਬਦੀਲ ਕਰਨ ਪਿੱਛੋਂ ਭਾਸ਼ਾ ਬਿੱਲ ਨਾਲ ਕਈ ਸਵਾਲ ਖੜੇ ਹੋ ਗਏ ਹਨ।

> **- ਵੱਖ-ਵੱਖ ਆਗੂਆਂ ਤੇ ਪੰਜਾਬੀ ਪ੍ਰੇਮੀਆਂ ਵਲੋਂ ਫ਼ੈਸਲਾ ਪੰਜਾਬੀ ਬੋਲੀ 'ਤੇ ਹਮਲਾ ਕਰਾਰ**
>
> **- ਜੰਮੂ ਕਸ਼ਮੀਰ ਦੇ ਸਿੱਖ ਸੰਗਠਨਾਂ ਨੇ ਇਸ ਮੁੱਦੇ 'ਤੇ ਆਰ-ਪਾਰ ਦੀ ਲੜਾਈ ਲਈ ਅੰਦੋਲਨ ਛੇੜਨ ਦੀ ਚਿਤਾਵਨੀ**
>
> **- ਪੰਜਾਬੀ ਭਾਸ਼ਾ ਨੂੰ ਰਾਜ ਦਰਜੇ 'ਚੋਂ ਵੱਖ ਕਰਨਾ ਵੱਡੀ ਬੇਇਨਸਾਫ਼ੀ: ਜਗਮੋਹਨ ਸਿੰਘ ਰੈਨਾ**

1849 ਤੱਕ ਖਾਲਸਾ ਰਾਜ ਦਾ ਹਿੱਸਾ ਰਹੇ ਕਸ਼ਮੀਰ ਨੂੰ ਪੰਜਾਬੀ ਭਾਸ਼ਾ ਤੋਂ ਅਲੱਗ ਕਿਵੇਂ ਕੀਤਾ ਜਾ ਸਕਦਾ ਹੈ। ਕੇਂਦਰ ਦੇ ਇਸ ਪੰਜਾਬੀ ਵਿਰੋਧੀ ਫੈਸਲੇ ਦਾ ਪੰਜਾਬੀਆਂ ਨੂੰ ਡਟਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਦੱਸਣਾ ਚਾਹੀਦਾ ਹੈ ਕਿ ਜਦੋਂ ਬਦੇਸ਼ਾ ਵਿੱਚ ਪੰਜਾਬੀ ਨੂੰ ਮਾਨਤਾ ਮਿਲ ਰਹੀ ਹੈ, ਉਸ ਮੌਕੇ ਭਾਰਤ ਸਰਕਾਰ ਦੇ ਪੰਜਾਬੀ ਨੂੰ ਖਤਮ ਕਰਨ ਦੇ ਇਰਾਦੇ ਸਫਲ ਨਹੀਂ ਹੋਣ ਦਿੱਤੇ ਜਾਣਗੇ। ਲੋਕ ਸਭਾ ਅਤੇ ਰਾਜ ਸਭਾ ਵਿੱਚ ਇਸ ਬਿਲ ਨੂੰ ਪਾਸ ਹੋਣ ਤੋਂ ਰੁਕਵਾਇਆ ਜਾਣਾ ਚਾਹੀਦਾ ਹੈ। ਇੱਥੇ ਇੱਕ ਹੋਰ ਕੌੜਾ ਸੱਚ ਬੜੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਜਦੋਂ ਵੀ ਕੇਂਦਰ ਦੀਆਂ ਸਿੱਖਾਂ ਅਤੇ ਪੰਜਾਬ ਨਾਲ ਵਧੀਕੀਆਂ ਦਾ ਕੋਈ ਗੰਭੀਰ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸਾਡੇ ਆਪਣੇ ਉਸ ਦੋਸ਼ ਵਿੱਚ ਭਾਗੀਦਾਰ ਦਿਖਾਈ ਦਿੰਦੇ ਹਨ,ਜਿੰਨਾਂ ਤੋਂ ਅਸੀਂ ਲੋਕ ਸਭਾ ਅਤੇ ਰਾਜ ਸਭਾ ਵਿਚ ਅਵਾਜ਼ ਬੁਲੰਦ ਕਰਨ ਦੀ ਬੇਸਮਝੀ ਵਾਲੀ ਆਸ ਰਖਦੇ ਹਾਂ,ਉਹ ਲੋਕ ਤਾਂ ਕਿਸੇ ਵੀ ਪੰਜਾਬ ਵਿਰੋਧੀ ਫੈਸਲੇ ਦਾ ਵਿਰੋਧ ਕਰਨ ਦੀ ਬਜਾਏ ਹਮੇਸਾਂ ਪੰਜਾਬ ਅਤੇ ਪੰਥ ਦੇ ਖਿਲਾਫ ਭੁਗਤਦੇ ਹਨ।ਬੇਸ਼ੱਕ ਕਿਸਾਨੀ ਸਬੰਧੀ ਜਾਰੀ ਕੀਤੇ ਤਿੰਨ ਆਰਡੀਨੈਂਸਾਂ ਦਾ ਮੁੱਦਾ ਹੋਵੇ ਜਾਂ ਉਸ ਤੋਂ ਪਹਿਲਾਂ ਜੰਮੂ ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਦੀ ਗੱਲ ਹੋਵੇ,ਭਾਜਪਾ ਦੇ ਭਾਈਵਾਲ ਆਪਣੀ ਪਾਰਟੀ ਦੇ ਵਿਧਾਨ ਦੇ ਖਿਲਾਫ ਜਾ ਕੇ ਵੀ ਸਰਕਾਰ ਦੇ ਹੱਕ ਵਿੱਚ ਭੁਗਤੇ ਸਨ,ਜਦੋਂ ਕਿ ਅਕਾਲੀ ਦਲ ਨੇ ਇਹ ਕਦੇ ਵੀ ਯਾਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਗੁਜਰਾਤੀ ਕਦੇ ਵੀ ਘੱਟ ਗਿਣਤੀਆਂ ਖਾਸ ਕਰਕੇ ਸਿੱਖਾਂ ਦੇ ਹਿਤੈਸ਼ੀ ਨਹੀਂ ਰਹੇ। ਅਜਾਦੀ ਤੋਂ ਤੁਰੰਤ ਬਾਅਦ ਸਿਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਗਰਦਾਨਣ ਵਾਲਾ ਪਟੇਲ ਵੀ ਗੁਜਰਾਤੀ ਸੀ। ਨਰੇਂਦਰ ਮੋਦੀ ਨੇ ਗੁਜਰਾਤ ਦਾ ਮੁੱਖ ਮੰਤਰੀ ਹੁੰਦੇ ਹੋਏ ਸਿੱਖ ਪਟੇਦਾਰਾਂ ਨੂੰ ਗੁਜਰਾਤ ਵਿਚੋਂ ਉਜਾੜਿਆ ਅਤੇ ਮੁਸਲਮਾਨਾਂ ਦਾ ਕਤਲੇਆਮ ਕੀਤਾ, ਪ੍ਰੰਤੂ ਅਕਾਲੀ ਦਲ ਨੇ ਕਦੇ ਵੀ ਭਾਜਪਾ ਦੇ ਕਿਸੇ ਵੀ ਘੱਟ ਗਿਣਤੀ ਵਿਰੋਧੀ,ਦਲਿਤ ਵਿਰੋਧੀ ਜਾਂ ਕਿਸਾਨਾਂ ਵਿਰੋਧੀ ਫੈਸਲਿਆਂ ਦਾ ਵਿਰੋਧ ਨਹੀ ਕੀਤਾ,ਬਲਕਿ ਚੁੱਪ ਕਰਕੇ ਦਸਤਖਤ ਕਰ ਦਿੰਦੇ ਹਨ ਤੇ ਬਾਅਦ ਵਿੱਚ ਰੌਲਾ ਪੈਣ ਬਾਅਦ ਕਦੇ ਖੇਤੀ ਮੰਤਰੀ ਨੂੰ ਚਿੱਠੀ ਲਿਖਣ ਦਾ ਨਾਟਕ ਕਰਦੇ ਹਨ ਤੇ ਹੁਣ ਜੰਮੂ ਕਸ਼ਮੀਰ ਵਿਚੋਂ ਪੰਜਾਬੀ ਨੂੰ ਖਤਮ ਕਰਨ ਤੇ ਵੀ ਸੁਣਿਆ ਹੈ ਕਿ ਸੁਖਬੀਰ ਬਾਦਲ ਨੇ ਕੇਂਦਰ ਸਰਕਾਰ ਨੂੰ ਚਿੱਠੀ ਲਿਖੀ ਹੈ,ਪਰ ਕਮਾਲ ਦੀ ਗੱਲ ਇਹ ਹੈ ਕਿ ਕਿੰਨੇ ਫੈਸਲੇ ਕੇਂਦਰ ਨੇ ਅਜਿਹੇ ਕੀਤੇ ਹਨ,ਜਿੰਨਾਂ ਦਾ ਅਕਾਲੀ ਦਲ ਨੂੰ ਡਟਵਾਂ ਵਿਰੋਧ ਕਰਨਾ ਚਾਹੀਦਾ ਸੀ,ਪਰ ਸਾਰੇ ਹੀ ਫੈਸਲਿਆਂ ਵਿੱਚ ਕੇਂਦਰ ਦੇ ਹੱਕ ਵਿਚ ਭੁਗਤ ਕੇ ਮਹਿਜ ਸੱਤਾ ਦੀ ਕੁਰਸੀ ਬਚਾਉਣ ਖਾਤਰ ਆਪਣੇ ਲੋਕਾਂ ਦੇ ਵਿਰੋਧ ਵਿਚ ਭੁਗਤ ਦੇ ਰਹੇ ਹਨ,ਜਿਸ ਦਾ ਖਮਿਆਜਾ ਪੰਜਾਬੀਆਂ,ਖਾਸ ਕਰਕੇ ਸਿੱਖਾਂ ਨੂੰ ਭੁਗਤਣਾ ਵੀ ਪਿਆ ਹੈ ਤੇ ਭੁਗਤਦੇ ਵੀ ਰਹਿਣਗੇ। ਪੰਜਾਬ ਦੀਆਂ ਸਭ ਸਿਆਸੀ ਪਾਰਟੀਆਂ ਨੂੰ ਇਸ ਮਸਲੇ 'ਤੇ ਸੰਸਦ 'ਚ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਫੈਡਰਲ ਢਾਂਚੇ ਦੇ ਚੱਲਦਿਆਂ ਕਿਸੇ ਰਾਜ ਦੀ ਸਰਕਾਰੀ ਭਾਸ਼ਾ ਨਿਸ਼ਚਿਤ ਕਰਨ ਦਾ ਹੱਕ ਸਬੰਧਿਤ ਰਾਜ ਕੋਲ ਹੈ। ਜੰਮੂ-ਕਸ਼ਮੀਰ ਦੇ ਲੋਕ ਵਿਸ਼ੇਸ਼ ਰਾਜ ਦੇ ਰੁਤਬੇ ਤੋਂ ਕੇਂਦਰ ਸ਼ਾਸਿਤ ਪ੍ਰਦੇਸ਼ ਤੱਕ ਸੀਮਤ ਕਰ ਦੇਣ ਕਰਕੇ ਪਹਿਲਾਂ ਹੀ ਬੇਗ਼ਾਨਗੀ ਦੀ ਭਾਵਨਾ ਵਿਚ ਘਿਰੇ ਹੋਏ ਹਨ। ਜੰਮੂ-ਕਸ਼ਮੀਰ ਰਿਆਸਤ ਆਪਣੇ ਆਪ ਵਿਚ ਵੰਨ-ਸੁਵੰਨਤਾ ਦੀ ਪ੍ਰਤੀਕ ਹੈ ਅਤੇ ਪੰਜਾਬੀ ਉਸ ਪ੍ਰਦੇਸ਼ ਦੀਆਂ ਬੋਲੀਆਂ ਦੇ ਗੁਲਦਸਤੇ ਵਿਚ ਸ਼ਾਮਲ ਹੈ। ਸਾਰੀ ਦੁਨੀਆਂ ਦੇ ਪੰਜਾਬੀ ਇਹ ਮਹਿਸੂਸ ਕਰਦੇ ਹਨ ਕਿ ਜੰਮੂ-ਕਸ਼ਮੀਰ ਵਿਚ ਪੰਜਾਬੀ ਨੂੰ ਉਸ ਦਾ ਬਣਦਾ ਹੱਕ ਮਿਲਣਾ ਚਾਹੀਦਾ ਹੈ। ਇਸ ਬਿਲ ਨੂੰ ਬਣਾਉਣ ਤੋਂ ਪਹਿਲਾਂ ਜੰਮੂ-ਕਸ਼ਮੀਰ ਦੇ ਲੋਕਾਂ ਵਿਚ ਚਰਚਾ ਕਰਵਾਉਣੀ ਜ਼ਰੂਰੀ ਨਹੀਂ ਸਮਝੀ ਗਈ। ਲੰਮੇ ਸਮੇਂ ਤੱਕ ਵਿਸ਼ੇਸ਼ ਅਧਿਕਾਰ ਪ੍ਰਾਪਤ ਰਹੇ ਸੂਬੇ ਦੀਆਂ ਤਾਕਤਾਂ ਅਚਾਨਕ ਖੋਹ ਕੇ ਉਨਾਂ ਦੇ ਸੱਭਿਆਚਾਰ, ਬੋਲੀ ਅਤੇ ਹੋਰ ਜੀਵਨ-ਜਾਚ ਨਾਲ ਸਬੰਧਿਤ ਫ਼ੈਸਲੇ ਵੀ ਕੇਂਦਰੀ ਪੱਧਰ ਉੱਤੇ ਲੈਣ ਦਾ ਤਰੀਕਾ ਜਮਹੂਰੀ ਕਦਰਾਂ-ਕੀਮਤਾਂ ਦੇ ਉਲਟ ਹੈ। ਕੇਂਦਰ ਸਰਕਾਰ 'ਚ ਸ਼ਾਮਲ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਸਰਕਾਰ ਨਾਲ ਇਸ ਬਾਬਤ ਗੱਲ ਕਰੇ। ਕੇਂਦਰ ਸਰਕਾਰ ਦਾ ਇਹ ਫ਼ੈਸਲਾ ਮਾਂ-ਬੋਲੀ ਪੰਜਾਬੀ 'ਤੇ ਹਮਲਾ ਹੈ ਜਿਸ ਖ਼ਿਲਾਫ਼ ਹਰੇਕ ਪੰਜਾਬੀ ਨੂੰ ਆਵਾਜ਼ ਚੁੱਕਣੀ ਚਾਹੀਦੀ ਹੈ।

### ਪੰਜਾਬੀਆਂ ਅੰਦਰ ਵੱਡੀ ਪੱਧਰ 'ਤੇ ਰੋਹ

ਪੰਜਾਬੀ ਨੂੰ ਰਾਜ ਭਾਸ਼ਾ ਦੇ ਦਰਜੇ ਤੋਂ ਬਾਹਰ ਰੱਖਣ ਲਈ ਜਿਥੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ 'ਚ ਜ਼ੋਰਦਾਰ ਵਿਰੋਧ ਹੋ ਰਿਹਾ ਹੈ ਉੱਥੇ ਜੰਮੂ ਕਸ਼ਮੀਰ ਦੇ ਸਿੱਖ ਸੰਗਠਨਾਂ ਨੇ ਇਸ ਮੁੱਦੇ 'ਤੇ ਆਰ-ਪਾਰ ਦੀ ਲੜਾਈ ਲਈ ਅੰਦੋਲਨ ਛੇੜਨ ਦੀ ਚਿਤਾਵਨੀ ਦਿੱਤੀ ? ਸ੍ਰੀਨਗਰ ਪਰੈਸ ਕਲੱਬ ਤੇ ਆਲ ਤਾਲ ਮੇਲ ਸਿੱਖ ਕੁਆਡਰੇਸ਼ਨ ਕਮੇਟੀ (ਏ.ਪੀ.ਸੀ. ਸੀ.) ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਸੰਬੋਧਨ ਕਰਦੇ ਕਿਹਾ ਕਿ ਜੰਮੂ-ਕਸ਼ਮੀਰ 'ਚ ਲਿਆਏ ਜਾ ਰਹੇ ਭਾਸ਼ਾ ਬਿੱਲ-2020 'ਚੋਂ ਪੰਜਾਬੀ ਭਾਸ਼ਾ ਨਾਲ ਵਿਤਕਰਾ ਕਰਦੇ ਇਸ ਨੂੰ ਬਾਹਰ ਰੱਖਣ ਦਾ ਨਿੰਦਾ ਕਰਦੇ ਇਸ ਫ਼ੈਸਲੇ ਨੂੰ ਲੋਕਾਂ ਵਿਸ਼ੇਸ਼ ਕਰ ਸਿੱਖ ਭਾਈਚਾਰੇ ਦੀ ਭਾਵਨਾਵਾਂ ਦਾ ਸਤਿਕਾਰ ਕਰਦੇ ਵਾਪਸ ਲੈਣ 'ਤੇ ਜ਼ੋਰ ਦਿੱਤਾ।

**ਬਾਕੀ ਸਫ਼ਾ 31 'ਤੇ**

# ਪ੍ਰਧਾਨ ਮੰਤਰੀ ਮੋਦੀ ਦਾ ਖਤਮ ਹੋਣ ਲੱਗਾ ਜਲਵਾ

## ਮੋਦੀ ਤੋਂ ਔਖੇ ਹੋਏ ਲੋਕ, ਵੀਡੀਓ 'ਤੇ ਕੱਢਣ ਲੱਗੇ ਰੱਜ ਕੇ ਗੁੱਸਾ

## ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਦੀਆਂ ਤਿਆਰੀਆਂ 'ਚ ਲੱਗੇ ਨੌਜਵਾਨ ਗੁੱਸੇ 'ਚ

## ਜੀ.ਡੀ.ਪੀ. 'ਚ ਇਤਿਹਾਸਕ ਗਿਰਾਵਟ ਦਾ ਇਕ ਹੋਰ ਵੱਡਾ ਕਾਰਨ ਮੋਦੀ ਸਰਕਾਰ ਦਾ 'ਗੱਬਰ ਸਿੰਘ ਟੈਕਸ' ਹੈ-ਰਾਹੁਲ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਲਵਾ ਖਤਮ ਹੋਣ ਲੱਗਾ ਹੈ। ਕੋਰੋਨਾਵਾਇਰਸ ਤੇ ਆਰਥਿਕ ਫਰੰਟ 'ਤੇ ਨਾਕਾਮੀ ਕਰਕੇ ਲੋਕ ਮੋਦੀ ਸਰਕਾਰ ਤੋਂ ਔਖੇ ਹਨ। ਇਸ ਲਈ ਸੋਸ਼ਲ ਮੀਡੀਆ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਵੱਡੀ ਅਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੰਘੇ ਹਫ਼ਤੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਨੂੰ ਬਹੁਤ ਜ਼ਿਆਦਾ 'ਡਿਸਲਾਈਕ' ਮਿਲੇ। ਲੋਕਾਂ ਨੇ ਬੀਜੇਪੀ ਦੇ ਯੂਟਿਊਬ ਚੈਨਲ 'ਤੇ ਤਿੱਖੇ ਕੁਮੈਂਟ ਵੀ ਕੀਤੇ। ਹਾਲਾਤ ਇਹ ਬਣ ਗਏ ਕਿ ਬੀਜੇਪੀ ਨੂੰ ਕੁਮੈਂਟ ਬਲੌਕ ਕਰਨੇ ਪਏ। ਇਹ ਸਿਲਸਿਲਾ ਇੱਥੇ ਹੀ ਨਹੀਂ ਰੁਕਿਆ। ਹੁਣ ਬੀਜੇਪੀ ਦੀਆਂ ਹੋਰਨਾਂ ਵੀਡੀਓ ਨੂੰ 'ਡਿਸਲਾਈਕ' ਕੀਤਾ ਜਾਣ ਲੱਗਾ ਹੈ। ਇਹ ਰੁਝਾਨ ਵੇਖ ਬੀਜੇਪੀ ਸਕਤੇ ਵਿੱਚ ਹੈ। ਬੇਸ਼ੱਕ ਬੀਜੇਪੀ ਦਾ ਕਹਿਣਾ ਹੈ ਕਿ ਇਹ ਕਾਂਗਰਸ ਦੀ ਸ਼ਰਾਰਤ ਹੈ ਪਰ ਇਸ ਗੱਲ ਤੋਂ ਹਰ ਕੋਈ ਵਾਕਫ ਹੈ ਕਿ ਲਾਂ ਵਿੱਚ ਸਰਕਾਰ ਪ੍ਰਤੀ ਕਾਫੀ ਗੁੱਸਾ ਹੈ। ਇਸ ਨੂੰ ਵੇਖਦਿਆਂ ਬੀਜੇਪੀ ਨੂੰ ਪੋਸਟ ਕੀਤੀਆਂ ਜਾ ਰਹੀਆਂ ਵੀਡੀਓ 'ਚੋਂ 'ਲਾਈਕ ਤੇ 'ਡਿਸਲਾਈਕ' ਵਾਲਾ ਬਟਨ ਹੀ ਹਟਾਉਣਾ ਪੈ ਗਿਆ ਹੈ। ਦੱਸ ਦਈਏ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਬੀਤੇ ਦਿਨ ਆਪਣੇ ਅਧਿਕਾਰਤ ਚੈਨਲ 'ਤੇ ਪ੍ਰਧਾਨ ਮੰਤਰੀ ਵੱਲੋਂ ਇੱਕ ਮਹਿਲਾ ਪ੍ਰੋਬੇਸ਼ਨਰ ਨਾਲ ਕੀਤੀ ਗੱਲਬਾਤ ਦੀ ਵੀਡੀਓ ਸਾਂਝੀ ਕੀਤੀ ਗਈ ਪਰ ਇਸ ਨੂੰ ਵੀ 'ਲਾਈਕ' ਤੋਂ ਜ਼ਿਆਦਾ 'ਡਿਸਲਾਈਕ' ਮਿਲੇ ਹਨ। ਇਸੇ ਚਿੰਤਾ ਕਾਰਨ ਬੀਜੇਪੀ ਨੇ ਪ੍ਰਧਾਨ ਮੰਤਰੀ ਵੱਲੋਂ ਆਈਪੀਐਸ ਪ੍ਰੋਬੇਸ਼ਨਰਾਂ ਨਾਲ ਕੀਤੀ ਗੱਲਬਾਤ ਦੀ ਵੀਡੀਓ 'ਚੋਂ 'ਲਾਈਕ' ਜਾਂ 'ਡਿਸਲਾਈਕ' ਦਾ ਬਟਨ ਹਟਾਉਣ ਦਾ ਫ਼ੈਸਲਾ ਕੀਤਾ ਸੀ। ਇਸੇ ਤਰਾਂ ਕੇਂਦਰ ਸਰਕਾਰ ਵੱਲੋਂ ਕੋਵਿਡ-19 ਮਹਾਮਾਰੀ ਦੌਰਾਨ ਕੀਤੇ ਗਏ ਕੰਮਾਂ ਸਬੰਧੀ ਐਨੀਮੇਟਡ ਵੀਡੀਓ ਨੂੰ ਵੀ 'ਲਾਈਕਸ' ਨਾਲੋਂ ਵੱਧ 'ਡਿਸਲਾਈਕਸ' ਮਿਲੇ ਹਨ। ਭਾਰਤੀ ਜਨਤਾ ਪਾਰਟੀ ਦੀਆਂ ਵੀਡੀਓ ਨੂੰ 'ਡਿਸਲਾਈਕ' ਕਰਨ ਦਾ ਰੁਝਾਨ ਜੇਈਈ ਤੇ ਨੀਟ ਦੀਆਂ ਪ੍ਰੀਖਿਆਵਾਂ ਦੇਣ ਵਾਲੇ ਵਿਦਿਆਰਥੀਆਂ ਦੇ ਨਾਲ-ਨਾਲ ਹੋਰਨਾਂ ਵੱਖ ਵੱਖ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਦੀਆਂ ਤਿਆਰੀਆ 'ਚ ਲੱਗੇ ਨੌਜਵਾਨਾਂ ਦੇ ਗੁੱਸੇ ਦੇ ਰੂਪ 'ਚ ਸਾਹਮਣੇ ਆਇਆ ਹੈ ਕਿਉਂਕਿ ਉਹ ਨਤੀਜਿਆਂ, ਭਰਤੀ ਨੋਟੀਫਿਕੇਸ਼ਨ ਤੇ ਦਾਖਲਾ ਕਾਰਡ ਜਾਰੀ ਹੋਣ 'ਚ ਹੋ ਰਹੀ ਦੇਰੀ ਤੋਂ ਪ੍ਰੇਸ਼ਾਨ ਹਨ।ਭਾਜਪਾ ਦੇ ਚੈਨਲ 'ਤੇ ਵੀਡੀਓ ਨੂੰ 'ਡਿਸਲਾਈਕ' ਕਰਨ ਦਾ ਸਿਲਸਿਲਾ ਲੰਘੇ ਐਤਵਾਰ ਤੋਂ ਸ਼ੁਰੂ ਹੋਇਆ ਸੀ ਜਦੋਂ ਪ੍ਰਧਾਨ ਮੰਤਰੀ ਨੇ ਆਪਣੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਰਾਹੀਂ ਸੰਬੋਧਨ ਕੀਤਾ। ਵਿਦਿਆਰਥੀਆਂ ਨੂੰ ਆਸ ਸੀ ਕਿ ਪ੍ਰਧਾਨ ਮੰਤਰੀ ਉਨਾਂ ਦੀਆਂ ਨੌਕਰੀਆਂ ਬਾਰੇ ਕੁਝ ਕਹਿਣਗੇ ਪਰ ਉਹ ਹੋਰਨਾਂ ਵਿਸ਼ਿਆਂ ਬਾਰੇ ਬੋਲਦੇ ਰਹੇ। ਇਸ ਮਗਰੋਂ ਜਲਦੀ ਹੀ ਸੋਸ਼ਲ ਮੀਡੀਆ 'ਤੇ 'ਡਿਸਲਾਈਕਸ' ਰੁਝਾਨ ਸ਼ੁਰੂ ਹੋ ਗਿਆ ਕਿ ਪ੍ਰਧਾਨ ਮੰਤਰੀ ਦੇਸ਼ ਭਰ 'ਚ ਲੱਖਾਂ ਲੋਕਾਂ ਦੀ ਜ਼ਿੰਦਗੀ ਤੇ ਕਰੀਅਰ ਜਿਹੇ ਅਹਿਮ ਮੁੱਦਿਆਂ 'ਤੇ ਗੱਲ ਕਿਉਂ ਨਹੀਂ ਕਰ ਰਹੇ। ਯਾਦ ਰਹੇ ਕਿ ਇਸਭਾਸ਼ਨ ਵਿਚ ਪ੍ਰਧਾਨ ਮੰਤਰੀ ਨੇ ਲੋਕਾਂ ਦਾ ਧਿਆਨ ਬੱਚਿਆਂ ਦੇ ਖਿਡੌਣੇ ਬਣਾਉਣ ਵਾਲੀ ਸਨਅਤ, ਜਿਹੜੀ ਸਾਲਾਨਾ ਲਗਭਗ 7 ਲੱਖ ਕਰੋੜ ਰੁਪਏ ਦਾ ਕਾਰੋਬਾਰ ਕਰਦੀ ਹੈ, 'ਤੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨਾਂ ਇਹ ਦੋਸ਼ ਵੀ ਲਗਾਇਆ ਕਿ ਮਹਿੰਗੇ ਵਿਦੇਸ਼ੀ ਖਿਡੌਣਿਆਂ ਨੇ ਸਾਡੇ ਬੱਚਿਆਂ ਨੂੰ ਇਕ-ਦੂਸਰੇ ਤੋਂ ਅਲੱਗ-ਥਲੱਗ ਕਰ ਕੇ ਇਕੱਠੇ ਹੋ ਕੇ ਖੇਡੀਆਂ ਜਾਣ ਵਾਲੀਆਂ ਖੇਡਾਂ ਤੋਂ ਦੂਰ ਕਰ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਗੁੱਸੇ ਦੀ ਇਸ ਲਹਿਰ ਦਾ ਕਾਰਨ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਅਤੇ ਉਨਾਂ ਦੇ ਪਰਿਵਾਰਾਂ ਦੀ ਇਹ ਆਸ ਸੀ ਕਿ ਪ੍ਰਧਾਨ ਮੰਤਰੀ ਮੈਡੀਕਲ ਕਾਲਜਾਂ ਅਤੇ ਇੰਜਨੀਅਰਿੰਗ ਦੇ ਇਮਤਿਹਾਨਾਂ, ਨੀਟ (NIT) ਅਤੇ ਜੀ ਬਾਰੇ ਵਿਚਾਰ ਪ੍ਰਗਟਾਉਣਗੇ ਪਰ ਪ੍ਰਧਾਨ ਮੰਤਰੀ ਨੇ



ਇਨਾਂ ਪ੍ਰੀਖਿਆਵਾਂ ਬਾਰੇ ਚੁੱਪ ਧਾਰੀ ਰੱਖੀ। ਇਸੇ ਤਰਾਂ 'ਅਮਰੀਕਾ-ਭਾਰਤ ਰਣਨੀਤਕ ਤੇ ਭਾਈਵਾਲੀ ਮੰਚ' ਦੇ ਤੀਜੇ ਸੰਮੇਲਨ ਤੋਂ ਬਾਅਦ ਵੀ ਹੋਇਆ ਜਿਸ ਵਿਚ ਪ੍ਰਧਾਨ ਮੰਤਰੀ ਦੇ ਦਿੱਤੇ ਭਾਸ਼ਨ ਨੂੰ ਨਾਪਸੰਦ ਕਰਨ ਵਾਲਿਆਂ ਦੀ ਗਿਣਤੀ ਪਸੰਦ ਕਰਨ ਵਾਲਿਆਂ ਤੋਂ ਦੁੱਗਣੀ ਸੀ।

ਭਾਰਤੀ ਜਨਤਾ ਪਾਰਟੀ ਨੇ ਵਿਰੋਧੀ ਧਿਰਾਂ 'ਤੇ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਹੈ। ਭਾਜਪਾ ਅਨੁਸਾਰ ਦੇਸ਼ ਦਾ ਸਿਰਫ਼ ਇਕ ਹਿੱਸਾ ਹੀ ਪ੍ਰਧਾਨ ਮੰਤਰੀ ਦੇ ਭਾਸ਼ਨਾਂ ਨੂੰ ਨਾਪਸੰਦ ਕਰ ਰਿਹਾ ਹੈ। ਭਾਜਪਾ ਅਨੁਸਾਰ ਕਾਂਗਰਸ ਇਹ ਸਭ ਕੁਝ ਪ੍ਰਧਾਨ ਮੰਤਰੀ ਦਾ ਅਕਸ ਵਿਗਾੜਨ ਲਈ ਕਰ ਰਹੀ ਹੈ। ਇਹ ਦੋਸ਼ ਲਗਾਉਂਦੇ ਹੋਏ ਭਾਜਪਾ ਬੜੀ ਤਿਲਕਵੀਂ ਜ਼ਮੀਨ 'ਤੇ ਹੈ। ਇਉਂ ਲੱਗਦਾ ਹੈ ਕਿ ਪਾਰਟੀ ਦੇ ਆਗੂਆਂ ਨੂੰ ਉਹ ਦਿਨ ਭੁੱਲ ਗਏ ਹਨ ਜਦ ਲੱਖਾਂ ਦੀ ਗਿਣਤੀ ਵਿਚ ਲੋਕ ਪ੍ਰਧਾਨ ਮੰਤਰੀ ਦੀ ਕਹੀ ਹਰ ਗੱਲ ਨੂੰ ਪਸੰਦ ਕਰਦੇ ਅਤੇ ਇੰਟਰਨੈੱਟ ਪਲੇਟਫਾਰਮਾਂ 'ਤੇ ਪ੍ਰਧਾਨ ਮੰਤਰੀ ਦੀ ਪ੍ਰਸ਼ੰਸਾ ਦਾ ਤੂਫ਼ਾਨ ਆ ਜਾਂਦਾ ਸੀ। ਲੋਕਾਂ ਦੇ ਨਾਪਸੰਦਗੀ ਜ਼ਾਹਿਰ ਕਰਨ ਦੇ ਕੁਝ ਠੋਸ ਕਾਰਨ ਹਨ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਏਨੀਆਂ ਮਜ਼ਬੂਤ ਨਹੀਂ ਕਿ ਉਹ ਏਨੀ ਵੱਡੀ ਗਿਣਤੀ ਵਿਚ ਪ੍ਰਧਾਨ ਮੰਤਰੀ ਦੇ ਭਾਸ਼ਨਾਂ ਨੂੰ ਨਾਪਸੰਦ ਕਰਨ ਵਾਲਿਆਂ ਦੀ ਫ਼ੌਜ ਖੜੀ ਕਰ ਸਕਣ। ਸਾਰਾ ਜੱਗ ਜਾਣਦਾ ਹੈ ਕਿ ਭਾਜਪਾ ਦਾ ਸੈੱਲ ਬਹੁਤ ਮਜ਼ਬੂਤ ਹੈ ਅਤੇ ਪਾਰਟੀ ਨੇ ਉਸ ਨੂੰ ਆਪਣੇ ਪ੍ਰਚਾਰ ਲਈ ਚੋਣਾਂ ਅਤੇ ਹੋਰ ਮੁਹਿੰਮਾਂ ਦੌਰਾਨ ਬੜੀ ਕਾਰਜਕੁਸ਼ਲਤਾ ਨਾਲ ਵਰਤਿਆ ਹੈ। ਭਾਜਪਾ ਨੂੰ ਇਹ ਸਵਾਲ ਤਾਂ ਆਪਣੇ ਆਗੂ ਨੂੰ ਪੁੱਛਣੇ ਚਾਹੀਦੇ ਹਨ ਕਿ ਇਹੋ ਜਿਹਾ ਵਰਤਾਰਾ ਕਿਉਂ ਵਾਪਰ ਰਿਹਾ ਹੈ; ਕੀ ਉਨਾਂ ਦੇ ਭਾਸ਼ਨਾਂ ਵਿਚਲਾ ਜਾਦੂ ਖ਼ਤਮ ਹੋ ਰਿਹਾ ਹੈ; ਲੋਕਾਂ ਨੂੰ ਕੀਲ ਲੈਣ ਵਾਲੀ ਉਨਾਂ ਦੀ ਭਾਸ਼ਾ ਕਿੱਥੇ ਗਈ ਹੈ।

ਸਿਆਸੀ ਮਾਹਿਰਾਂ ਅਨੁਸਾਰ ਅਰਥਚਾਰੇ ਵਿਚ ਆਈ ਵੱਡੀ ਮੰਦੀ ਅਤੇ ਬੇਰੁਜ਼ਗਾਰੀ ਵਧਣ ਕਾਰਨ ਲੋਕਾਂ ਵਿਚ ਨਾਰਾਜ਼ਗੀ ਵਧ ਰਹੀ ਹੈ। ਲੋਕ ਇਹ ਵੀ ਸਮਝਦੇ ਹਨ ਕਿ ਵਿਰੋਧੀ ਧਿਰਾਂ ਨਾ ਤਾਂ ਭਾਜਪਾ ਦਾ ਬਦਲ ਪੇਸ਼ ਕਰ ਸਕਦੀਆਂ ਹਨ ਅਤੇ ਨਾ ਹੀ ਉਨਾਂ ਕੋਲ ਅਜਿਹਾ ਆਗੂ ਹੈ ਜਿਹੜਾ ਨਰਿੰਦਰ ਮੋਦੀ ਦਾ ਸਾਹਮਣਾ ਕਰ ਸਕੇ। ਇਸ ਕਾਰਨ ਲੋਕਾਂ ਵਿਚ ਬੇਵਸੀ ਅਤੇ ਲਾਚਾਰੀ ਦੀਆਂ ਭਾਵਨਾਵਾਂ ਆਈਆਂ ਹਨ; ਉਹ ਅਜੇ ਕੁਝ ਹੋਰ ਤਾਂ ਨਹੀਂ ਕਰ ਸਕਦੇ, ਸਿਰਫ਼ ਭਾਸ਼ਨਾਂ 'ਤੇ ਨਾਪਸੰਦੀ ਦਾ ਬਟਨ ਦਬਾ ਰਹੇ ਹਨ। ਭਾਜਪਾ ਨੂੰ ਅਸਲ ਫ਼ਿਕਰ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਦੀ ਹੈ। ਉਸ ਨੂੰ ਚਿੰਤਾ ਹੈ ਕਿ ਭਾਸ਼ਨਾਂ ਨੂੰ ਨਾਪਸੰਦ ਕਰਨ ਵਾਲੇ ਦਬਾਏ ਜਾ ਰਹੇ ਬਟਨਾਂ ਨੂੰ ਦਬਾਉਣ ਦਾ ਵਰਤਾਰਾ ਵਿਧਾਨ ਸਭਾ ਚੋਣਾਂ ਦੌਰਾਨ ਜਨਤਾ ਦਲ (ਯੂਨਾਈਟਿਡ)-ਭਾਰਤੀ ਜਨਤਾ ਪਾਰਟੀ ਗੱਠਜੋੜ ਦੀ ਨਾਪਸੰਦਗੀ ਵਿਚ ਨਾ ਬਦਲ ਜਾਵੇ। ਲੋਕਾਂ ਨੇ ਨੋਟਬੰਦੀ ਅਤੇ ਜੀਐੱਸਟੀ ਦੀਆਂ ਵੱਡੀਆਂ ਮਾਰਾਂ ਸਹੀਆਂ ਹਨ ਪਰ ਕੋਵਿਡ-19 ਦਾ ਸਾਹਮਣਾ ਕਰਨ ਲਈ ਚਾਰ ਘੰਟਿਆਂ ਦੀ ਮੁਹਲਤ ਦੇ ਕੇ ਕੀਤੀ ਗਈ ਤਾਲਾਬੰਦੀ ਨੇ ਉਨਾਂ ਦਾ ਲੱਕ ਤੋੜ ਦਿੱਤਾ ਹੈ। ਵਿਦਿਆਰਥੀਆਂ, ਨੌਜਵਾਨਾਂ ਅਤੇ ਇੰਟਰਨੈੱਟ ਵਰਤਣ ਵਾਲਿਆਂ ਦੇ ਨਾਲ ਨਾਲ ਸਮੂਹ ਲੋਕਾਂ ਨੂੰ ਇਸ ਸਾਰੇ ਵਰਤਾਰੇ 'ਤੇ ਗ਼ੌਰ ਕਰਦਿਆਂ ਇਹ ਵੀ ਸਮਝਣਾ ਪੈਣਾ ਹੈ ਕਿ ਮਾਮਲਾ ਸਿਰਫ਼ ਨਾਪਸੰਦ ਕਰਨ ਦੇ ਬਟਨ ਦਬਾਉਣ ਨਾਲ ਹੱਲ ਨਹੀਂ ਹੋ ਜਾਣਾ। ਇਸ ਲਈ ਉਨਾਂ ਨੂੰ ਸੰਗਠਿਤ ਹੋ ਕੇ ਆਵਾਜ਼ ਉਠਾਉਣ ਦੀ ਲੋੜ ਹੈ।

### ਰਾਹੁਲ ਗਾਂਧੀ ਮੋਦੀ 'ਤੇ ਭੜਕਿਆ

ਕੇਂਦਰ ਸਰਕਾਰ ਪ੍ਰਤੀ ਹਮਲਾਵਰ ਰੁਖ ਜਾਰੀ ਰੱਖਦੇ ਹੋਏ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਜੀ. ਐੱਸ. ਟੀ. ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕਰਦਿਆਂ ਦੋਸ਼ ਲਗਾਇਆ ਕਿ ਬਾਕੀ ਸਫ਼ਾ 32 'ਤੇ

# ਭਾਰਤੀ ਦੀ ਮੰਦੀ ਆਰਥਿਕਤਾ ਦੀ ਜ਼ਿੰਮੇਵਾਰ ਮੋਦੀ ਸਰਕਾਰ

## ਨੋਟਬੰਦੀ ਅਤੇ ਤਾਲਾਬੰਦੀ ਦੇ ਫੈਸਲਿਆਂ ਨੇ ਲੰਬੇ ਸਮੇਂ ਲਈ ਅਰਥ ਵਿਵਸਥਾ ਨੂੰ ਕੀਤਾ ਬਰਬਾਦ

**ਰਵੀਸ਼ ਕੁਮਾਰ**
**ਸੀਨੀਅਰ ਪੱਤਰਕਾਰ**

ਨੋਟਬੰਦੀ ਅਤੇ ਤਾਲਾਬੰਦੀ ਮੋਦੀ ਸਰਕਾਰ ਦੇ ਅਜਿਹੇ ਦੋ ਸਖਤ ਫੈਸਲੇ ਹਨ ਜਿਹਨਾਂ ਨੇ ਲੰਬੇ ਸਮੇਂ ਲਈ ਭਾਰਤੀ ਅਰਥ ਵਿਵਸਥਾ ਦਾ ਬੇੜਾ ਗ਼ਰਕ ਕਰ ਦਿੱਤਾ। ਕੀ ਆਰਥਿਕ ਤਬਾਹੀ ਤੋਂ ਪ੍ਰਭਾਵਿਤ ਲੋਕ ਇਹ ਪ੍ਰਸ਼ਨ ਮੋਦੀ ਸਰਕਾਰ ਤੋਂ ਪੁੱਛਣਗੇ ਕਿ ਜਦੋਂ ਤੁਸੀਂ ਲੌਕਡਾਊਨ ਵਰਗੇ ਸਖ਼ਤ ਫੈਸਲੇ ਲੈਣ ਜਾ ਰਹੇ ਸੀ ਤਾਂ ਤੁਹਾਡੇ ਸਾਹਮਣੇ ਕਿਸ ਤਰਾਂ ਦਾ ਬਦਲ ਸਨ । ਭਾਰਤ ਦੀ ਸਮਾਜਿਕ-ਰਾਜਨੀਤਿਕ ਮਾਨਸਿਕਤਾ ਵਿਚ ਇਕ ਵਿਸ਼ੇਸ਼ ਕਮਜੋਰੀ ਹੈ ਕਿ ਸਖ਼ਤ ਫੈਸਲਾ ਲੈਣ ਤੇ ਜੋਸ਼ ਵਿਚ ਬੋਲਣ ਵਾਲੇ ਨੇਤਾਵਾਂ ਦਾ ਰਵਈਆ ਏਨਾ ਅਜੀਬ ਹੈ ਕਿ ਇਹ ਉਹ ਆਪਣੇ ਆਪ ਨੂੰ ਅਵਤਾਰ ਸਮਝਣ ਲਗ ਜਾਂਦੇ ਹਨ। ਮੋਦੀ ਜਨਤਾ ਵਿਚ ਸਖਤ ਫੈਸਲੇ ਲੈਣ ਵਾਲੇ ਇਕ ਨੇਤਾ ਵਜੋਂ ਸਥਾਪਿਤ ਹੋਏ ਸਨ। ਮੋਦੀ ਨੇ ਆਪਣੇ ਹਰ ਫੈਸਲੇ ਨੂੰ ਸਖਤ ਅਤੇ ਇਤਿਹਾਸਕ ਦੱਸਿਆ ਸੀ । ਇਹ ਫੈਸਲੇ ਲੈਂਦੇ ਸਮੇਂ ਪ੍ਰਧਾਨ ਮੰਤਰੀ ਨੇ ਸੰਵਿਧਾਨਕ ਨੈਤਿਕਤਾ ਨੂੰ ਕੁਚਲ ਦਿਤਾ। ਇਹ ਫੈਸਲੇ ਲੈਣ ਤੋਂ ਪਹਿਲਾਂ ਮੁੱਖ ਮੰਤਰੀਆਂ ਨੂੰ ਭਰੋਸੇ ਵਿਚ ਨਹੀਂ ਲਿਆ ਕਿ ਕੀ ਕਰਨਾ ਹੈ । ਮੁਖ ਮੰਤਰੀਆਂ ਨੂੰ ਤਾਲਾਬੰਦੀ ਦੀ ਕੋਈ ਖ਼ਬਰ ਨਹੀਂ ਸੀ। ਇਸ ਤਾਲਾਬੰਦੀ ਨੂੰ ਵਿਸ਼ਾਲ ਸਮਾਰੋਹ ਦੇ ਜਸ਼ਨ ਦੇ ਨਾਲ ਲੋਕਾਂ ਸਾਹਮਣੇ ਪੇਸ਼ ਕੀਤਾ ਤਾਂ ਜੋ ਸਖਤ ਫੈਸਲਾ ਵੀ ਚਮਕਦਾਰ ਸਥਾਪਿਤ ਹੋਏ। ਨੋਟਬੰਦੀ ਅਤੇ ਤਾਲਾਬੰਦੀ ਅਜਿਹੇ ਦੋ ਫੈਸਲੇ ਸਨ ਜੋ ਸਖਤ ਫੈਸਲੇ ਦੀ ਸ਼੍ਰੇਣੀ ਵਿੱਚ ਰੱਖੇ ਗਏ ਸਨ। ਦੋਵਾਂ ਫੈਸਲਿਆਂ ਨੇ ਲੰਬੇ ਸਮੇਂ ਲਈ ਅਰਥ ਵਿਵਸਥਾ ਨੂੰ ਬਰਬਾਦ ਕਰ ਦਿੱਤਾ। ਕੀ ਆਰਥਿਕ ਸੰਕਟ ਤੋਂ ਪ੍ਰਭਾਵਿਤ ਲੋਕ ਇਹ ਪ੍ਰਸ਼ਨ ਪੁੱਛਣਗੇ ਕਿ ਜਦੋਂ ਤੁਸੀਂ ਲੌਕਡਾਊਨ ਵਰਗੇ ਸਖ਼ਤ ਫੈਸਲੇ ਲੈਣ ਜਾ ਰਹੇ ਸੀ ਤਾਂ ਤੁਹਾਡੀ ਮੇਜ਼ 'ਤੇ

ਕਿਸ ਤਰਾਂ ਦੇ ਬਦਲ ਅਤੇ ਜਾਣਕਾਰੀ ਰੱਖੀ ਗਈ ਸੀ। ਉਸ ਕਮਰੇ ਵਿਚ ਕਿਸ ਕਿਸਮ ਦੇ ਮਾਹਿਰ ਸਨ। ਉਹਨਾਂ ਦਾ ਮਹਾਮਾਰੀ ਦੇ ਵਿਗਿਆਨ ਬਾਰੇ ਕੀ ਤਜ਼ਰਬਾ ਸੀ। ਜਾਂ ਤੁਸੀਂ ਇਸ ਮਹਾਂਮਾਰੀ ਦਾ ਮੁਕ ?ਾਬਲਾ ਕਰਨ ਲਈ ਕੀ ਹੋਰ ਤਿਆਰੀਆਂ ਕਰ ਲਈਆਂ ਸਨ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਨਾ ਉਦੋਂ ਅਤੇ ਨਾ ਹੀ ਹੁਣ ਕਿਹਾ ਹੈ ਕਿ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਤਾਲਾਬੰਦੀ ਕੀਤੀ ਜਾਣੀ ਚਾਹੀਦੀ ਹੈ। ਕੋਰੋਨਾ ਇੱਕ ਮਹਾਂਮਾਰੀ ਸੀ। ਸਖ਼ਤ ਫੈਸਲੇ ਲੈਣ ਦੀ ਲੋੜ ਨਹੀਂ ਸੀ। ਇਸ ਦੀ ਬਜਾਏ, ਵਿਗਿਆਨਕ ਫੈਸਲੇ ਲੈਣੇ ਚਾਹੀਦੇ ਸਨ। ਇਸ ਦੌਰਾਨ ਵਿਦੇਸ਼ਾਂ ਤੋਂ ਭਾਰਤ ਪੰਜ ਲੱਖ ਯਾਤਰੀ ਆ ਰਹੇ ਸਨ। ਦੇਸ਼ ਨੂੰ ਲੌਕਡਾਊਨ ਕੀਤੇ ਬਿਨਾਂ ਇਨਾਂ ਪੰਜ ਲੱਖ ਲੋਕਾਂ ਦੀ ਜਾਂਚ ਲਈ ਇਹਨਾਂ ਦੇ ਸੰਪਰਕ ਹਾਸਲ ਕਰਕੇ ਅਰਾਮ ਨਾਲ ਇਹਨਾਂ ਨੂੰ ਰੋਕਿਆ ਜਾ ਸਕਦਾ ਸੀ। ਉਸ ਤੋਂ ਬਾਅਦ ਵੀ, ਜੇ ਸਥਿਤੀ ਵਿਗੜਦੀ ਹੈ, ਤਾਂ ਹੋਰ ਉਪਾਅ ਕੀਤੇ ਜਾ ਸਕਦੇ ਸਨ।ਪਰ ਇਹ ਨੀਤੀ ਨਹੀਂ ਅਪਨਾਈ ਗਈ । ਪੂਰੇ ਦੇਸ਼ ਨੂੰ ਠੱਪ ਕਰਨ ਦੀ ਬਜਾਏ, ਪੰਜ ਲੱਖ ਲੋਕਾਂ ਦੀ ਭਾਲ ਕੀਤੀ ਜਾ ਸਕਦੀ ਸੀ ਕਿ ਉਹ ਕਿਸ ਕਿਸ ਨੂੰ ਮਿਲੇ ਸਨ। ਇਸ ਤੋਂ ਬਾਅਦ ਇਹਨਾਂ ਦਾ ਡਾਟਾ ਬਣਾਇਆ ਜਾ ਸਕਦਾ ਸੀ ਅਤੇ ਹਰ ਕਿਸੇ ਦੀ ਜਾਂਚ ਕਰਕੇ ਇਸ ਮਸਲੇ ਦਾ ਹਲ ਕੀਤਾ ਜਾ ਸਕਦਾ ਸੀ।30 ਜਨਵਰੀ ਨੂੰ ਵਿਸ਼ਵ ਸਿਹਤ ਸੰਗਠਨ ਨੇ ਆਪਣੀ ਗਲੋਬਲ ਚੇਤਾਵਨੀ ਜਾਰੀ ਕੀਤੀ ?। ਉਸ ਦੀ ਇਹ ਸਭ ਤੋਂ ਵੱਡੀ ਚੇਤਾਵਨੀ ਸੀ ਪਰ ਸਖਤ ਫੈਸਲੇ ਲੈਣ ਵਾਲੇ ਪ੍ਰਧਾਨ ਮੰਤਰੀ ਉਸ ਸਮੇਂ ਕੋਰੋਨਾ ਨੂੰ ਕੁਝ ਨਾ ਸਮਝਣ ਦੇ ਸਖਤ ਫੈਸਲੇ ਲੈ ਰਹੇ ਸਨ। ਅਰਥਾਤ ਫਰਵਰੀ ਵਿਚ ਉਹ ਅਹਿਮਦਾਬਾਦ ਵਿਚ ਟਰੰਪ ਦੀ ਰੈਲੀ ਕਰ ਰਹੇ ਸਨ।13 ਮਾਰਚ ਨੂੰ ਸਰਕਾਰ ਦਾ ਕਹਿਣਾ ਹੈ ਕਿ ਕੋਰੋਨਾ ਕਾਰਨ ਭਾਰਤ ਵਿੱਚ ਕੋਈ ਹੈਲਥ ਐਮਰਜੈਂਸੀ ਨਹੀਂ ਹੈ। 24 ਮਾਰਚ ਨੂੰ ਪ੍ਰਧਾਨ ਮੰਤਰੀ ਅਚਾਨਕ ਸਖ਼ਤ ਫੈਸਲੇ ਲੈਂਦੇ ਹਨ ਅਤੇ ਦੇਸ਼ ਨੂੰ ਬਰਬਾਦ ਕਰ ਦਿੰਦੇ ਹਨ। ਉਨਾਂ ਦੀ ਬੱਲੇ ਬੱਲੇ ਹੁੰਦੀ ਹੈ ਕਿ ਇਸ ਤਰਾਂ ਦੇ ਸਖਤ ਫੈਸਲੇ ਮੋਦੀ ਹੀ ਲੈ ਸਕਦੇ ਹਨ। ਜਦ ਕਿ ਉਹ ਫੈਸਲਾ ਅਗਿਆਨਤਾ ਨਾਲ ਭਰਿਆ ਹੋਇਆ ਸੀ। ਇਸ ਤੋਂ ਬਾਅਦ ਤੁਰੰਤ ਜਸ਼ਨ ਮਨਾਇਆ ਗਿਆ ਕਿ ਮੋਦੀ ਜੀ ਨੇ ਸਖਤ ਫੈਸਲਾ ਲਿਆ ਹੈ। ਲੋਕਾਂ ਦੀ ਧਾਰਮਿਕਤਾ ਦੀ ਆੜ ਵਿਚ ਵਿੱਚ, ਸਖਤ ਫੈਸਲਿਆਂ ਦੇ ਮੁਹਾਵਰੇ ਨੂੰ ਦੀਵੇ ਜਲਾਉਣ ਵਰਗੇ ਨਾਟਕਾਂ ਦੀ ਮਹਾਨਤਾ ਵਿੱਚ ਬਦਲਿਆ ਗਿਆ। ਇਸ ਅਗਿਆਨਤਾ ਕਾਰਣ. ਕਰੋੜਾਂ ਲੋਕ ਸੜਕ 'ਤੇ ਆ ਗਏ ਹਨ। ਨੌਕਰੀਆਂ ਖ਼ਤਮ ਹੋ ਗਈਆਂ ਹਨ। ਭਾਰਤ ਦੀ ਜੀਡੀਪੀ ਵਿਕਾਸ ਦਰ -24 ਪ੍ਰਤੀਸ਼ਤ ਹੋ ਗਈ। ਇਸ ਬਾਰੇ ਹਿਸਾਬ ਕਿਤਾਬ ਕਰੀਏ ਤਾਂ ਜੀਡੀਪੀ ਦੇ ਅਨੁਪਾਤ ਵਿਚ ਕਰਜ਼ਾ 90-100 ਪ੍ਰਤੀਸ਼ਤ ਹੋ ਚੁਕਿਆ ਹੋਵੇਗਾ। ਇਸ ਨੂੰ ਇੰਜ ਸਮਝੋ, ਜੇ ਜੀਡੀਪੀ ਦਾ ਆਕਾਰ 100 ਰੁਪਏ ਹੈ, ਤਾਂ ਭਾਰਤ ਸਰਕਾਰ ਦਾ ਕਰਜ਼ਾ 90-100 ਰੁਪਏ ਹੈ। ਅਜਿਹੀ ਸਥਿਤੀ ਨੂੰ ਦੀਵਾਲੀਆਪਨ ਕਿਹਾ ਜਾਂਦਾ ਹੈ। ਬਾਹਰੋਂ ਨਿਵੇਸ਼ ਲੰਬੇ ਸਮੇਂ ਲਈ ਬੰਦ ਹੈ। ਇਸ ਲਈ ਹੁਣ ਤੋਂ, ਆਰਥਿਕ ਤਬਦੀਲੀਆਂ ਤੁਹਾਡੀ ਜ਼ਿੰਦਗੀ ਲਈ ਵਧੀਆ ਨਹੀਂ ਹੋਣਗੀਆਂ। ਜੇ ਨੌਕਰੀਆਂ ਨਹੀਂ ਹੋਣਗੀਆਂ, ਤਾਂ ਨੌਜਵਾਨਾਂ ਨੂੰ ਲੰਬੇ ਸਮੇਂ ਲਈ ਬੇਰੁਜ਼ਗਾਰ ਰਹਿਣਾ ਪਏਗਾ। ਕਾਰੋਬਾਰ ਨੂੰ ਖੜਾ ਕਰਨ ਵਿੱਚ ਬਹੁਤ ਸਾਰੇ ਸਾਲ ਲੱਗਣਗੇ। ਲੋਕਾਂ ਬਚਤ ਕਰਨ ਦੀ ਕੋਸ਼ਿਸ਼ ਕਰਨਗੇ ਤਾਂ ਮਾਰਕੀਟ ਵਿਚ ਖੜੋਤ ਆ ਜਾਵੇਗੀ। ਰਾਹੁਲ ਗਾਂਧੀ ਨੇ ਫਰਵਰੀ ਵਿਚ ਕਿਹਾ ਸੀ ਕਿ ਆਰਥਿਕ ਸੁਨਾਮੀ ਆਉਣ ਵਾਲੀ ਹੈ ਤਾਂ ਤੁਸੀਂ ਹਸੇ ਸੀ।ਹੁਣ ਤੁਸੀਂ ਇਸ ਸਥਿਤੀ ਵਿਚ ਹੱਸ ਨਹੀਂ ਸਕੋਗੇ।

ਸਖਤ ਫੈਸਲੇ ਲੈਣ ਦੀ ਪ੍ਰਕਿਰਿਆ ਹੁੰਦੀ ਹੈ। ਇਹ ਅਕਸ ਬਣਾਉਣ ਦੀ ਖੇਡ ਨਹੀਂ ਹੈ। . ਨੋਟਬੰਦੀ ਅਤੇ ਤਾਲਾਬੰਦੀ ਮੁਸ਼ਕਲ ਹਾਲਾਤਾਂ ਵਿਚ ਲਿਆ ਕੋਈ ਸਖਤ ਫੈਸਲਾ ਨਹੀਂ ਸੀ. ।ਇਸ ਅਗਿਆਨਤਾ ਪੂਰਨ ਸਖਤ ਫੈਸਲਿਆਂ ਕਾਰਨ ਭਾਰਤ ਮੁਸ਼ਕਲ ਸਥਿਤੀਆਂ ਵਿਚ ਫਸ ਗਿਆ। ਇਸ ਕਾਰਨ ਸਾਡਾ ਭਵਿੱਖ ਖ਼ਤਰੇ ਵਿੱਚ ਹੈ। ਜੀਡੀਪੀ ਦੇ ਅੰਕੜੇ ਸੋਮਵਾਰ ਨੂੰ ਆਏ ਸਨ।

ਸਖਤ ਫੈਸਲੇ ਲੈਣ ਵਾਲੇ ਮੋਦੀ ਅਤੇ ਉਨਾਂ ਦੀ ਸਰਕਾਰ ਦੇ ਸਾਰੇ ਮੰਤਰੀ ਇਸ ਬਾਰੇ ਚੁੱਪ ਹਨ। ਕੋਈ ਨਹੀਂ ਬੋਲ ਰਿਹਾ।

# ਗੁਰੂ ਗ੍ਰੰਥ ਸਾਹਿਬ ਨੂੰ ਵਿਸਾਰ ਕੇ ਪੰਜਾਬ ਦੇ ਸੁਪਨੇ ਸਾਕਾਰ ਨਹੀਂ ਕੀਤੇ ਜਾ ਸਕਣਗੇ

**-ਡਾ. ਅਰਵਿੰਦਰ ਸਿੰਘ**

ਮੌਜੂਦਾ ਸਮੇਂ ਇਕ ਅਜਿਹੇ ਚੌਰਾਹੇ 'ਤੇ ਖੜੀ ਦਿਸ ਰਹੀ ਹੈ ਜਿੱਥੇ ਉਸ ਨੂੰ ਅਗਵਾਈ ਦੇਣ ਵਾਲੇ ਰਾਜਨੀਤਕ ਨੇਤਾਵਾਂ ਕੋਲ ਨਾ ਤਾਂ ਕੋਈ ਠੋਸ ਪੰਥਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਏਜੰਡਾ ਹੈ ਅਤੇ ਨਾ ਹੀ ਕੋਈ ਦੂਰਅੰਦੇਸ਼ੀ ਵਾਲੀ ਸੋਚ ਹੈ। ਨਾ ਉਨਾਂ ਕੋਲ ਉਹ ਉੱਚਾ ਤੇ ਸੁੱਚਾ ਪੰਥਕ ਕਿਰਦਾਰ ਹੈ ਜਿਸ ਨੂੰ ਦੇਖ ਕੇ ਪੰਥ ਉਨਾਂ 'ਤੇ ਯਕੀਨ ਕਰ ਸਕੇ। ਉਹ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ, ਸਿਆਸੀ ਤੌਰ 'ਤੇ ਆਪਣੇ ਕੱਦ ਨੂੰ ਉੱਚਾ ਚੁੱਕਣ ਅਤੇ ਆਪਣੇ ਸੌੜੇ ਹਿੱਤਾਂ ਨੂੰ ਪੰਥਕ ਰੰਗਤ ਦੇ ਕੇ ਅਜਿਹੇ ਰਸਤੇ 'ਤੇ ਤੋਰ ਦਿੰਦੇ ਹਨ ਜਿੱਥੇ ਪੰਥ ਖ਼ੁਦ ਨੂੰ ਦੁਚਿੱਤੀ, ਬੇਲੋੜੇ ਵਾਦ-ਵਿਵਾਦਾਂ ਤੇ ਦਿਸ਼ਾਹੀਣ ਸਥਿਤੀ ਵਿਚ ਉਲਝਿਆ ਹੋਇਆ ਮਹਿਸੂਸ ਕਰਦਾ ਹੈ। ਸਾਡਾ ਬੁੱਧੀਜੀਵੀ ਵਰਗ ਤੇ ਪੰਥ ਦਰਦੀ ਹੋਣ ਦਾ ਦਿਖਾਵਾ ਕਰ ਰਹੇ ਪ੍ਰਚਾਰਕਾਂ ਦੀ ਭੂਮਿਕਾ ਵੀ ਸ਼ੱਕੀ ਹੈ। ਇਹ ਲੋਕ ਪੰਥ ਨੂੰ ਬੌਧਿਕ ਪੱਧਰ 'ਤੇ ਗੁਮਰਾਹ ਕਰਦੇ ਹਨ। ਅਜਿਹੇ ਅਖੌਤੀ ਵਿਦਵਾਨ ਸਿੱਖ ਪਰੰਪਰਾਵਾਂ, ਸਿੱਖ ਇਤਿਹਾਸ ਤੇ ਗੁਰਮਤਿ ਸਿਧਾਂਤਾਂ ਤੋਂ ਅਕਸਰ ਨਾਵਾਕਿਫ਼ ਪ੍ਰਤੀਤ ਹੁੰਦੇ ਹਨ। ਅੱਜ ਸਾਨੂੰ ਸੰਗਤੀ ਰੂਪ ਵਿਚ ਪੰਥਕ ਪੱਧਰ 'ਤੇ ਇਹ ਸਮਝਣ ਤੇ ਵਿਚਾਰਨ ਦੀ ਬੇਹੱਦ ਜ਼ਰੂਰਤ ਹੈ ਕਿ ਅਸੀਂ ਉਸ ਯੁੱਗ 'ਚ ਜੀਅ ਰਹੇ ਹਾਂ ਜਿੱਥੇ ਸਾਡਾ ਹਰ ਵਾਕ, ਹਰ ਅਮਲ ਤੇ ਹਰ ਕਿਰਿਆ-ਪ੍ਰਤੀਕਿਰਿਆ ਪਲਕ ਝਪਕਦਿਆਂ ਹੀ ਸਮੁੱਚੇ ਸੰਸਾਰ ਤਕ ਪਹੁੰਚ ਜਾਂਦੀ ਹੈ।

ਸੂਚਨਾ-ਸੰਚਾਰ ਤੇ ਤਕਨੀਕ ਦੇ ਇਸ ਦੌਰ ਵਿਚ ਅਸੀਂ ਆਪਣਾ ਪੱਖ ਸੁਲਝੇ ਹੋਏ ਢੰਗ ਨਾਲ ਸੱਭਿਅਕ ਤਰੀਕੇ ਅਪਣਾ ਕੇ ਅਤੇ ਮਰਿਆਦਾਵਾਂ ਨੂੰ ਭੰਗ ਕੀਤੇ ਬਿਨਾਂ ਵੀ ਰੱਖ ਸਕਦੇ ਹਾਂ। ਸਾਨੂੰ ਇਸ ਗੱਲ ਦਾ ਚੰਗੀ ਤਰਾਂ ਅਹਿਸਾਸ ਹੋਣਾ ਚਾਹੀਦਾ ਹੈ ਕਿ ਗ਼ੈਰ-ਜ਼ਿੰਮੇਵਾਰਾਨਾ, ਹੁੱਲੜਬਾਜ਼ ਤੇ ਗ਼ੈਰ ਸੰਜੀਦਾ ਵਿਵਹਾਰ ਰਾਹੀਂ ਅਸੀਂ ਆਪਣੀ ਸਹੀ ਗੱਲ ਨੂੰ ਕਦੇ ਵੀ ਸਹੀ ਸਾਬਤ ਨਹੀਂ ਕਰ ਪਾਵਾਂਗੇ। ਸਾਨੂੰ ਹਰ ਸਮੇਂ ਇਸ ਗੱਲ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਕਿ ਹਰੇਕ ਯੁੱਗ ਦੇ ਆਪਣੇ ਤੌਰ-ਤਰੀਕੇ ਅਤੇ ਤਕਾਜ਼ੇ ਹੁੰਦੇ ਹਨ। ਖੰਡੇ ਦੇ ਵਾਰ ਦਾ ਜਵਾਬ ਖੰਡੇ ਨਾਲ, ਵਿਰੋਧੀ ਵਿਚਾਰ ਨੂੰ ਵਿਦਵਤਾ ਨਾਲ ਅਤੇ ਤਕਰਾਰ ਵਾਲੀ ਸਥਿਤੀ ਦਾ ਮੁਕਾਬਲਾ ਹਾਂ-ਪੱਖੀ ਤੇ ਸੰਤੁਲਿਤ ਸੰਵਾਦ ਰਚਾ ਕੇ ਕਰਨਾ ਚਾਹੀਦਾ ਹੈ। ਸਿੱਖ ਨੌਜਵਾਨ ਪੀੜੀ ਨੂੰ ਆਪਣੇ ਅਤੇ ਆਪਣੇ ਗੁਰੂ 'ਤੇ ਅਡੋਲ ਵਿਸ਼ਵਾਸ ਰੱਖਦੇ ਹੋਏ ਇਕਾਗਰਤਾ ਨਾਲ ਬਾਣੀ ਅਤੇ ਬਾਣੇ ਨਾਲ ਜੁੜ ਕੇ ਸਖ਼ਤ ਮਿਹਨਤ, ਲਗਨ, ਸਿਰੜ ਤੇ ਸਿਦਕ ਨਾਲ ਵਿੱਦਿਅਕ, ਵਿਗਿਆਨ, ਤਕਨੀਕ, ਵਪਾਰ, ਖੇਤੀਬਾੜੀ, ਉਦਯੋਗਿਕ, ਪ੍ਰਸ਼ਾਸਨਿਕ, ਫ਼ੌਜ ਆਦਿ ਖੇਤਰਾਂ ਵਿਚ ਵੱਡੀਆਂ ਮੱਲਾਂ ਮਾਰਨੀਆਂ ਚਾਹੀਦੀਆਂ ਹਨ। ਗੁਰੂ ਸਾਹਿਬਾਨ ਦੇ ਦੱਸੇ ਰਾਹ 'ਤੇ ਚੱਲਦਿਆਂ ਸਾਡੀ ਪਾਕ-ਪਵਿੱਤਰ ਜੀਵਨ ਸ਼ੈਲੀ, ਉੱਚਾ-ਸੁੱਚਾ ਕਿਰਦਾਰ, ਚੰਗੇ ਅਮਲ, ਅੰਬਰਾਂ ਤੋਂ ਬੁਲੰਦ ਸੋਚ ਅਤੇ ਹੌਸਲਾ ਅਤੇ ਸਾਗਰ ਤੋਂ ਵੀ ਡੂੰਘਾ ਗਿਆਨ ਸਾਡੀ ਪਛਾਣ ਬਣੇ। ਸਾਨੂੰ ਆਪਣੇ ਹਿੱਤਾਂ ਨੂੰ ਕਿਸੇ ਇਕ ਖ਼ਾਸ ਜਾਤੀ, ਖਿੱਤੇ, ਕਿੱਤੇ, ਭਾਸ਼ਾਈ ਤੇ ਧਾਰਮਿਕ ਸਮੂਹ ਦੇ ਨਾਲ ਜੋੜ ਕੇ ਪੇਸ਼ ਕਰਨ ਦੀ ਥਾਂ ਇਕ ਅਜਿਹੇ ਸੰਵਾਦ ਰਾਹੀਂ ਪੇਸ਼ ਕਰਨ ਦੀ ਲੋੜ ਹੈ ਕਿ ਜਿਸ ਨਾਲ ਪੰਥ ਦੇ ਹਿੱਤ ਵੀ ਸਭ ਨੂੰ ਆਪਣੇ ਲੱਗਣ। ਹਰ ਕੋਈ ਜਾਤ, ਧਰਮ, ਭਾਸ਼ਾ ਤੇ ਇਲਾਕੇ ਦੇ ਸੰਕੀਰਨ ਦਾਇਰਿਆਂ ਤੋਂ ਉਪਰ ਉੱਠੇ। ਸਾਡੇ ਪੰਥਕ ਨੇਤਾਵਾਂ ਦੀ ਇਹ ਰਾਜਨੀਤਕ ਨਾਸਮਝੀ ਹੀ ਕਹੀ ਜਾ ਸਕਦੀ ਹੈ ਕਿ ਪਿਛਲੇ ਸਮਿਆਂ ਵਿਚ ਹਰ ਮੁਹਾਜ਼ 'ਤੇ ਉਹ ਪੰਥ ਦਾ ਪੱਖ ਪੂਰਨ ਦਾ ਸਵਾਂਗ ਰਚਾਉਂਦੇ ਹੋਏ ਤਾਂ ਜ਼ਰੂਰ ਦਿਖੇ ਪਰ ਨਾ ਤਾਂ ਉਹ ਸਿੱਖਾਂ ਨੂੰ ਇਕ ਸਾਂਝੇ ਮੰਚ 'ਤੇ ਇਕੱਠਾ ਕਰ ਸਕੇ ਅਤੇ ਨਾ ਹੀ ਸਮੂਹ ਗ਼ੈਰ ਸਿੱਖ ਪੰਜਾਬੀਆਂ ਨੂੰ ਨਾਲ ਜੋੜ ਸਕੇ। ਪੰਥ ਦੀ ਗੱਲ ਕਰਦਿਆਂ ਸਾਨੂੰ ਇਸ ਗੱਲ ਦਾ ਅਹਿਸਾਸ ਨਹੀਂ ਰਹਿੰਦਾ ਕਿ ਪੰਜਾਬ ਵਿਚ ਸਾਡੇ ਤੋਂ ਬਿਨਾਂ ਵੱਖੋ-ਵੱਖ ਮਜ਼ਹਬਾਂ, ਜਾਤਾਂ, ਫਿਰਕਿਆਂ ਆਦਿ ਨਾਲ ਸਬੰਧਤ ਲੋਕ ਵੀ ਰਹਿੰਦੇ ਹਨ। ਕਦੇ ਗ਼ੈਰਾਂ ਤੇ ਕਦੇ ਆਪਣਿਆਂ ਹੱਥੋਂ 1849, 1947 ਤੇ 1966 ਵਿਚ ਪੰਜਾਬ ਨੂੰ ਭੂਗੋਲਿਕ, ਸਮਾਜਿਕ, ਸੱਭਿਆਚਾਰਕ, ਧਾਰਮਿਕ, ਭਾਸ਼ਾਈ ਤੇ ਆਰਥਿਕ ਤੌਰ 'ਤੇ ਬਰਬਾਦ ਕਰ ਕੇ ਵੀ ਅਸੀਂ ਪੰਜਾਬੀਆਂ ਨੇ ਅਜੇ ਤਕ ਕੋਈ ਸਬਕ ਨਹੀਂ ਸਿੱਖਿਆ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਨੂੰ ਧਿਆਨ ਵਿਚ ਰੱਖੇ ਬਿਨਾਂ ਜਦੋਂ ਵੀ ਕੋਈ ਗੁੱਟ ਜਾਂ ਸਮੂਹ ਭਾਵੇਂ ਉਸ ਦਾ ਸਬੰਧ ਕਿਸੇ ਵੀ ਮਜ਼ਹਬ, ਜਾਤ-ਬਰਾਦਰੀ, ਕੌਮ, ਭਾਸ਼ਾ, ਕਿੱਤੇ ਆਦਿ ਨਾਲ ਕਿਉਂ ਨਾ ਹੋਵੇ, ਉਹ ਕਿਸੇ ਨਾ ਕਿਸੇ ਰੂਪ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸਮੂਹਿਕ ਹਿੱਤਾਂ ਨੂੰ ਨੁਕਸਾਨ ਹੀ ਪਹੁੰਚਾਏਗਾ। ਗੁਰੂ ਨਾਨਕ ਦੇ ਇਲਾਹੀ ਸੰਦੇਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਨੂੰ ਵਿਸਾਰ ਕੇ ਕਦੇ ਵੀ ਅਸੀਂ ਉਸ ਪੰਜਾਬ ਦੇ ਸੁਪਨੇ ਨੂੰ ਸਾਕਾਰ ਨਹੀਂ ਕਰ ਸਕਾਂਗੇ ਜਿਸ ਪੰਜਾਬ 'ਤੇ ਹਰ ਧਰਮ, ਭਾਸ਼ਾ, ਬੋਲੀ, ਜਾਤ, ਫਿਰਕੇ, ਕਿੱਤੇ ਆਦਿ ਨਾਲ ਸਬੰਧਤ ਵਿਅਕਤੀ ਕੁਰਬਾਨ ਹੋਣ ਤੋਂ ਵੀ ਗੁਰੇਜ਼ ਨਾ ਕਰੇ। ਆਖ਼ਰ ਕਦੋਂ ਤਕ ਅਸੀਂ ਆਪਣੇ ਪੁਰਖਿਆਂ ਦੀਆਂ ਘਾਲਣਾਵਾਂ, ਸੰਘਰਸ਼ਾਂ, ਕੁਰਬਾਨੀਆਂ ਤੇ ਪ੍ਰਾਪਤੀਆਂ ਨੂੰ ਢਾਲ ਬਣਾ ਕੇ ਖ਼ੁਦ ਕੋਈ ਨਵਾਂ ਜਾਂ ਬੇਮਿਸਾਲ ਕਰਨ ਤੋਂ ਝਿਜਕਦੇ ਰਹਾਂਗੇ ? ਕਦੋਂ ਤਕ ਅਸੀਂ ਆਪਣੀਆਂ ਅਸਫਲਤਾਵਾਂ ਦਾ ਠੀਕਰਾ ਦੂਜਿਆਂ ਦੇ ਸਿਰ ਭੰਨਦੇ ਰਹਾਂਗੇ ? ਆਖ਼ਰ ਕਦੋਂ ਤਕ ਲਹਿਰਾਂ-ਬਹਿਰਾਂ ਵਾਲੇ ਪੰਜਾਬ ਦੀ ਭਾਲ ਕਰਨ ਦੀ ਬਜਾਏ ਅਸੀਂ ਬਚੇ-ਖੁਚੇ ਪੰਜਾਬ ਨੂੰ ਜਾਤ, ਧਰਮ, ਭਾਸ਼ਾ ਆਦਿ ਦੇ ਆਧਾਰ 'ਤੇ ਬਰਬਾਦ ਹੁੰਦਾ ਚੁੱਪਚਾਪ ਦੇਖਦੇ ਰਹਾਂਗੇ ! ਹਰੇਕ ਪੰਜਾਬੀ ਨੂੰ ਪੰਜਾਬੀ ਬੋਲੀ, ਪੌਣ-ਪਾਣੀ, ਧਰਤੀ, ਆਰਥਿਕਤਾ, ਜਵਾਨੀ, ਸੱਭਿਆਚਾਰ ਦੀ ਸੰਭਾਲ ਲਈ ਤਰੱਦਦ ਕਰਨਾ ਚਾਹੀਦਾ ਹੈ।

# ਕੌਮੀ ਅਪਰਾਧ ਰਿਕਾਰਡ ਬਿਊਰੋ ਅੰਕੜੇ ਦਲਿਤਾਂ ਤੇ ਘੱਟ ਗਿਣਤੀਆਂ ਨਾਲ ਬੇਇਨਸਾਫ਼ੀ ਦੀ ਕਹਾਣੀ

**- ਰਜਿੰਦਰ ਸਿੰਘ**

ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਸਾਲ 2019 ਦੇ ਜਾਰੀ ਅੰਕੜਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਜੇਲ੍ਹਾਂ ਵਿਚ ਬੰਦ ਦਲਿਤਾਂ, ਆਦੀਵਾਸੀਆਂ ਤੇ ਮੁਸਲਮਾਨਾਂ ਦੀ ਗਿਣਤੀ ਦੇਸ਼ ਵਿਚ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਵੱਧ ਹੈ, ਜਦਕਿ ਦੂਜੇ ਪੱਛੜੇ ਵਰਗ ਤੇ ਉਚ ਜਾਤਾਂ ਨਾਲ ਜੁੜੇ ਲੋਕਾਂ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ। ਮੁਸਲਮਾਨਾਂ ਦੇ ਮਾਮਲੇ ਵਿਚ ਦੋਸ਼ੀ ਪਾਏ ਜਾਣ ਵਾਲਿਆਂ ਨਾਲੋਂ ਵਿਚਾਰਾਧੀਨ ਕੈਦੀ ਵੱਧ ਹਨ। ਜੇਲ੍ਹਾਂ ਵਿਚ ਕੈਦ ਸਾਰੇ ਦੋਸ਼ੀਆਂ ਵਿਚੋਂ 21.7 ਫੀਸਦੀ ਦਲਿਤ ਹਨ, ਜਦਕਿ ਇਨ੍ਹਾਂ ਤੋਂ ਇਲਾਵਾ 21 ਫੀਸਦੀ ਵਿਚਾਰਾਧੀਨ ਕੈਦੀ ਹਨ। 2011 ਦੀ ਜਨਗਣਨਾ ਮੁਤਾਬਕ ਇਨ੍ਹਾਂ ਦੀ ਆਬਾਦੀ 16.6 ਫੀਸਦੀ ਸੀ।

ਇਸੇ ਤਰ੍ਹਾਂ ਜਨਗਣਨਾ ਮੁਤਾਬਕ 14.2 ਫੀਸਦੀ ਆਬਾਦੀ ਵਾਲੇ ਮੁਸਲਮਾਨਾਂ ਵਿਚੋਂ 16.6 ਫੀਸਦੀ ਦੋਸ਼ੀ ਕੈਦੀ ਤੇ 18.7 ਫੀਸਦੀ ਵਿਚਾਰਾਧੀਨ ਕੈਦੀ ਹਨ। ਆਦੀਵਾਸੀਆਂ ਦੀ ਆਬਾਦੀ 8.6 ਫੀਸਦੀ ਸੀ ਤੇ ਇਨ੍ਹਾਂ ਵਿਚੋਂ 13.6 ਫੀਸਦੀ ਦੋਸ਼ੀ ਕੈਦੀ ਤੇ 10.5 ਫੀਸਦੀ ਵਿਚਾਰਾਧੀਨ ਕੈਦੀ ਹਨ। ਓ ਬੀ ਸੀ ਦੀ ਆਬਾਦੀ 41 ਫੀਸਦੀ ਸੀ ਅਤੇ ਇਨ੍ਹਾਂ ਵਿਚੋਂ 35 ਫੀਸਦੀ ਦੋਸ਼ੀ ਕੈਦੀ ਤੇ 34 ਫੀਸਦੀ ਵਿਚਾਰਾਧੀਨ ਕੈਦੀ ਹਨ। ਬਾਕੀ ਉਚ ਜਾਤਾਂ ਦੀ ਆਬਾਦੀ 19.6 ਫੀਸਦੀ ਸੀ ਅਤੇ ਇਨ੍ਹਾਂ ਵਿਚੋਂ ਦੋਸ਼ੀ ਕੈਦੀ 13 ਫੀਸਦੀ ਤੇ ਵਿਚਾਰਾਧੀਨ 16 ਫੀਸਦੀ ਹਨ। ਪ੍ਰਾਂਤ ਆਧਾਰ 'ਤੇ ਦੇਖਿਆ ਜਾਵੇ ਤਾਂ ਦਲਿਤ ਵਿਚਾਰਾਧੀਨ ਕੈਦੀਆਂ ਦੀ ਗਿਣਤੀ ਸਭ ਤੋਂ ਵੱਧ ਯੂਪੀ (17,995) ਵਿਚ ਹੈ। ਦੂਜੇ ਨੰਬਰ 'ਤੇ ਬਿਹਾਰ ਵਿਚ 6843 ਤੇ ਤੀਜੇ ਨੰਬਰ 'ਤੇ ਪੰਜਾਬ ਵਿਚ 6831 ਹੈ। ਸਭ ਤੋਂ ਵੱਧ ਵਿਚਾਰਾਧੀਨ ਆਦੀਵਾਸੀ ਕੈਦੀ ਮੱਧ ਪ੍ਰਦੇਸ਼ ਵਿਚ 5894 ਹਨ। ਇਸ ਤੋਂ ਬਾਅਦ 3954 ਯੂਪੀ ਤੇ 3471 ਛੱਤੀਸਗੜ੍ਹ ਵਿਚ ਹਨ। ਸਭ ਤੋਂ ਵੱਧ ਮੁਸਲਮ ਵਿਚਾਰਾਧੀਨ ਕੈਦੀ 21 ਹਜ਼ਾਰ 139 ਯੂ ਪੀ ਵਿਚ ਹਨ। ਇਸ ਤੋਂ ਬਾਅਦ 4758 ਬਿਹਾਰ ਤੇ 2947 ਮੱਧ ਪ੍ਰਦੇਸ਼ ਵਿਚ ਹਨ। ਇਸੇ ਤਰ੍ਹਾਂ ਸਭ ਤੋਂ ਵੱਧ ਦਲਿਤ ਦੋਸ਼ੀ ਕੈਦੀਆਂ ਦੀ ਗਿਣਤੀ ਯੂ ਪੀ (6143) ਵਿਚ ਹੈ। ਇਸ ਦੇ ਬਾਅਦ ਮੱਧ ਪ੍ਰਦੇਸ਼ ਵਿਚ 50 17 ਤੇ ਪੰਜਾਬ ਵਿਚ 2786 ਹੈ। ਦੋਸ਼ੀ ਆਦੀਵਾਸੀ ਕੈਦੀਆਂ ਦੀ ਸਭ ਤੋਂ ਵੱਧ ਗਿਣਤੀ 5303 ਮੱਧ ਪ੍ਰਦੇਸ਼ ਵਿਚ ਹੈ, ਜਦਕਿ ਇਸ ਤੋਂ ਬਾਅਦ ਛੱਤੀਸਗੜ੍ਹ ਵਿਚ 2906 ਤੇ ਝਾਰਖੰਡ ਵਿਚ 1985 ਹੈ। ਸਭ ਤੋਂ ਵੱਧ ਦੋਸ਼ੀ ਮੁਸਲਮ ਕੈਦੀ 6098 ਯੂ ਪੀ ਵਿਚ ਹਨ। ਇਸ ਤੋਂ ਬਾਅਦ 2369 ਪੱਛਮੀ ਬੰਗਾਲ ਤੇ 2114 ਮਹਾਰਾਸ਼ਟਰ ਵਿਚ ਹਨ।

ਪੁਲਸ ਰਿਸਰਚ ਐਂਡ ਡਿਵੈਲਪਮੈਂਟ ਬਿਊਰੋ ਦੇ ਸਾਬਕਾ ਚੀਫ ਐਨ ਆਰ ਵਾਸਨ ਮੁਤਾਬਕ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਘੱਟ ਗਿਣਤੀਆਂ ਤੇ ਦਲਿਤਾਂ ਨਾਲ ਇਨਸਾਫ਼ ਨਹੀਂ ਕਰ ਰਹੀ। ਗਰੀਬਾਂ ਦੀ ਹਾਲਤ ਹੋਰ ਵੀ ਮਾੜੀ ਹੈ, ਇਸ ਬਾਰੇ ਮਾਮਲੇ ਭਰੇ ਪਏ ਹਨ। ਜਿਹੜੇ ਲੋਕ ਚੰਗੇ ਵਕੀਲ ਕਰ ਸਕਦੇ ਹਨ, ਉਨ੍ਹਾਂ ਨੂੰ ਆਸਾਨੀ ਨਾਲ ਜ਼ਮਾਨਤ ਮਿਲ ਜਾਂਦੀ ਹੈ ਤੇ ਨਿਆਂ ਵੀ ਮਿਲ ਜਾਂਦਾ ਹੈ, ਪਰ ਗਰੀਬ ਆਰਥਕ ਵਸੀਲਿਆਂ ਦੀ ਕਮੀ ਕਰਕੇ ਨਿੱਕੇ-ਮੋਟੇ ਅਪਰਾਧਾਂ ਵਿਚ ਹੀ ਫਸਿਆ ਰਹਿ ਜਾਂਦਾ ਹੈ। ਅੰਕੜਿਆਂ ਤੋਂ ਸਾਫ ਹੈ ਕਿ ਸੱਤਾ 'ਤੇ ਕਾਬਜ਼ ਉਚ ਜਾਤਾਂ ਦਲਿਤਾਂ, ਆਦੀਵਾਸੀਆਂ ਤੇ ਮੁਸਲਮਾਨਾਂ ਨੂੰ ਕੁਸਕਣ ਨਹੀਂ ਦੇਣਾ ਚਾਹੁੰਦੀਆਂ।

ਸਿੱਖਾਂ ਦੀ ਹਾਲਤ ਇਸ ਤੋਂ ਵੱਖਰੀ ਨਹੀਂ। ਪੰਜਾਬ ਵਿਚ ਖਾਲਿਸਤਾਨ ਦੇ ਨਾਮ 'ਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਜਦ ਕਿ ਸੁਪਰੀਮ ਕੋਰਟ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਖਾਲਿਸਤਾਨ ਦੇ ਨਾਅਰਿਆਂ ਅਤੇ ਸ਼ਾਂਤਮਈ ਲਹਿਰ 'ਤੇ ਕੋਈ ਪਾਬੰਦੀ ਨਹੀਂ। ਪਰ ਇਸ ਦੇ ਬਾਵਜੂਦ ਪੰਜਾਬ ਵਿਚ ਪੁਲੀਸ ਵਲੋਂ ਤੇ ਸਰਕਾਰ ਵੱਲੋਂ ਧੱਕਾ ਕੀਤਾ ਜਾ ਰਿਹਾ ਹੈ। ਇਸ ਬਾਰੇ ਪੰਜਾਬ ਦੀ ਸਿੱਖ ਲੀਡਰਸ਼ਿਪ ਵੀ ਚੁੱਪ ਬੈਠੀ ਹੈ। ਉਨ੍ਹਾਂ ਦੇ ਹੱਕ ਵਿਚ ਵਕੀਲ ਵੀ ਨਹੀਂ ਨਿਤਰ ਰਹੇ। ਬਹੁਤੇ ਗਰੀਬ ਸਿੱਖ ਘਰਾਂ ਦੇ ਨੌਜਵਾਨ ਹਨ। ਅਸਲ ਵਿਚ ਭ੍ਰਿਸ਼ਟ ਸਿਆਸਤਦਾਨਾਂ ਨੇ ਸੱਤਾਧਾਰੀਆਂ ਨੇ ਪੁਲਸ ਨੂੰ ਵੀ ਆਪਣਾ ਗੁਲਾਮ ਬਣਾਇਆ ਹੋਇਆ ਹੈ।

ਦਿੱਲੀ ਦੰਗਿਆਂ ਵਿਚ ਮੁਸਲਮਾਨਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲ ਸਕਿਆ, ਉਲਟਾ ਉਨ੍ਹਾਂ ਉਪਰ ਹੀ ਕੇਸ ਠੋਸੇ ਗਏ ਹਨ। ਯੂਪੀ, ਮੱਧ ਪ੍ਰਦੇਸ਼ ਤੇ ਬਿਹਾਰ ਵਰਗੇ ਜਗੀਰਦਾਰਾਂ ਦੀ ਦਬੰਗਈ ਵਾਲੇ ਰਾਜਾਂ ਦੀ ਸਥਿਤੀ ਬਹੁਤ ਖਤਰਨਾਕ ਹੈ। ਖ਼ਬਰਾਂ ਮਿਲ ਰਹੀਆਂ ਹਨ ਕਿ ਉਨ੍ਹਾਂ ਨਾਲ ਪਸ਼ੂਆਂ ਵਰਗਾ ਵਰਤਾਰਾ ਹੋ ਰਿਹਾ ਹੈ। ਕੋਰੋਨਾ ਵਾਇਰਸ ਦੌਰਾਨ ਸਰਕਾਰ ਤੇ ਗੋਦੀ ਮੀਡੀਆ ਵੱਲੋਂ ਘੱਟ ਗਿਣਤੀਆਂ, ਮੁਸਲਮਾਨਾਂ ਤੇ ਸਿੱਖਾਂ ਨੂੰ ਕੋਰੋਨਾ ਵਾਇਰਸ ਫੈਲਾਉਣ ਵਾਲੇ ਦੱਸਿਆ ਗਿਆ ਹੈ। ਮੁਸਲਮਾਨਾਂ ਦੀ ਤਬਲੀਗੀ ਜਮਾਤ 'ਤੇ ਝੂਠੇ ਕੇਸ ਦਰਜ ਕੀਤੇ। ਸੰਯੁਕਤ ਰਾਸ਼ਟਰ ਨੇ ਭਾਰਤ ਬਾਰੇ ਪਹਿਲਾਂ ਵੀ ਕਿਹਾ ਸੀ ਕਿ ਜਾਤ, ਧਰਮ ਦੇ ਆਧਾਰ 'ਤੇ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਹੀ ਗੱਲ ਵਿਸ਼ਵ ਸਿਹਤ ਸੰਗਠਨ ਨੇ ਕਹੀ। ਕਿਉਂਕਿ ਵਾਇਰਸ ਜਾਤੀ, ਧਰਮ ਜਾਂ ਫਿਰਕੇ ਨੂੰ ਨਹੀਂ ਵੇਖਦਾ। ਇਸ ਨਫ਼ਰਤ ਤੇ ਫਿਰਕੂਵਾਦ ਕਾਰਨ ਭਾਰਤ ਵਿਚ ਲੋਕਤੰਤਰ ਸੁੰਗੜ ਰਿਹਾ ਹੈ।

ਦੂਸਰੇ ਪਾਸੇ ਚੀਨ ਨਾਲ ਤਕਰਾਰ ਤੇ ਆਰਥਿਕ ਮੰਦੀ ਦੀ ਹਾਲਤ ਵਿਚ ਭਾਰਤ ਲਈ ਬਹੁਤ ਵੱਡੇ ਚੈਲਿੰਜ ਹਨ। ਜੇਕਰ ਫਿਰਕੂਵਾਦ ਜਾਰੀ ਰਿਹਾ ਤਾਂ ਬਹੁਤ ਵੱਡੀਆਂ ਸਮੱਸਿਆਵਾਂ ਭਾਰਤ ਲਈ ਖੜੀਆਂ ਹੋ ਸਕਦੀਆਂ ਹਨ। ਇਸ ਬਾਰੇ ਵੱਡੇ-ਵੱਡੇ ਵਿਦਵਾਨ, ਰਾਜਨੀਤਕ ਲੋਕ ਵਿਸ਼ਵ ਪੱਧਰ 'ਤੇ ਆਪਣੀ ਰਾਏ ਪ੍ਰਗਟਾ ਚੁੱਕੇ ਹਨ। ਇਕ ਖੁਸ਼ਹਾਲ, ਸਹਿਣਸ਼ੀਲ ਅਤੇ ਸ਼ਾਂਤਮਈ ਸਮਾਜ ਹੀ ਦੇਸ ਦੇ ਲਈ ਲਾਭਕਾਰੀ ਸਿੱਧ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਹਲੇਮੀ ਰਾਜ ਤੇ ਬੇਗਮਪੁਰਾ ਅਜਿਹੇ ਰਾਜਨੀਤਕ ਤੇ ਜਮਹੂਰੀਅਤ ਵਾਲੇ ਮਹਾਨ ਸੰਕਲਪ ਹਨ, ਜਿਸ ਤੋਂ ਭਾਰਤ ਦੀ ਸਰਕਾਰ ਨੂੰ ਸੇਧ ਲੈਣ ਦੀ ਲੋੜ ਹੈ।

# ਮੈਡੀਟਰੇਨਿਆਨ ਸਮੁੰਦਰ ਵਿਚ ਤੁਰਕ ਅਤੇ ਯੂਰਪੀਨ ਆਹਮੋ-ਸਾਹਮਣੇ ਹੋਏ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜਿੱਥੇ ਇਕ ਪਾਸੇ ਪ੍ਰਸ਼ਾਂਤ ਮਹਾਸਾਗਰ ਦੇ ਦੱਖਣੀ ਚੀਨ ਸਮੁੰਦਰ ਵਿਚ ਵੱਡੀ ਸਿਆਸੀ ਜੱਦੋਜਹਿਦ ਚੱਲ ਰਹੀ ਹੈ ਉੱਥੇ ਹੁਣ ਯੂਰਪ ਦੇ ਮੈਡੀਟਰੇਨਿਆਨ ਸਮੁੰਦਰ ਵਿਚ ਵੀ ਸਿਆਸੀ ਹਿਲਜੁਲ ਸ਼ੁਰੂ ਹੋ ਗਈ ਹੈ। ਤੁਰਕੀ ਵੱਲੋਂ ਮੈਡੀਟਰੇਨੀਅਨ ਸਮੁੰਦਰ ਵਿਚ ਗੈਸ ਕੱਢਣ ਲਈ ਪਟਾਈ ਸ਼ੁਰੂ ਕਰਨ ਤੋਂ ਬਾਅਦ ਯੂਰਪੀ ਮੁਲਕਾਂ ਸਾਈਪਰਸ ਅਤੇ ਗਰੀਸ ਨਾਲ ਤੁਰਕੀ ਦਾ ਵਿਵਾਦ ਭਖ ਗਿਆ ਹੈ।

ਇਹ ਦੋਵੇਂ ਮੁਲਕ ਤੁਰਕੀ ਦੀ ਇਸ ਪਟਾਈ ਨੂੰ ਉਹਨਾਂ ਦੇ ਖੁਦਮੁਖਤਿਆਰ ਇਲਾਕੇ ਦੀ ਉਲੰਘਣਾ ਦਸ ਰਹੇ ਹਨ। ਦੋਵੇਂ ਧਿਰਾਂ ਦਰਮਿਆਨ ਤਣਾਅ ਇਸ ਹੱਦ ਤਕ ਵਧ ਗਿਆ ਹੈ ਕਿ ਦੋਵਾਂ ਨੇ ਸਬੰਧਿਤ ਇਲਾਕੇ ਵਿਚ ਇਕ ਦੂਜੇ ਸਾਹਮਣੇ ਆਪਣੇ ਜੰਗੀ ਬੇੜੇ ਤੈਨਾਤ ਕਰ ਦਿੱਤੇ ਹਨ। ਇੱਥੇ ਲੱਗੀ ਕੋਈ ਨਿੱਕੀ ਜਿਹੀ ਚੰਗਾਰੀ ਵੱਡੀ ਜੰਗ ਦੇ ਭਾਂਬੜ ਬਾਲ ਸਕਦੀ ਹੈ।

ਇਹ ਮੁਲਕ ਉੱਤਰੀ ਅਮਰੀਕਾ ਅਤੇ ਯੂਰਪੀ ਮੁਲਕਾਂ ਦੇ ਸਾਂਝੇ ਫੌਜੀ ਮੰਚ ਨਾਟੋ ਦੇ ਮੈਂਬਰ ਹਨ। ਹੁਣ ਨਾਟੋ ਵੱਲੋਂ ਇਹਨਾਂ ਦਰਮਿਆਨ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਾਟੋ ਦੇ ਮੁਖੀ ਜੇਨਸ ਸਟੋਲਟਨਬਰਗ ਨੇ ਕਿਹਾ ਕਿ ਤੁਰਕੀ ਅਤੇ ਗਰੀਸ ਨਾਟੋ ਦੇ ਮੰਚ ਰਾਹੀਂ ਇਸ ਵਿਵਾਦ ਬਾਰੇ ਗੱਲ ਕਰਨ ਲਈ ਤਿਆਰ ਹੋ ਗਏ ਹਨ। ਪਰ ਗਰੀਸ ਦੇ ਉੱਚ ਅਧਿਕਾਰੀਆਂ ਦੇ ਹਵਾਲੇ ਨਾਲ ਛਪੀਆਂ ਰਿਪੋਰਟਾਂ ਮੁਤਾਬਕ ਗਰੀਸ ਤੁਰਕੀ ਦੀਆਂ ਸਮੁੰਦਰ ਵਿਚਲੀਆਂ ਕਾਰਵਾਈਆਂ ਬੰਦ ਹੋਣ ਤੋਂ ਘੱਟ ਕਿਸੇ ਗੱਲ 'ਤੇ ਸਹਿਮਤ ਨਹੀਂ ਹੋਵੇਗਾ। ਤੁਰਕੀ ਦਾ ਕਹਿਣਾ ਹੈ ਕਿ ਇਸ ਗੱਲਬਾਤ ਦਾ ਅਧਾਰ ਸਿਰਫ ਫੌਜੀ ਟਕਰਾਅ ਨੂੰ ਟਾਲਣਾ ਹੈ ਤੇ ਤੁਰਕੀ ਦੇ ਗੈਸ ਦੀ ਪਟਾਈ ਵਾਲੇ ਕੰਮ ਬਾਰੇ ਕੋਈ ਗੱਲਬਾਤ ਨਹੀਂ ਹੋਵੇਗੀ।

ਇਸਲਾਮ ਜਗਤ ਦੇ ਨਵੇਂ ਆਗੂ ਵਜੋਂ ਉੱਭਰ ਰਹੇ ਤੁਰਕੀ ਵਿਚ ਇਸ ਗੈਸ ਕੱਢਣ ਦੇ ਪ੍ਰਜੈਕਟ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਗਿਆ ਹੈ ਅਤੇ ਤੁਰਕੀ ਦੇ ਰਾਸ਼ਟਰਪਤੀ ਏਰਡੋਗਨ ਨੇ ਇਸ ਪ੍ਰਜੈਕਟ ਨੂੰ ਦੇਸ਼ ਦੇ ਮਾਣ ਨਾਲ ਜੋੜ ਦਿੱਤਾ ਹੈ। ਤੁਰਕੀ ਦਾ ਦਾਅਵਾ ਹੈ ਕਿ ਸਬੰਧਿਤ ਸਮੁੰਦਰੀ ਇਲਾਕਾ ਉਸਦੇ ਅਤੇ ਤੁਰਕਿਸ਼ ਰਿਪਬਲਿਕ ਆਫ ਉੱਤਰੀ ਸਾ ?ਪੀਰਸ ਦੇ ਹੱਕੀ ਇਲਾਕੇ ਵਿਚ ਪੈਂਦਾ ਹੈ। ਤੁਰਕਿਸ਼ ਰਿਪਬਲਿਕ ਆਫ ਉੱਤਰੀ ਸਾਈਪਰਸ ਇਕ ਸਵੈ-ਐਲਾਨਿਆ ਮੁਲਕ ਹੈ ਜਿਸ ਨੂੰ ਸਿਰਫ ਤੁਰਕੀ ਨੇ ਮਾਨਤਾ ਦਿੱਤੀ ਹੈ। ਸਾਈਪਰਸ ਤੁਰਕੀ ਦੇ ਦੱਖਣ ਵਿਚ ਇਕ ਸਮੁੰਦਰੀ ਟਾਪੂ (ਦੇਸ਼) ਹੈ, ਜਿਸ ਵਿਚੋਂ ਤੁਰਕੀ ਮੂਲ ਦੇ ਲੋਕਾਂ ਨੇ ਟਾਪੂ ਦੇ ਉੱਤਰੀ ਹਿੱਸੇ ਨੂੰ 15 ਨਵੰਬਰ 1983 ਨੂੰ ਸਾਈਪਰਸ ਤੋਂ ਵੱਖਰਾ ਦੇਸ਼ ਐਲਾਨ ਦਿੱਤਾ ਸੀ। ਪੂਰਬੀ ਮੇਡੀਟਰੇਨੀਅਨ ਸਮੁੰਦਰ ਵਿਚ ਗੈਸ ਦੇ ਵੱਡੇ ਭੰਡਾਰ ਹਨ ਜਿਹਨਾਂ 'ਤੇ ਗ੍ਰੀਸ ਅਤੇ ਸਾਈਪਰਸ ਵੀ ਦਾਅਵਾ ਕਰਦੇ ਹਨ।

ਤੁਰਕੀ ਅਤੇ ਗ੍ਰੀਸ ਦੀ ਇਸ ਆਪਣੀ ਜੱਦੋਜਹਿਦ ਵਿਚ ਯੂਰਪੀਨ ਯੂਨੀਅਨ ਗ੍ਰੀਸ ਦੇ ਨਾਲ ਖੜੀ ਹੈ।

ਯੂਰਪੀਨ ਯੂਨੀਅਨ ਤੁਰਕੀ ਨੂੰ ਆਪਣੀਆਂ ਇਹ ਕਾਰਵਾਈਆਂ ਬੰਦ ਕਰਨ ਲਈ ਕਈ ਵਾਰ ਕਹਿ ਚੁੱਕੀ ਹੈ ਅਤੇ ਕਾਰਵਾਈਆਂ ਜਾਰੀ ਰੱਖਣ 'ਤੇ ਕਈ ਤਰਾਂ ਦੀਆਂ ਪਾਬੰਦੀਆਂ ਦੀ ਧਮਕੀ ਵੀ ਦੇ ਚੁੱਕੀ ਹੈ।

# ਪੰਥਕ ਫਰਜ਼ਾਂ ਤੋਂ ਭਗੌੜੀ ਸ਼੍ਰੋਮਣੀ ਕਮੇਟੀ ਖਾਲਸਾ ਪੰਥ ਲਈ 'ਨਮੋਸ਼ੀ'



**- ਪ੍ਰਿਥੀਪਾਲ ਸਿੰਘ ਕਪੂਰ**

**ਪੰਥਕ ਮੁੱਦਾ**

ਗੁਰਦੁਆਰਾ ਸਾਹਿਬ ਭਾਵੇਂ ਕਿਸੇ ਥਾਂ ਸਥਿਤ ਹੋਵੇ, ਉਸ ਦਾ ਸਿੱਖ ਦੇ ਰੋਜ਼ਾਨਾ ਜੀਵਨ ਵਿਚ ਵਧੇਰੇ ਮਹੱਤਵ ਹੈ। ਇਸੇ ਲਈ ਗੁਰਦੁਆਰਾ ਪ੍ਰਬੰਧ ਵੱਲ 'ਗੁਰੂ ਸੰਗਤ' ਦਾ ਧਿਆਨ ਸਦਾ ਹੀ ਕੇਂਦਰਿਤ ਰਹਿੰਦਾ ਆਇਆ ਹੈ। ਗੁਰੂ ਘਰ ਦੇ ਪ੍ਰਮੁੱਖ ਸੇਵਾਦਾਰਾਂ ਦੇ ਨਿੱਜੀ ਅਤੇ ਆਮ ਵਿਵਹਾਰ ਵੱਲ ਵੀ ਸੰਗਤ ਦੀ ਤੇਜ਼ ਨਿਗਾਹ ਖਿੱਚੀ ਰਹਿੰਦੀ ਹੈ। ਜਦੋਂ ਵੀ ਗੁਰਦੁਆਰਾ ਪ੍ਰਬੰਧ ਵਿਚ ਕੋਈ ਉਕਾਈ ਨਜ਼ਰੀਂ ਪਵੇ ਜਾਂ ਸੇਵਾਦਾਰਾਂ ਦੀ ਕੋਈ ਬੇਈਮਾਨੀ ਸਾਹਮਣੇ ਆਵੇ ਤਾਂ ਸੰਗਤ ਵਲੋਂ ਇਸ 'ਤੇ ਤਿੱਖਾ ਪ੍ਰਤੀਕਰਮ ਹੁੰਦਾ ਹੈ। 1920 ਈ: ਵਿਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਪ੍ਰਮੁੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਪ੍ਰਬੰਧਕੀ ਬੇਈਮਾਨੀਆਂ ਅਤੇ 'ਮਹੰਤਾਂ' ਦੇ ਜ਼ਾਤੀ ਜੀਵਨ ਵਿਚ ਪਸਰਿਆ ਦੁਰਾਚਾਰ ਸਾਹਮਣੇ ਆਇਆ। ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੀਆਂ ਆਪਹੁਦਰੀਆਂ ਦੀ ਚੋਖੀ ਚਰਚਾ ਹੋਈ ਤਾਂ ਸੰਗਤ ਅਤੇ ਮਹੰਤਾਂ ਵਿਚ ਤਰਨ ਤਾਰਨ ਵਿਖੇ ਹਥਿਆਰਬੰਦ ਟਕਰਾਅ ਵੀ ਹੋਏ। ਮਹੰਤਾਂ ਨੇ ਬਰਤਾਨਵੀ ਸਰਕਾਰ ਕੋਲੋਂ ਸੁਰੱਖਿਆ ਦੀ ਮੰਗ ਕੀਤੀ। ਇਸ ਅਮਲ ਵਿਚ ਸਰਕਾਰ ਦੀ ਸਿੱਖ ਪੰਥ ਨਾਲ ਸਿੱਧੇ ਟਕਰਾਅ ਵਾਲੀ ਸਥਿਤੀ ਬਣ ਗਈ। ਇਹ ਸੰਘਰਸ਼ ਪੰਜ ਸਾਲ ਚੱਲਿਆ ਅਤੇ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ। ਸਿੱਖ ਧਰਮ ਅਸਥਾਨਾਂ ਦੇ ਸੰਗਤ ਵਲੋਂ ਸਿੱਧੀ ਚੋਣ ਦੁਆਰਾ ਚੁਣੇ ਪ੍ਰਤੀਨਿਧਾਂ ਰਾਹੀਂ ਪ੍ਰਬੰਧ ਕਰਨ ਦਾ ਇਹ ਪਹਿਲਾ ਤਜਰਬਾ ਸੀ ਜਿਸ ਵਿਚ ਸਿੱਖ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਤਿੰਨ ਪੜਾਵੀ ਪ੍ਰਣਾਲੀ 'ਂਦ ਵਿਚ ਆਈ: (1) ਸਿੱਖ ਇਤਿਹਾਸਕ ਗੁਰਦੁਆਰੇ (2) ਲੋਕਲ ਗੁਰਦੁਆਰਾ ਕਮੇਟੀਆਂ (3) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ। ਇਹ ਪ੍ਰਬੰਧ 1950ਵਿਆਂ ਤੱਕ ਤਸੱਲੀਬਖ਼ਸ਼ ਚੱਲਿਆ। ਉਪਰੰਤ ਸ਼੍ਰੋਮਣੀ ਕਮੇਟੀ ਦੇ ਪੁਨਰ-ਗਠਨ ਅਤੇ ਦੇਸ਼ ਵਿਚ ਰਾਜਨੀਤਕ ਉਤਾਰ-ਚੜਾਅ ਸਦਕਾ ਪ੍ਰਚੱਲਿਤ ਪ੍ਰਬੰਧਕੀ ਪ੍ਰਣਾਲੀ ਵਿਚ ਨਵੀਆਂ ਪ੍ਰਵਿਰਤੀਆਂ ਸਾਹਮਣੇ ਆਈਆਂ, ਜਿਸ ਕਰਕੇ ਸ਼੍ਰੋਮਣੀ ਕਮੇਟੀ ਵਿਚ ਪ੍ਰਬੰਧਕੀ ਉਕਾਈਆਂ ਅਤੇ ਭ੍ਰਿਸ਼ਟਾਚਾਰ ਦੀ ਗੁੰਜਾਇਸ਼ ਵਧ ਗਈ। ਲੋਕ ਰਾਜੀ-ਸੰਵਿਧਾਨ ਲਾਗੂ ਹੋਣ ਨਾਲ ਸਰਕਾਰੀ ਪ੍ਰਣਾਲੀ ਵਿਚ ਭ੍ਰਿਸ਼ਟਾਚਾਰ ਨੇ ਚੰਗੇ ਪੈਰ ਪਸਾਰ ਲਏ ਜਿਸ ਦਾ ਗੁਰਦੁਆਰਾ ਪ੍ਰਬੰਧ ਉੱਪਰ ਪ੍ਰਭਾਵ ਪੈਣਾ ਸੁਭਾਵਕ ਸੀ। ਸਿੱਟਾ: ਅਜੋਕੀ ਸਥਿਤੀ ਹੈ। ਇਕ ਤੱਥ ਉਚੇਚੇ ਤੌਰ 'ਤੇ ਵਰਨਣਯੋਗ ਇਹ ਵੀ ਹੈ ਕਿ 1947 ਈ. ਤੱਕ (ਭਾਰਤੀ ਆਜ਼ਾਦੀ ਤੋਂ ਪਹਿਲਾਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਬਾਕਾਇਦਾ ਹਰ 5 ਸਾਲ ਬਾਅਦ ਹੁੰਦੀਆਂ ਰਹੀਆਂ ਪਰ ਇਸ ਤੋਂ ਪਿੱਛੋਂ ਕੇਂਦਰੀ/ਰਾਜ ਸਰਕਾਰਾਂ ਕਿਸੇ ਨਾ ਕਿਸੇ ਬਹਾਨੇ ਇਨਾਂ ਚੋਣਾਂ ਨੂੰ ਸਮੇਂ ਸਿਰ ਕਰਵਾਉਣ ਤੋਂ ਸਦਾ ਕਤਰਾਉਂਦੀਆਂ ਰਹੀਆਂ। ਫਲਸਰੂਪ ਸ਼੍ਰੋਮਣੀ ਕਮੇਟੀ ਦੇ ਅੰਦਰ ਅਤੇ ਬਾਹਰ 'ਸੁਆਰਥੀ ਹਿਤਾਂ' ਦਾ ਪਲੜਾ ਭਾਰੀ ਹੁੰਦਾ ਗਿਆ, ਜਿਸ ਨਾਲ ਸ਼੍ਰੋਮਣੀ ਕਮੇਟੀ ਵਿਚ ਭ੍ਰਿਸ਼ਟਾਚਾਰੀ ਯੁੱਗ ਦਾ ਆਰੰਭ ਹੋਇਆ। ਇਸ ਗਲਤਾਨ ਦਾ ਸਿਖਰ ਸੰਤ ਚੰਨਣ ਸਿੰਘ ਦੇ ਪ੍ਰਧਾਨ ਬਣਨ ਨਾਲ ਹੋਇਆ। ਅਕਾਲੀ ਦਲ ਵਿਚ ਸੰਤ ਫ਼ਤਹਿ ਸਿੰਘ ਦੀ ਪ੍ਰਧਾਨਗੀ ਸਮੇਂ ਤੱਕ ਸ਼੍ਰੋਮਣੀ ਕਮੇਟੀ ਦਾ ਪ੍ਰਬੰਧਕੀ ਘੜਮੱਸ ਪੂਰੀ 'ਦਲਦਲ' ਬਣ ਚੁੱਕਾ ਸੀ।

ਪੰਥ ਵਿਚ ਆਮ ਪ੍ਰਚੱਲਿਤ ਧਾਰਨਾ ਇਹੀ ਹੈ ਕਿ 1973 ਈ: ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪ੍ਰਧਾਨ ਬਣਨ ਉਪਰੰਤ ਸਥਿਤੀ ਵਿਚ ਕੁਝ ਸੁਧਾਰ ਹੋਇਆ ਅਤੇ ਅੱਗੇ ਲਈ ਨਿਘਾਰ ਥੰਮ ਵੀ ਗਿਆ। ਗੁਰਚਰਨ ਸਿੰਘ ਟੌਹੜਾ ਰਵਾਇਤੀ ਅਕਾਲੀ ਸਨ। ਉਹ ਬੁਲਾਰੇ ਵੀ ਚੰਗੇ ਸੀ ਅਤੇ ਉਨਾਂ ਵਿਚਲੀ ਸਿੱਖੀ ਸ਼ਰਧਾ ਸਿੱਖ ਸ਼ਰਧਾਲੂਆਂ ਨੂੰ ਭਰਮਾਉਂਦੀ ਵੀ ਸੀ। ਸਿੱਖ ਵਿਦਵਾਨਾਂ ਨੂੰ ਉਹ ਸਤਿਕਾਰ ਦਿੰਦੇ ਸਨ। ਪੰਥਕ ਇਤਿਹਾਸ ਦੇ ਪ੍ਰਤੀਬੱਧ ਲੇਖਕ ਅਤੇ ਬੁਲਾਰੇ ਪ੍ਰੋ: ਸਤਿਬੀਰ ਸਿੰਘ ਉਨਾਂ ਦੇ ਮੁੱਖ ਸਲਾਹਕਾਰ ਸਨ। ਉਨਾਂ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਅੰਮ੍ਰਿਤਸਰ ਵਿਖੇ ਮੈਡੀਕਲ ਅਤੇ ਡੈਂਟਲ ਕਾਲਜ ਖੋਲੇ ਗਏ। ਪ੍ਰਚਾਰ ਸੰਸਥਾਵਾਂ ਦਾ ਵੀ ਪਸਾਰ ਹੋਇਆ। ਇਸ ਤਰਾਂ ਜਥੇਦਾਰ ਟੌਹੜਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਖ਼ ਕੁਝ ਹੱਦ ਤੱਕ ਬਹਾਲ ਹੋ ਗਈ। ਟੌਹੜਾ ਨੇ ਵਿਦੇਸ਼ਾਂ ਵਿਚ ਪਰਵਾਸੀ ਸਿੱਖਾਂ ਨੂੰ ਪੰਥਕ ਮੁੱਖ ਧਾਰਾ ਨਾਲ ਜੋੜੀ ਰੱਖਣ ਲਈ ਵੀ ਉੱਦਮ ਕੀਤੇ।

ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 1925 ਈ: ਵਿਚ ਪਾਸ ਹੋਇਆ ਸੀ ਅਤੇ 1926 ਈ: ਵਿਚ ਬਾਕਾਇਦਾ ਚੋਣ ਉਪਰੰਤ ਸ਼੍ਰੋਮਣੀ ਕਮੇਟੀ ਦਾ ਗਠਨ ਕਰ ਲਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਪ੍ਰਧਾਨ, ਬਾਬਾ ਖੜਕ ਸਿੰਘ ਚੁਣੇ ਗਏ ਸਨ ਅਤੇ ਮੀਤ ਪ੍ਰਧਾਨ ਮਾ: ਤਾਰਾ ਸਿੰਘ। ਉਸ ਸਮੇਂ ਬਾਬਾ ਖੜਕ ਸਿੰਘ ਜੇਲ ਵਿਚ ਸਨ, ਇਸ ਲਈ ਮਾ: ਤਾਰਾ ਸਿੰਘ ਨੇ ਪਹਿਲੀ ਪ੍ਰਧਾਨਗੀ ਸੰਭਾਲੀ। 2026 ਈ. ਵਿਚ ਸ਼੍ਰੋਮਣੀ ਕਮੇਟੀ ਦਾ ਸੌ ਸਾਲਾ ਸਥਾਪਨਾ ਦਿਵਸ ਮਨਾਇਆ ਜਾਵੇਗਾ। ਅੱਜ ਦੇ ਮਾਹੌਲ ਮੁਤਾਬਿਕ ਉਸ ਦਿਨ 'ਪੰਥਕ' ਆਗੂਆਂ ਨੂੰ ਸਿਰ ਉੱਚਾ ਕਰਕੇ ਚੱਲਣਾ ਮੁਸ਼ਕਿਲ ਹੋਵੇਗਾ। ਅੱਜ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੂੰਹ ਮੁਹਾਂਦਰਾ ਅਖ਼ਬਾਰਾਂ ਵਿਚ ਅਧਿਕਾਰੀਆਂ/ ਕਰਮਚਾਰੀਆਂ ਵਿਰੁੱਧ 'ਸਖ਼ਤ' ਕਾਰਵਾਈ ਵਰਗੀਆਂ ਖ਼ਬਰਾਂ ਨੇ ਵਿਗਾੜ ਸੁੱਟਿਆ ਹੈ। ਇਕ ਪਾਸੇ ਤਾਂ ਭਾਰਤ ਅਤੇ ਦੁਨੀਆ ਵਿਚ ਸਿੱਖ ਕੌਮ ਦੀ ਖੁਸ਼ਹਾਲੀ ਦੀ ਚਰਚਾ ਹੈ ਪਰ ਪ੍ਰਮੱਖ ਪੰਥਕ ਸੰਸਥਾ ਸ਼੍ਰੋਮਣੀ ਕਮੇਟੀ ਦਾ ਸੁਨਹਿਰੀ ਸਮਾਂ ਵਿਹਾਅ ਗਿਆ ਲਗਦਾ ਹੈ। ਅੱਜ ਇਸ ਸੰਸਥਾ ਦੇ ਸੇਵਾਦਾਰ ਤੋਂ ਮੁੱਖ ਸਕੱਤਰ ਤੱਕ ਨਿਯੁਕਤ ਵਿਅਕਤੀਆਂ ਉੱਪਰ ਕਈ ਤਰਾਂ ਦੇ ਇਲਜ਼ਾਮ ਲੱਗ ਰਹੇ ਹਨ। ਉਨਾਂ ਵਿਚ ਸ਼ਰਧਾ ਦੀ ਘਾਟ ਹੈ, ਨਾ ਸੰਗਤ ਪ੍ਰਤੀ ਹਲੀਮੀ, ਨਾ ਹੀ ਕਾਰਜ ਕੁਸ਼ਲਤਾ ਹੈ। ਉਹ ਸਭ ਸਿਆਸੀ ਸਿਫ਼ਾਰਸ਼ਾਂ ਨਾਲ ਆਪਣੀਆਂ ਪਦਵੀਆਂ 'ਤੇ ਸੁਸ਼ੋਭਿਤ ਹਨ। ਗੁਰੂ ਦੀ ਸੇਵਾ ਨਾਲ ਉਨਾਂ ਦਾ ਘੱਟ ਹੀ ਸਰੋਕਾਰ ਹੈ। ਪ੍ਰਚਾਰਕਾਂ ਵਿਚ ਵੀ ਗੁਰਬਾਣੀ ਅਤੇ ਗੁਰਮਤਿ ਤੋਂ ਬਿਨਾਂ ਪੰਥਕ ਲੀਡਰਾਂ ਵਿਚ ਧੜੇਬੰਦੀ ਅਤੇ ਕੁਰੀਤੀਆਂ ਬਾਰੇ ਸਭ ਕੁਝ ਪਤਾ ਹੈ। ਇਸ ਦਾ ਮੂਲ ਕਾਰਨ ਹੈ ਵਰਤਮਾਨ ਅਕਾਲੀ ਨੇਤਾਵਾਂ ਦੀ ਆਪਣੀ ਭੂਮਿਕਾ ਜੋ ਸ਼੍ਰੋਮਣੀ ਕਮੇਟੀ ਨੂੰ ਆਪਣੀ ਰਾਜਨੀਤਕ ਸ਼ਕਤੀ ਅਤੇ ਪ੍ਰਾਸੰਗਿਕਤਾ ਵਧਾਉਣ ਦਾ ਵਸੀਲਾ ਸਮਝੀ ਬੈਠੇ ਹਨ। ਚੁਣੇ ਗਏ ਮੈਂਬਰਾਂ ਦਾ ਧਿਆਨ ਵੀ 'ਆਪਣੇ ਬੰਦੇ' ਭਰਤੀ ਕਰਵਾਉਣ ਵੱਲ ਹੀ ਰਹਿੰਦਾ ਹੈ। ਇਸ ਸਮੇਂ ਸ਼੍ਰੋਮਣੀ ਕਮੇਟੀ ਦੀ ਨੌਕਰਸ਼ਾਹੀ ਸਮੁੱਚੇ ਗੁਰਦੁਆਰਾ ਪ੍ਰਬੰਧ ਉੱਪਰ ਭਾਰੂ ਹੋ ਚੁੱਕੀ ਹੈ ਅਤੇ ਧਾਰਮਿਕ ਸ਼ਰਧਾ ਤੇ ਧਰਮ ਪ੍ਰਚਾਰ ਵਲੋਂ ਪੂਰੀ ਤਰਾਂ ਅਵੇਸਲੀ ਹੈ। ਵਿਦਵਾਨ ਪ੍ਰਚਾਰਕ ਕਿੱਥੇ ਗਏ ? ਹਾਸੋਹੀਣੀ ਗੱਲ ਇਹ ਵੀ ਹੈ ਕਿ ਜਿਸ ਭਾਈਚਾਰੇ ਨੇ ਭਾਰਤ ਵਰਗੇ ਵਿਸ਼ਾਲ ਦੇਸ਼ ਨੂੰ ਸਕੁਸ਼ਲ ਪ੍ਰਧਾਨ ਮੰਤਰੀ, ਚੀਫ਼ ਜਸਟਿਸ, ਫ਼ੌਜੀ ਜਰਨੈਲ, ਏਅਰ ਮਾਰਸ਼ਲ, ਅਨੇਕਾਂ ਸਕੁਸ਼ਲ ਅਫ਼ਸਰ, ਵਿਗਿਆਨਕ ਅਤੇ ਨਾਮੀ ਅਰਥ ਸ਼ਾਸਤਰੀ ਦਿੱਤੇ, ਉਹੀ ਕੌਮ ਅੱਜ ਆਪਣੇ ਧਰਮ ਅਸਥਾਨਾਂ ਦੇ ਪ੍ਰਬੰਧ ਵਿਚ ਪਸਰੀ ਅਰਾਜਕਤਾ ਅਤੇ ਭ੍ਰਿਸ਼ਟਾਚਾਰ ਸਾਹਮਣੇ ਮਾਸੂਮ ਬਣੀ ਖੜੀ ਹੈ।ਅੰਤ ਵਿਚ ਗੁਰਦੁਆਰਾ ਪ੍ਰਬੰਧ ਦੀ ਇਸ ਹਾਲਤ ਲਈ ਸਿੱਖਾਂ ਦੇ ਵਿਸ਼ੇਸ਼ ਵਰਗ ਦੀ ਭੂਮਿਕਾ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਉਨਾਂ 'ਤੇ ਗੁਰੂ ਦੀ 'ਮਿਹਰ' ਹੋਈ ਪਰ ਉਨਾਂ ਨੇ ਪੰਥਕ ਮੁੱਖ ਧਾਰਾ ਵਲੋਂ ਸਦਾ ਮੂੰਹ ਮੋੜੀ ਰੱਖਿਆ। ਗੁਰਦੁਆਰਾ ਸੁਧਾਰ ਲਹਿਰ ਸਮੇਂ ਸ. ਬ. ਮਹਿਤਾਬ ਸਿੰਘ ਐਡਵੋਕੇਟ ਜਨਰਲ, ਪੰਜਾਬ ਅਸਤੀਫ਼ਾ ਦੇ ਕੇ ਇਸ ਲਹਿਰ ਵਿਚ ਸ਼ਾਮਿਲ ਹੋਏ ਅਤੇ ਉਨਾਂ ਪੰਥਕ ਸੇਵਾ ਦਾ ਪਿੜ ਜਾ ਮੱਲਿਆ। ਉਸ ਸਮੇਂ ਹੋਰ ਵੀ ਕਈ ਫ਼ੌਜੀ/ਸਿਵਲ ਅਫ਼ਸਰ ਨਿੱਤਰੇ। ਜਦੋਂ ਗੁਰਦੁਆਰਾ ਐਕਟ ਪਾਸ ਹੋ ਗਿਆ ਤਾਂ ਸ: ਮਹਿਤਾਬ ਸਿੰਘ ਲਾਹੌਰ ਹਾਈ ਕੋਰਟ ਵਿਚ ਵਕਾਲਤ ਕਰਨ ਲੱਗੇ। ਕਈ ਗੰਭੀਰ ਸਥਿਤੀਆਂ ਵਿਚ ਵਿਸ਼ੇਸ਼ ਵਰਗ ਵਾਲੇ ਸਿੱਖ, ਚੁੱਪ ਕਰਕੇ ਸਮਾਂ ਸਾਰ ਲੈਂਦੇ ਹਨ। ਸਾਧਾਰਨ ਸਿੱਖ ਨੂੰ ਉਨਾਂ ਦਾ ਇਹ ਰਵੱਈਆ ਅੱਖਰਦਾ ਹੈ। ਇਸ ਵਰਗ ਵਿਚ ਕਈ ਪ੍ਰਮੁੱਖ ਦਿਆਨਤਦਾਰ ਅਤੇ ਨਿਰਛਲ ਲੋਕ ਸ਼੍ਰੋਮਣੀ ਕਮੇਟੀ ਦੀ ਪ੍ਰਬੰਧਕੀ ਪ੍ਰਣਾਲੀ ਵਿਚ ਸੁਧਾਰ ਲਈ ਰਾਹਨੁਮਾਈ ਦੇ ਸਕਦੇ ਹਨ। ਪਰ ਸਿਆਸੀ ਨੇਤਾ ਅਤੇ ਸ਼੍ਰੋਮਣੀ ਕਮੇਟੀ ਦੀ ਨੌਕਰਸ਼ਾਹੀ ਕਿਸੇ ਵੀ ਅਸਰਦਾਰ ਸੁਧਾਰ ਦੇ ਰਾਹ ਵਿਚ ਵੱਡੀ ਰੋਕ ਅਤੇ ਪੰਥਕ ਨਮੋਸ਼ੀ ਦਾ ਕਾਰਨ ਬਣੇ ਰਹਿਣਗੇ।

**- ਸਾਬਕਾ (ਪ੍ਰੋ) ਵਾਈਸ ਚਾਂਸਲਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

# ਦਿੱਲੀ ਹਿੰਸਾ 'ਤੇ ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ 'ਚ ਪੁਲਿਸ 'ਤੇ ਲੱਗੇ ਗੰਭੀਰ ਇਲਜ਼ਾਮ

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਮਨੁੱਖੀ ਅਧਿਕਾਰਾਂ 'ਤੇ ਕੰਮ ਕਰ ਰਹੇ ਕੌਮਾਂਤਰੀ ਗ਼ੈਰ-ਸਰਕਾਰੀ ਸੰਗਠਨ 'ਐਮਨੈਸਟੀ ਇੰਟਨੈਸ਼ਨਲ' ਨੇ ਉਤਰ-ਪੂਰਵੀ ਦਿੱਲੀ ਵਿੱਚ ਇਸ ਸਾਲ ਫਰਵਰੀ ਵਿੱਚ ਹੋਈ ਹਿੰਸਾ 'ਤੇ ਆਪਣੀ ਸੁਤੰਤਰ ਜਾਂਚ ਰਿਪੋਰਟ ਜਾਰੀ ਕੀਤੀ ਹੈ। ਰਿਪੋਰਟ ਵਿੱਚ ਦਿੱਲੀ ਪੁਲਿਸ 'ਤੇ ਦੰਗੇ ਨਾ ਰੋਕਣ, ਉਨ੍ਹਾਂ ਵਿੱਚ ਸ਼ਾਮਲ ਹੋਣ, ਫੋਨ 'ਤੇ ਮਦਦ ਮੰਗਣ 'ਤੇ ਮਨ੍ਹਾਂ ਕਰਨ, ਪੀੜਤ ਲੋਕਾਂ ਨੂੰ ਹਸਪਤਾਲ ਤੱਕ ਪਹੁੰਚਣ ਤੋਂ ਰੋਕਣ, ਖ਼ਾਸ ਤੌਰ 'ਤੇ ਮੁਸਲਮਾਨ ਭਾਈਚਾਰੇ ਦੇ ਨਾਲ ਕੁੱਟਮਾਰ ਕਰਨ ਵਰਗੇ ਗੰਭੀਰ ਇਲਜ਼ਾਮ ਲਗਾਏ ਗਏ ਹਨ। ਰਿਪੋਰਟ ਇਹ ਵੀ ਦੱਸਦੀ ਹੈ ਕਿ ਦਿੱਲੀ ਪੁਲਿਸ 'ਤੇ ਮਨੁੱਖੀ ਅਧਿਕਾਰ ਉਲੰਘਣਾ ਦੇ ਇਲਜ਼ਾਮ ਦੇ ਇੱਕ ਵੀ ਮਾਮਲੇ ਵਿੱਚ ਹੁਣ ਤੱਕ ਐਫਆਈਆਰ ਦਰਜ ਨਹੀਂ ਹੋਈ ਹੈ। ਐਮਨੈਸਟੀ ਇੰਟਰਨੈਸ਼ਨਲ ਦੇ ਕਾਰਜਕਾਰੀ ਨਿਰਦੇਸ਼ਕ ਅਵਿਨਾਸ਼ ਕੁਮਾਰ ਮੁਤਾਬਕ ਰਿਪੋਰਟ ਜਾਰੀ ਕਰਨ ਤੋਂ ਪਹਿਲਾਂ ਸੰਸਥਾ ਨੇ ਦਿੱਲੀ ਪੁਲਿਸ ਦਾ ਪੱਖ ਜਾਣਨ ਲਈ ਉਨ੍ਹਾਂ ਨੂੰ ਸੰਪਰਕ ਕੀਤਾ ਪਰ ਉਨ੍ਹਾਂ ਨੂੰ ਇੱਕ ਹਫ਼ਤੇ ਤੱਕ ਕੋਈ ਜਵਾਬ ਨਹੀਂ ਮਿਲਿਆ।

ਮਾਰਚ ਵਿੱਚ ਦਿੱਲੀ ਪੁਲਿਸ ਦੇ ਜੁਆਇੰਟ ਪੁਲਿਸ ਕਮਿਸ਼ਨਰ ਆਲੋਕ ਕੁਮਾਰ ਨੇ ਇੱਕ ਇੰਟਰਵਿਊ ਵਿੱਚ ਦੰਗਿਆਂ ਦੌਰਾਨ ਪੁਲਿਸ ਦੇ ਮੂਕ ਦਰਸ਼ਕ ਬਣੇ ਰਹਿਣ ਦੇ ਇਲਜ਼ਾਮ ਤੋਂ ਇਨਕਾਰ ਕੀਤਾ ਸੀ।

ਇਸ ਤੋਂ ਪਹਿਲਾਂ ਦਿੱਲੀ ਘੱਟ ਗਿਣਤੀ ਕਮਿਸ਼ਨ ਨੇ ਵੀ ਦਿੱਲੀ ਦੰਗਿਆਂ 'ਤੇ ਇੱਕ ਫੈਕਟ-ਫਾਈਡਿੰਗ ਰਿਪੋਰਟ ਜੁਲਾਈ ਵਿੱਚ ਜਾਰੀ ਕੀਤੀ ਸੀ। ਇਸ ਵਿੱਚ ਕਈ ਪੀੜਤਾਂ ਨੇ ਪੁਲਿਸ ਵੱਲੋਂ ਐਫਆਈਆਰ ਨਾ ਦਰਜ ਕਰਨ, ਸਮਝੌਤਾ ਕਰਨ ਲਈ ਧਮਕਾਉਣ ਅਤੇ ਉਨ੍ਹਾਂ 'ਤੇ ਹਿੰਸਾ ਦਾ ਇਲਜ਼ਾਮ ਲਗਾ ਕੇ ਦੂਜੇ ਮਾਮਲਿਆਂ ਵਿੱਚ ਮੁਲਜ਼ਮ ਬਣਾਉਣ ਦੀ ਸ਼ਿਕਾਇਤ ਕੀਤੀ ਸੀ।

ਇਸ ਦੇ ਨਾਲ ਹੀ ਦਿੱਲੀ ਪੁਲਿਸ 'ਤੇ ਦੰਗਿਆਂ ਨੂੰ ਮੁਸਲਮਾਨ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਦੀ ਥਾਂ ਗ਼ਲਤ ਤਰੀਕੇ ਨਾਲ ਦੋ ਭਾਈਚਾਰਿਆਂ ਵਿਚਾਲੇ ਝਗੜਾ ਬਣਾ ਕੇ ਪੇਸ਼ ਕਰਨ ਦਾ ਇਲਜ਼ਾਮ ਲਗਾਇਆ ਗਿਆ ਸੀ। ਦਿੱਲੀ ਪੁਲਿਸ ਕਮਿਸ਼ਨਰ ਨੇ ਕਮਿਸ਼ਨ ਦੇ ਕਿਸੇ ਸਵਾਲ ਦਾ ਜਵਾਬ ਨਹੀਂ ਦਿੱਤਾ ਸੀ।

### ਦੰਗਿਆਂ ਤੋਂ ਪਹਿਲਾਂ ਪੁਲਿਸ ਦੀ ਭੂਮਿਕਾ

ਐਮਨੈਸਟੀ ਇੰਟਰਨੈਸ਼ਨਲ ਦੀ ਇਹ ਰਿਪੋਰਟ 50 ਦੰਗਾ ਪੀੜਤਾਂ, ਚਸ਼ਮਦੀਦਾਂ, ਵਕੀਲਾਂ, ਡਾਕਟਰਾਂ, ਮਨੁੱਖੀ ਅਧਿਕਾਰ ਅੰਦੋਲਨਕਾਰੀਆਂ, ਸੇਵਾਮੁਕਤ ਪੁਲਿਸ ਅਫ਼ਸਰਾਂ ਨਾਲ ਗੱਲਬਾਤ ਅਤੇ ਲੋਕਾਂ ਵੱਲੋਂ ਬਣਾਏ ਗਏ ਵੀਡੀਓ ਦੇ ਅਧਿਐਨ 'ਤੇ ਆਧਾਰਿਤ ਹੈ।

> **- ਕਿਹਾ ਕਿ ਦਿੱਲੀ ਪੁਲੀਸ ਮੁਸਲਮਾਨਾਂ ਨਾਲ ਕੁੱਟਮਾਰ ਕਰਨ ਤੇ ਦੰਗੇ ਕਰਾਉਣ 'ਚ ਸ਼ਾਮਲ**
> **- ਦਿੱਲੀ ਪੁਲਿਸ 'ਤੇ ਮਨੁੱਖੀ ਅਧਿਕਾਰ ਉਲੰਘਣਾ ਦੇ ਇਲਜ਼ਾਮ ਦੇ ਇੱਕ ਵੀ ਮਾਮਲੇ ਵਿੱਚ ਹੁਣ ਤੱਕ ਐਫਆਈਆਰ ਦਰਜ ਨਹੀਂ ਹੋਈ**
> **- ਹਿੰਸਾ ਵਿੱਚ ਮਾਰੇ ਜਾਣ ਵਾਲੇ 53 ਲੋਕਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਹਨ ਤੇ ਹਿੰਦੂ ਭਾਈਚਾਰੇ ਦੇ ਮੁਕਾਬਲੇ ਉਨ੍ਹਾਂ ਦੇ ਘਰ-ਦੁਕਾਨਾਂ ਅਤੇ ਸਮਾਨ ਨੂੰ ਜ਼ਿਆਦਾ ਨੁਕਸਾਨ ਹੋਇਆ**

ਇਸ ਵਿੱਚ ਸਭ ਤੋਂ ਪਹਿਲਾਂ 15 ਦਸੰਬਰ 2019 ਦੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਵਿੱਚ ਦਿੱਲੀ ਪੁਲਿਸ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਨਾਲ ਕੁੱਟਮਾਰ ਅਤੇ ਜਿਣਸੀ ਸੋਸ਼ਣ ਦੇ ਇਲਜ਼ਾਮਾਂ ਦਾ ਜ਼ਿਕਰ ਹੈ। ਇਸ ਵਾਰਦਾਤ ਦੀ ਜਾਂਚ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾਏ ਜਾਣ ਲਈ ਦਰਜ ਜਨਹਿਤ ਪਟੀਸ਼ਨਾਂ ਦਾ ਦਿੱਲੀ ਹਾਈ ਕੋਰਟ ਵਿੱਚ ਦਿੱਲੀ ਪੁਲਿਸ ਨੇ ਵਿਰੋਧ ਕੀਤਾ ਹੈ।

ਇਸ ਤੋਂ ਬਾਅਦ 5 ਜਨਵਰੀ 2020 ਨੂੰ ਜੇਐਨਯੂ ਵਿੱਚ ਰਾਡਾਂ ਨਾਲ ਤੋੜ-ਫੋੜ ਤੇ ਕਰੀਬ ਦੋ ਦਰਜਨ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਨਾਲ ਕੁੱਟਮਾਰ ਦਾ ਬਿਓਰਾ ਹੈ। ਇਸ ਮਾਮਲੇ ਵਿੱਚ ਜੇਐਨਯੂ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ 40 ਤੋਂ ਵੱਧ ਸ਼ਿਕਾਇਤਾਂ ਦਰਜ ਕਰਨ ਤੋਂ ਬਾਅਦ ਵੀ ਪੁਲਿਸ ਨੇ ਇੱਕ ਵੀ ਐਫਆਈਆਰ ਦਰਜ ਨਹੀਂ ਕੀਤੀ ਹੈ। ਹਾਲਾਂਕਿ, ਜੇਐਨਯੂ ਵਿਦਿਆਰਥੀ ਸੰਘ ਦੀ ਆਇਸ਼ੀ ਘੋਸ਼ ਸਣੇ ਕੁੱਟਮਾਰ ਵਿੱਚ ਜ਼ਖ਼ਮੀ ਹੋਏ ਕੁਝ ਸੀਏਏ-ਵਿਰੋਧੀ ਪ੍ਰਦਰਸ਼ਕਾਰੀਆਂ ਦੇ ਖ਼ਿਲਾਫ਼ ਐਫਆਈਆਰ ਉਦੋਂ ਹੀ ਦਰਜ ਕਰ ਲਈ ਗਈ ਸੀ। ਰਿਪੋਰਟ ਵਿੱਚ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਨਵਰੀ ਮਹੀਨੇ ਵਿੱਚ ਹੋਈਆਂ ਕਈ ਚੋਣ ਰੈਲੀਆਂ ਵਿੱਚ ਭਾਜਪਾ ਨੇਤਾਵਾਂ ਦੇ ਭੜਕਾਊ ਭਾਸ਼ਣਾਂ ਦੀ ਜਾਣਕਾਰੀ ਵੀ ਮਿਲਦੀ ਹੈ।

26 ਜਨਵਰੀ 2020 ਨੂੰ ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲਿਸ ਨੂੰ ਇੱਕ 'ਕਾਨਸ਼ੀਅਸ ਡਿਸੀਜ਼ਨ' (ਸੋਚਿਆ ਸਮਝੇ ਫ਼ੈਸਲੇ) ਤਹਿਤ ਭਾਜਪਾ ਨੇਤਾ ਕਪਿਲ ਮਿਸ਼ਰਾ, ਲੋਕ ਸਭਾ ਮੈਂਬਰ ਪਰਵੇਸ਼ ਵਰਮਾ ਤੇ ਅਨੁਰਾਗ ਠਾਕੁਰ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਆਦੇਸ਼ ਦਿੱਤਾ। ਇਨ੍ਹਾਂ ਵਿੱਚੋਂ ਇੱਕ ਦੇ ਵੀ ਖ਼ਿਲਾਫ਼ ਹੁਣ ਤੱਕ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ।

ਜੁਲਾਈ ਵਿੱਚ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਮੁਖ਼ਤਾਰ ਅੱਬਾਸ ਨਕਵੀ ਨੇ ਮੰਨਿਆ ਸੀ ਕਿ ਭੜਕਾਊ ਭਾਸ਼ਣ ਗਲ਼ਤ ਸਨ, ਜੋ ਸੈਕੂਲਰ ਕੈਰੇਕਟਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਹਨ।

### ਹਿੰਸਾ ਦੌਰਾਨ ਪੁਲਿਸ ਦੀ ਭੂਮਿਕਾ

ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਵਿੱਚ ਕਈ ਹਿੰਸਾ ਪੀੜਤਾਂ ਨੇ ਆਪਣੇ ਬਿਆਨਾਂ ਵਿੱਚ ਇਹ ਦਾਅਵਾ ਕੀਤਾ ਹੈ ਕਿ ਜਦੋਂ ਉਨ੍ਹਾਂ ਨੇ ਦਿੱਲੀ ਪੁਲਿਸ ਦੇ ਐਮਰਜੈਂਸੀ ਨੰਬਰ 100 'ਤੇ ਫੋਨ ਕੀਤਾ ਤਾਂ ਜਾਂ ਤਾਂ ਕਿਸੇ ਨੇ ਚੁੱਕਿਆ ਨਹੀਂ ਜਾਂ ਫਿਰ ਪਲਟ ਕੇ ਕਿਹਾ, "ਤੁਸੀਂ ਅਜ਼ਾਦੀ ਮੰਗਦੇ ਸੀ ਨਾ, ਹੁਣ ਲੈ ਲਓ ਆਜ਼ਾਦੀ।"

ਰਿਪੋਰਟ ਵਿੱਚ ਪੁਲਿਸ ਵੱਲੋਂ ਪੰਜ ਨੌਜਵਾਨਾਂ ਨੂੰ ਜੁੱਤੀਆਂ ਨਾਲ ਮਾਰਨ ਦਾ ਵੀਡੀਓ ਅਤੇ ਉਨ੍ਹਾਂ ਵਿੱਚੋਂ ਇੱਕ ਦੀ ਮਾਂ ਨਾਲ ਗੱਲਬਾਤ ਸ਼ਾਮਲ ਹੈ ਜੋ ਦਾਅਵਾ ਕਰਦੀ ਹੈ ਕਿ ਉਨ੍ਹਾਂ ਦੇ ਬੇਟੇ ਨੂੰ 36 ਘੰਟੇ ਜੇਲ੍ਹ ਵਿੱਚ ਰੱਖਿਆ ਗਿਆ ਸੀ ਅਤੇ ਛੁਟਣ ਤੋਂ ਬਾਅਦ ਉਸ ਦੀ ਮੌਤ ਹੋ ਗਈ ਸੀ। ਰਿਪੋਰਟ ਵਿੱਚ ਹਿੰਸਾ ਦੌਰਾਨ ਪੁਲਿਸ ਦੇ ਮੂਕ ਦਰਸ਼ਕ ਬਣੇ ਰਹਿਣ ਅਤੇ ਕੁਝ ਮਾਮਲਿਆਂ ਵਿੱਚ ਪੱਥਰਬਾਜੀ ਵਿੱਚ ਸ਼ਾਮਲ ਹੋਣ ਅਤੇ ਪੀੜਤਾਂ ਨੂੰ ਹਸਪਤਾਲਾਂ ਤੱਕ ਪਹੁੰਚਣ ਵਿੱਚ ਰੋਕਣ ਦੇ ਮਾਮਲਿਆਂ ਦਾ ਵੀ ਬਿਓਰਾ ਹੈ।

### ਮੁਸਲਮਾਨਾਂ ਦਾ ਵਧ ਨੁਕਸਾਨ

ਦਿੱਲੀ ਹਿੰਸਾ ਵਿੱਚ ਮਾਰੇ ਜਾਣ ਵਾਲੇ 53 ਲੋਕਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਹਨ ਤੇ ਹਿੰਦੂ ਭਾਈਚਾਰੇ ਦੇ ਮੁਕਾਬਲੇ ਉਨ੍ਹਾਂ ਦੇ ਘਰ-ਦੁਕਾਨਾਂ ਅਤੇ ਸਮਾਨ ਨੂੰ ਜ਼ਿਆਦਾ ਨੁਕਸਾਨ ਹੋਇਆ ਹੈ। ਰਿਪੋਰਟ ਮੁਤਾਬਕ ਜਦੋਂ ਉਨ੍ਹਾਂ ਨੇ ਇੱਕ ਸਕੂਲ ਦੇ ਹਿੰਦੂ ਕੇਅਰਟੇਕਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਪੁਲਿਸ ਨੂੰ ਵਾਰ-ਵਾਰ ਫੋਨ ਕਰਨ 'ਤੇ ਵੀ ਮਦਦ ਨਾ ਮਿਲਣ ਦੀ ਗੱਲ ਕੀਤੀ ਪਰ ਇਸ ਦੇ ਨਾਲ ਹੀ ਪੁਲਿਸ ਪ੍ਰਤੀ ਸੰਵੇਦਨਸ਼ੀਲ ਰਵੱਈਆ ਅਪਣਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਵੱਲੋਂ ਮਦਦ ਲਈ ਨਾ ਆਉਣ ਦਾ ਕਾਰਨ ਦੰਗਾਈਆਂ ਵੱਲੋਂ ਰਸਤਾ ਰੋਕਿਆ ਜਾਣਾ ਸੀ।

ਦੰਗਿਆਂ ਨੂੰ ਹਿੰਦੂ-ਵਿਰੋਧੀ ਦੱਸਣ ਵਾਲੀ ਰਿਪੋਰਟ, ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੌਂਪੀ ਗਈ, 'ਸੈਂਟਰ ਫਾਰ ਜਸਟਿਸ' (ਸੀਐਫਜੇ) ਨਾਮ ਦੇ ਇੱਕ ਟਰੱਸਟ ਦੀ ਰਿਪੋਰਟ 'ਦਿੱਲੀ ਰਾਇਟਸ: ਕਾਨਸਪੀਰੇਸੀ ਅਨਰੈਵਲਡ' ਵਿੱਚ ਵੀ ਦਿੱਲੀ ਪੁਲਿਸ ਨੂੰ ਲੈ ਕੇ ਇਹੀ ਉਦਾਰਵਾਦੀ ਰਵੱਈਆ ਦਿਖਾਈ ਦਿੰਦਾ ਹੈ।

ਦੰਗਿਆਂ 'ਤੇ ਪਹਿਲਾਂ ਆਈ ਰਿਪੋਰਟ ਤੋਂ ਵੱਖ, ਐਮਨੈਸਟੀ ਇੰਟਰਨੈਸ਼ਨਲ ਦੀ ਤਹਿਕੀਕਾਤ ਦੰਗਿਆਂ ਤੋਂ ਬਾਅਦ ਹੋਈ ਪੁਲਿਸ ਦੀ ਜਾਂਚ 'ਤੇ ਵੀ ਨਜ਼ਰ ਮਾਰਦੀ ਹੈ ਅਤੇ ਉਸ 'ਤੇ ਦੰਗਿਆਂ ਤੋਂ ਬਾਅਦ ਮੁਸਲਮਾਨ ਨੂੰ ਵੱਡੀ ਗਿਣਤੀ ਵਿੱਚ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ 'ਤੇ ਕਾਰਵਾਈ ਕਰਨ ਦਾ ਇਲਜ਼ਾਮ ਲਗਾਉਂਦੀ ਹੈ।

ਮਨੁੱਖੀ ਅਧਿਕਾਰ ਕਾਰਕੁਨ ਖਾਲਿਦ ਸੈਫ਼ੀ ਦੀ ਫਰਵਰੀ ਵਿੱਚ ਪ੍ਰਦਰਸ਼ਨ ਕਰਕੇ ਹੋਈ ਗ੍ਰਿਫ਼ਤਾਰੀ ਦਾ ਜ਼ਿਕਰ ਕਰਕੇ ਇਹ ਦਾਅਵਾ ਕੀਤਾ ਗਿਆ ਹੈ ਕਿ ਪੁਲਿਸ ਹਿਰਾਸਤ ਵਿੱਚ ਉਨ੍ਹਾਂ ਨਾਲ ਜੋ ਸਲੂਕ ਹੋਇਆ ਉਸ ਕਾਰਨ ਉਹ ਮਾਰਚ ਵਿੱਚ ਆਪਣੀ ਪੇਸ਼ੀ ਲਈ ਵ੍ਹੀਲਚੇਅਰ 'ਤੇ ਆਏ। ਸੈਫ਼ੀ 6 ਮਹੀਨੇ ਤੋਂ ਜੇਲ੍ਹ ਵਿੱਚ ਹਨ।

**ਬਾਕੀ ਸਫ਼ਾ 32 'ਤੇ**



# Gary Singh
## FOR UNION CITY CITY COUNCIL

### ENDORSEMENTS

Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

# Gary Singh,
## The Voice of Small Business

### ACCOMPLISHMENTS

- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

### PRIORITIES

- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

PAID FOR BY GARY SINGH FOR CITY COUNCIL 2020. FPPC #1425084

# RE - ELECT for City Council
# Gary Singh
## THE VOICE OF SMALL BUSINESS

*Gary Singh is a Union City small business owner and an advocate for other small businesses in our community.*



FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com

**On November 3, Remember to VOTE for**
**Gary Singh for Union City, City Council!**

# ALL STATE HOMES



GURDIP KAUR
REAL ESTATE AGENT
&
MOBILE NOTARY PUBLIC

CALDRE. #02032641

EMAIL: realtorgurdip@gmail.com

PO BOX 231992
SACRAMENTO 95823

916-695-0035, 916-603-4437

# Website Design & Development

→ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
→ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

### SERVICES
- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਮਰਿਆਦਾ ਭੁੱਲ ਕੇ ਕੂੜ ਪ੍ਰਚਾਰਕ ਬਣੇ ਨਿਊਜ਼ ਚੈਨਲ



**- ਬਲਰਾਜ ਸਿੱਧੂ ਐੱਸਪੀ**

ਮੀਡੀਆ

ਕੁਝ ਇਕ ਨੂੰ ਛੱਡ ਕੇ ਭਾਰਤੀ ਇਲੈਕਟ੍ਰਾਨਿਕ ਮੀਡੀਆ (ਨਿਊਜ਼ ਚੈਨਲ) ਇਸ ਵੇਲੇ ਨੈਤਿਕਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਭਾਰਤ ਦੀ ਡੁੱਬਦੀ ਹੋਈ ਅਰਥ ਵਿਵਸਥਾ, ਰਸਾਤਲ ਵੱਲ ਜਾ ਰਹੀ ਜੀਡੀਪੀ, ਭੁੱਖਮਰੀ, ਗ਼ਰੀਬੀ, ਨਾਬਰਾਬਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਕੋਰੋਨਾ ਆਦਿ ਦੇ ਪ੍ਰਕੋਪ ਨੂੰ ਭੁੱਲ ਕੇ ਅਰਥਹੀਣ ਖ਼ਬਰਾਂ ਦਾ ਕਚੂੰਮਰ ਕੱਢਣ 'ਤੇ ਲੱਗੇ ਹੋਏ ਹਨ। ਪੁਲਵਾਮਾ ਵਿਖੇ (14 ਫਰਵਰੀ 2019) ਸੀਆਰਪੀਐੱਫ 'ਤੇ ਹੋਏ ਫਿਦਾਈਨ ਹਮਲੇ ਅਤੇ ਚੀਨ ਨਾਲ ਚੱਲ ਰਹੇ ਸਰਹੱਦੀ ਵਿਵਾਦ ਵੇਲੇ ਤਾਂ ਅਜਿਹੇ ਚੈਨਲਾਂ ਨੇ ਜਨਤਾ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਸੀ ਕਿ ਬਸ ਜੰਗ ਲੱਗੀ ਕਿ ਲੱਗੀ।

ਖ਼ਬਰਾਂ ਵੇਖ ਕੇ ਲੱਗਦਾ ਸੀ ਕਿ ਭਾਰਤੀ ਫ਼ੌਜ ਚੀਨ ਅਤੇ ਪਾਕਿਸਤਾਨ ਵੱਲ ਕੂਚ ਕਰਨ ਲਈ ਬਸ ਚੈਨਲਾਂ ਦੇ ਹੁਕਮਾਂ ਦੀ ਉਡੀਕ ਕਰ ਰਹੀ ਹੈ। ਨਿਊਜ਼ ਐਂਕਰ ਇਸ ਤਰਾਂ ਉੱਛਲ-ਕੁੱਦ ਰਹੇ ਸਨ ਜਿਵੇਂ ਭਾਰਤ ਦੀਆਂ ਅੰਤਰ ਮਹਾਦੀਪੀ ਮਿਜ਼ਾਈਲਾਂ ਦਾ ਕੰਟਰੋਲ ਇਨਾਂ ਦੇ ਹੱਥ 'ਚ ਹੋਵੇ। ਚੀਨ ਨੂੰ ਤਾਂ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ ਕਾਨਪੁਰ ਦੇ ਬਦਮਾਸ਼ ਵਿਕਾਸ ਦੂਬੇ ਦਾ, ਜਿਸ ਨੇ ਅੱਠ ਪੁਲਿਸ ਵਾਲਿਆਂ ਦੀ ਹੱਤਿਆ ਕਰ ਕੇ ਉਸ ਨੂੰ ਤਬਾਹੀ ਤੋਂ ਬਚਾ ਲਿਆ! ਇਸ ਹੱਤਿਆਕਾਂਡ ਤੋਂ ਬਾਅਦ ਸਾਰੇ ਚੈਨਲਾਂ ਵਾਲੇ ਚੀਨ ਅਤੇ ਪਾਕਿਸਤਾਨ ਨੂੰ ਭੁੱਲ ਕੇ ਵਿਕਾਸ ਦੂਬੇ ਦੇ ਪਿੱਛੇ ਹੱਥ ਧੋ ਕੇ ਪੈ ਗਏ। ਲੋਕਾਂ ਦੀ ਵਿਕਾਸ ਦੂਬੇ ਦੀਆਂ ਖ਼ਬਰਾਂ ਤੋਂ ਉਸ ਵੇਲੇ ਜਾਨ ਛੁੱਟੀ ਜਦੋਂ ਉਸ ਦਾ 10 ਜੁਲਾਈ ਨੂੰ ਇਕ ਪੁਲਿਸ ਮੁਕਾਬਲੇ ਵਿਚ ਅੰਤ ਹੋ ਗਿਆ। ਫਿਰ ਸਾਡੇ ਮਹਾਨਾਇਕ ਅਮਿਤਾਭ ਬੱਚਨ ਅਤੇ ਉਸ ਦੇ ਪਰਿਵਾਰ ਨੂੰ ਕੋਰੋਨਾ ਹੋ ਗਿਆ। ਸਾਰੇ ਚੈਨਲ ਕੈਮਰੇ ਲੈ ਕੇ ਉਸ ਦੇ ਘਰ ਅਤੇ ਹਸਪਤਾਲ ਵਿਚ ਵੜਨ ਤਕ ਪਹੁੰਚ ਗਏ। ਟੀਵੀ 'ਤੇ ਸਿਰਫ਼ ਇਹ ਖ਼ਬਰਾਂ ਆਉਣ ਲੱਗੀਆਂ ਕਿ ਅੱਜ ਅਮਿਤਾਭ ਬੱਚਨ ਨੇ ਥੋੜੇ ਜਿਹੇ ਦਹੀਂ-ਚੌਲ ਖਾਧੇ ਹਨ, ਅੱਜ ਉਸ ਨੇ ਜੂਸ ਪੀਤਾ ਅਤੇ ਅੱਜ ਉਸ ਨੇ ਚਾਰ ਘੰਟੇ ਨੀਂਦ ਲਈ ਹੈ। ਸਾਰੇ ਚੈਨਲਾਂ ਨੂੰ ਇਹ ਪਰੇਸ਼ਾਨੀ ਸੀ ਕਿ ਜਯਾ ਬੱਚਨ ਨੂੰ ਕੋਰੋਨਾ ਕਿਉਂ ਨਹੀਂ ਹੋਇਆ! ਕੀ ਉਸ ਦੀ ਅਮਿਤਾਭ ਬੱਚਨ ਨਾਲ ਨਹੀਂ ਬਣਦੀ? ਨਿਊਜ਼ ਚੈਨਲਾਂ ਦਾ ਸਭ ਤੋਂ ਤਾਜ਼ਾ ਸ਼ਿਕਾਰ ਬਣੀ ਹੈ ਆਤਮ ਹੱਤਿਆ ਕਰਨ ਵਾਲੇ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਦੀ ਪ੍ਰੇਮਿਕਾ ਰੀਆ ਚੱਕਰਵਰਤੀ। ਸਵੇਰ ਤੋਂ ਸ਼ਾਮ ਤਕ ਸਾਰੇ ਨਿਊਜ਼ ਚੈਨਲ ਸੁਸ਼ਾਂਤ ਸਿੰਘ ਰਾਜਪੂਤ ਦੀ ਆਤਮ ਹੱਤਿਆ ਨੂੰ ਹੱਤਿਆ ਦਾ ਰੂਪ ਦੇਣ 'ਚ ਰੁੱਝ ਗਏ ਹਨ। ਬਿਨਾਂ ਮੁਕੱਦਮਾ ਦਰਜ ਹੋਏ ਅਤੇ ਅਦਾਲਤੀ ਕੇਸ ਚੱਲੇ ਰੀਆ ਇਸ ਵੇਲੇ ਹੱਤਿਆ ਦੀ ਮੁਲਜ਼ਮ ਠਹਿਰਾ ਦਿੱਤੀ ਗਈ ਹੈ ਅਤੇ ਚੈਨਲ ਉਸ ਦੇ ਗਲੇ 'ਚ ਫਾਂਸੀ ਦਾ ਫੰਦਾ ਪਾਉਣ ਲਈ ਤਿਆਰ ਹੋਏ ਬੈਠੇ ਹਨ। ਇਕ ਚੈਨਲ ਨੇ ਤਾਂ ਪੱਤਰਕਾਰੀ ਦੀ ਮਰਿਆਦਾ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਇਹ ਦਾਅਵਾ ਕੀਤਾ ਕਿ ਸਾਡੇ ਕੋਲ ਸੁਸ਼ਾਂਤ ਸਿੰਘ ਰਾਜਪੂਤ ਦੀਆਂ ਅਜਿਹੀਆਂ ਐਕਸਕਲੂਸਿਵ ਤਸਵੀਰਾਂ ਹਨ ਜੋ ਪਹਿਲਾਂ ਕਦੇ ਵੀ ਵਿਖਾਈਆਂ ਨਹੀਂ ਗਈਆਂ ਅਤੇ ਉਸ ਦੀ ਲਾਸ਼ ਦੀਆਂ ਤਸਵੀਰਾਂ ਚੈਨਲ 'ਤੇ ਵਿਖਾ ਦਿੱਤੀਆਂ।

ਵੇਖ ਕੇ ਮਹਿਸੂਸ ਹੁੰਦਾ ਸੀ ਕਿ ਅਸਲ ਵਿਚ ਇਹ ਸੁਸ਼ਾਂਤ ਸਿੰਘ ਰਾਜਪੂਤ ਦੀਆਂ ਨਹੀਂ ਸਗੋਂ ਭਾਰਤੀ ਇਲੈਕਟ੍ਰਾਨਿਕ ਮੀਡੀਆ ਦੇ ਇਕ ਗ਼ੈਰ ਸੰਜੀਦਾ ਵਰਗ ਦੀਆਂ ਤਸਵੀਰਾਂ ਹਨ। ਇਸ ਤੋਂ ਘਿਨੌਣੀ ਕਰਤੂਤ ਅੱਜ ਤਕ ਕਿਸੇ ਨਿਊਜ਼ ਚੈਨਲ ਨੇ ਨਹੀਂ ਕੀਤੀ ਹੋਵੇਗੀ ਕਿ ਪੀੜਤ ਦੀ ਲਾਸ਼ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਇਸ ਸਾਰੇ ਘਟਨਾਚੱਕਰ 'ਚ ਰੀਆ ਚੱਕਰਵਰਤੀ ਨੂੰ ਸੁਸ਼ਾਂਤ ਸਿੰਘ ਰਾਜਪੂਤ ਨੂੰ ਡਰੱਗਜ਼ ਦੇਣ ਵਾਲੀ, ਉਸ ਦੇ ਪੈਸੇ ਹੜੱਪਣ ਵਾਲੀ ਅਤੇ ਕਤਲ ਕਰਨ ਵਾਲੀ ਔਰਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਨਿਊਜ਼ ਚੈਨਲਾਂ ਵਾਲੇ ਦਿਨ-ਰਾਤ ਉਸ ਦੀ ਬਿਲਡਿੰਗ ਦੇ ਬਾਹਰ ਕੈਮਰੇ ਲੈ ਕੇ ਬੈਠੇ ਹੋਏ ਉਸ ਦੇ ਪਰਿਵਾਰ ਨੂੰ ਤੰਗ-ਪਰੇਸ਼ਾਨ ਕਰ ਰਹੇ ਹਨ। ਇੱਥੋਂ ਤਕ ਕਿ ਇਕ ਦਿਨ ਉਨਾਂ ਨੂੰ ਖਾਣਾ ਪਹੁੰਚਾਉਣ ਲਈ ਆਏ ਜ਼ੋਮੈਟੋ ਦੇ ਡਲਿਵਰੀ ਵਾਲੇ ਨੂੰ ਵੀ ਘੇਰ ਲਿਆ ਗਿਆ। ਵਿਚਾਰੇ ਨੇ ਬਹੁਤ ਮੁਸ਼ਕਲ ਨਾਲ ਮੋਟਰਸਾਈਕਲ ਭਜਾ ਕੇ ਖਹਿੜਾ ਛੁਡਾਇਆ। ਚੈਨਲਾਂ ਦੀਆਂ ਇਨਾਂ ਵਧੀਕੀਆਂ ਕਾਰਨ ਪਤਾ ਨਹੀਂ ਰੀਆ ਦੇ ਪਰਿਵਾਰ 'ਤੇ ਕੀ ਗੁਜ਼ਰ ਰਹੀ ਹੋਵੇਗੀ? ਪੇਸ਼ੀ 'ਤੇ ਜਾਂਦੇ ਸਮੇਂ ਇਕ ਦਿਨ ਖਿਝੀ ਤੇ ਘਬਰਾਈ ਹੋਈ ਰੀਆ ਨੇ ਅੰਦਰੋਂ ਆਪਣੀ ਕਾਰ ਦੇ ਬੰਦ ਸ਼ੀਸ਼ੇ 'ਤੇ ਅਰਕ ਮਾਰ ਦਿੱਤੀ ਤਾਂ ਸਾਰਾ ਦਿਨ ਇਹੀ ਵਿਖਾਈ ਗਏ ਕਿ ਇਸ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਇਹ ਅਪਰਾਧੀ ਹੈ ਅਤੇ ਇਸ ਨੇ ਵਿਚਾਰੇ 'ਸ਼ਰੀਫ਼' ਚੈਨਲ ਵਾਲੇ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਇਹ ਸਾਰੀਆਂ ਵਾਹਯਾਤ ਹਰਕਤਾਂ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਤਫ਼ਤੀਸ਼ ਕਰ ਰਹੀ ਸੀਬੀਆਈ ਦੀ ਜਾਂਚ ਮੁਕੰਮਲ ਹੋਣ ਤੋਂ ਪਹਿਲਾਂ ਹੀ ਕੀਤੀਆਂ ਜਾ ਰਹੀਆਂ ਹਨ। ਇਹ ਅਜੇ ਸਾਬਤ ਨਹੀਂ ਹੋਇਆ ਕਿ ਰੀਆ ਦੋਸ਼ੀ ਹੈ ਜਾਂ ਨਹੀਂ ਅਤੇ ਕੀ ਸੁਸ਼ਾਂਤ ਸਿੰਘ ਰਾਜਪੂਤ ਦੇ ਪਰਿਵਾਰ ਵਾਲੇ ਉਸ 'ਤੇ ਬਿਨਾਂ ਵਜਾ ਇਲਜ਼ਾਮ ਲਗਾ ਰਹੇ ਹਨ? ਜੇ ਉਹ ਦੋਸ਼ੀ ਹੋਈ ਤਾਂ ਆਪੇ ਆਪਣਾ ਅੰਜਾਮ ਭੁਗਤ ਲਵੇਗੀ ਜਦਕਿ ਮੀਡੀਆ ਟਰਾਇਲ ਵਿਚ ਤਾਂ ਉਸ ਨੂੰ ਪਹਿਲਾਂ ਹੀ ਦੋਸ਼ੀ ਸਾਬਤ ਵੀ ਕਰ ਦਿੱਤਾ ਗਿਆ ਹੈ।

ਜਾਂਚ ਏਜੰਸੀਆਂ ਵੀ ਸ਼ੱਕ ਦੇ ਘੇਰੇ 'ਚ ਆ ਰਹੀਆਂ ਹਨ। ਉਹ ਜਾਣਬੁੱਝ ਕੇ ਜਾਂਚ ਦੇ ਕੁਝ ਸੰਵੇਦਨਸ਼ੀਲ ਹਿੱਸੇ ਜਿਵੇਂ ਰੀਆ ਅਤੇ ਸੁਸ਼ਾਂਤ ਦੀ ਵਟਸਐਪ ਚੈਟ, ਆਪਣੇ ਚਹੇਤੇ ਚੈਨਲਾਂ ਨੂੰ ਲੀਕ ਕਰ ਰਹੀਆਂ ਹਨ। ਸੁਸ਼ਾਂਤ ਸਿੰਘ ਰਾਜਪੂਤ ਦੇ ਡਾਕਟਰ ਨੇ ਤਾਂ ਹੋਰ ਵੀ ਕਮਾਲ ਦੀ ਬੇਸ਼ਰਮੀ ਵਿਖਾਈ ਹੈ। ਡਾਕਟਰ-ਮਰੀਜ਼ ਦੀ ਗੁਪਤਤਾ ਦੀ ਸਹੁੰ (ਹਿਪੋਕਰੈਟਿਕ ਓਥ) ਚੁੱਕੀ ਹੋਣ ਦੇ ਬਾਵਜੂਦ ਸ਼ੋਹਰਤ ਦੀ ਭੁੱਖ ਅਤੇ ਟੀਵੀ ਚੈਨਲਾਂ 'ਤੇ ਆਪਣੀ ਸ਼ਕਲ ਵਿਖਾਉਣ ਦੇ ਲਾਲਚ ਵਿਚ ਉਸ ਨੇ ਸੁਸ਼ਾਂਤ ਸਿੰਘ ਰਾਜਪੂਤ ਦੇ ਮਾਨਸਿਕ ਤੌਰ 'ਤੇ ਅਸੰਤੁਲਿਤ ਹੋਣ ਅਤੇ ਇਲਾਜ ਦੀ ਸਾਰੀ ਰਿਪੋਰਟ ਹੀ ਚੈਨਲਾਂ ਨੂੰ ਵੇਚ ਦਿੱਤੀ ਹੈ।

ਪਤਾ ਨਹੀਂ ਉਸ ਨੇ ਆਪਣੇ ਪੇਸ਼ੇ ਨਾਲ ਗ਼ਦਾਰੀ ਕਰਨ ਦੀ ਕਿੰਨੀ ਕੀਮਤ ਵਸੂਲੀ ਹੋਵੇਗੀ? ਆਪਣੀ ਸਫ਼ਾਈ ਦੇਣ ਲਈ ਰੀਆ ਨੇ ਪਿਛਲੇ ਹਫਤੇ ਇਕ ਭਰੋਸੇਯੋਗ ਸਮਝੇ ਜਾਣ ਵਾਲੇ ਟੀਵੀ ਚੈਨਲ 'ਤੇ ਇੰਟਰਵਿਊ ਦੇ ਕੇ ਮਾਮਲਾ ਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਸਭ ਵੀ ਉਸ ਦੇ ਉਲਟ ਗਿਆ।

ਬਾਕੀ ਸਾਰੇ ਚੈਨਲ ਅਤੇ ਸੋਸ਼ਲ ਮੀਡੀਆ ਵਾਲੇ ਚਾਕੂ ਤਿੱਖੇ ਕਰ ਕੇ ਉਸ ਅਤੇ ਚੈਨਲ ਦੇ ਪਿੱਛੇ ਪੈ ਗਏ ਕਿ ਇਹ ਸਿਰਫ਼ ਹਮਦਰਦੀ ਬਟੋਰਨ ਦਾ ਪਾਖੰਡ ਹੈ। ਰੀਆ ਚੱਕਰਵਰਤੀ ਦੇ ਚਿਹਰੇ 'ਤੇ ਕਿਸੇ ਤਰਾਂ ਦਾ ਦੁੱਖ ਦਿਖਾਈ ਨਹੀਂ ਦੇ ਰਿਹਾ ਸੀ ਅਤੇ ਉਸ ਨੇ ਰਵਾਇਤੀ ਸੋਗ ਵਾਲੇ ਕੱਪੜੇ ਪਾਉਣ ਦੀ ਬਜਾਏ ਜੀਨਜ਼-ਟੀ ਸ਼ਰਟ ਪਹਿਨ ਕੇ ਇੰਟਰਵਿਊ ਕਿਉਂ ਦਿੱਤੀ? ਰੀਆ ਚੱਕਰਵਰਤੀ ਨੇ ਲਗਪਗ ਰੋਂਦੇ ਹੋਏ ਦੱਸਿਆ ਕਿ ਕਿਵੇਂ ਚਿੱਕੜ ਉਛਾਲਣ ਵਾਲੇ ਬਿਜਲਈ ਮੀਡੀਆ ਦੇ ਪ੍ਰਚਾਰ ਨੇ ਉਸ ਦੀ ਅਤੇ ਉਸ ਦੇ ਪਰਿਵਾਰ ਦੀ ਜ਼ਿੰਦਗੀ ਨਰਕ ਬਣਾ ਕੇ ਰੱਖ ਦਿੱਤੀ ਹੈ। ਉਹ ਆਪਣੇ ਘਰ ਤੋਂ ਬਾਹਰ ਪੈਰ ਨਹੀਂ ਰੱਖ ਸਕਦੇ ਅਤੇ ਉਸ ਨੂੰ ਲਗਾਤਾਰ ਜਬਰ-ਜਨਾਹ ਅਤੇ ਕਤਲ ਦੀਆਂ ਧਮਕੀਆਂ ਮਿਲ ਰਹੀਆਂ ਹਨ।

ਇਲੈਕਟ੍ਰਾਨਿਕ ਮੀਡੀਆ ਨੇ ਰੀਆ ਚੱਕਰਵਰਤੀ ਨੂੰ ਦੋਸ਼ੀ ਐਲਾਨ ਦਿੱਤਾ ਹੈ ਭਾਵੇਂ ਕਿ ਅਜੇ ਸੀਬੀਆਈ ਦੀ ਜਾਂਚ ਮੁੱਢਲੇ ਪੜਾਅ 'ਤੇ ਹੈ। ਭਾਰਤੀ ਮੀਡੀਆ ਨੇ ਅਜਿਹਾ ਹੀ ਵਿਹਾਰ 2008 ਵਿਚ ਹੋਏ ਅਰੁਸ਼ੀ ਤਲਵਾੜ ਕਤਲ ਕੇਸ ਵਿਚ ਉਸ ਦੀ ਮਾਂ ਨੂਪੁਰ ਤਲਵਾੜ ਨਾਲ ਕੀਤਾ ਸੀ ਜਦੋਂ ਉਸ ਨੇ ਇਕ ਟੀਵੀ ਚੈਨਲ ਨੂੰ ਇੰਟਰਵਿਊ ਦਿੱਤੀ ਸੀ। ਅਗਲੇ ਦਿਨ ਬਾਕੀ ਨਿਊਜ਼ ਚੈਨਲ ਉਸ ਇੰਟਰਵਿਊ ਦੀਆਂ ਧੱਜੀਆਂ ਉਡਾਉਂਦੇ ਰਹੇ ਕਿ ਉਹ ਜ਼ਿਆਦਾ ਦੁਖੀ ਦਿਖਾਈ ਨਹੀਂ ਦੇ ਰਹੀ ਸੀ ਤੇ ਇੰਟਰਵਿਊ ਦੌਰਾਨ ਇਕ ਵਾਰ ਵੀ ਰੋਈ ਕਿਉਂ ਨਹੀਂ?

ਉਹ ਗੱਲ ਅਲੱਗ ਹੈ ਕਿ ਉਸ ਕੇਸ 'ਚ ਮੀਡੀਆ ਟਰਾਇਲ ਦੇ ਬਾਵਜੂਦ 12 ਅਕਤੂਬਰ 2017 ਨੂੰ ਅਲਾਹਾਬਾਦ ਹਾਈ ਕੋਰਟ ਨੇ ਤਲਵਾੜ ਜੋੜੇ ਨੂੰ ਅਰੁਸ਼ੀ ਕਤਲਕਾਂਡ ਦੇ ਦੋਸ਼ਾਂ 'ਚੋਂ ਬਰੀ ਕਰ ਦਿੱਤਾ ਸੀ। ਤਲਵਾੜ ਜੋੜੇ ਨੂੰ ਕਈ ਮਹੀਨੇ ਜੇਲ ਵਿਚ ਰਹਿਣਾ ਪਿਆ ਸੀ ਅਤੇ ਕੁੜੀਮਾਰ ਹੋਣ ਦੀ ਜੋ ਬਦਨਾਮੀ ਝੱਲਣੀ ਪਈ ਸੋ ਅਲੱਗ। ਵੈਸੇ ਰੀਆ ਚੱਕਰਵਰਤੀ ਦੀ ਦਾਦ ਦੇਣੀ ਬਣਦੀ ਹੈ ਕਿ ਇੰਨਾ ਦਬਾਅ ਝੱਲਣ ਦੇ ਬਾਵਜੂਦ ਉਹ ਚੱਟਾਨ ਵਾਂਗ ਇਸ ਕੂੜ-ਪ੍ਰਚਾਰ ਦਾ ਸਾਹਮਣਾ ਕਰ ਰਹੀ ਹੈ। ਇਸ ਮੌਕੇ ਦਾਅਵੇ ਨਾਲ ਇਹ ਤਾਂ ਨਹੀ ਕਿਹਾ ਜਾ ਸਕਦਾ ਕਿ ਉਹ ਬੇਗੁਨਾਹ ਹੈ ਪਰ ਮੀਡੀਆ ਨੂੰ ਘੱਟੋ-ਘੱਟ ਸੀਬੀਆਈ ਨੂੰ ਤਾਂ ਉਸ ਦਾ ਕੰਮ ਕਰਨ ਦੇਣਾ ਚਾਹੀਦਾ ਹੈ। ਜੇ ਕਿਤੇ ਸੀਬੀਆਈ ਨੇ ਰੀਆ ਨੂੰ ਕਲੀਨ ਚਿੱਟ ਦੇ ਦਿੱਤੀ, ਜਿਸ ਦੀ ਅੱਜ ਦੇ ਹਾਲਾਤ ਮੁਤਾਬਕ ਉਮੀਦ ਘੱਟ ਹੀ ਲੱਗਦੀ ਹੈ ਤਾਂ ਪਤਾ ਨਹੀਂ ਸਾਡਾ ਕਥਿਤ ਦੇਸ਼ ਭਗਤ ਇਲੈਕਟ੍ਰਾਨਿਕ ਮੀਡੀਆ ਸੀਬੀਆਈ ਦਾ ਕੀ ਹਾਲ ਕਰੇਗਾ। ਸਾਰੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਸ ਕੇਸ 'ਚ ਕੋਈ ਰਾਇ ਬਣਾਉਣ ਤੋਂ ਪਹਿਲਾਂ ਨਿਰਪੱਖ ਮੀਡੀਆ ਰਿਪੋਰਟਾਂ ਜ਼ਰੂਰ ਦੇਖਣ-ਸੁਣਨ ਅਤੇ ਪੜਨ।

# ਭਾਰਤ ਦੀ ਗੁਪਤ 'ਤਿੱਬਤੀ ਫੌਜ'

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਲੱਦਾਖ ਅਤੇ ਤਿੱਬਤ ਦੇ ਇਲਾਕਿਆਂ ਵਿਚ ਭਾਰਤ ਅਤੇ ਚੀਨ ਦਰਮਿਆਨ ਚੱਲ ਰਹੇ ਫੌਜੀ ਟਕਰਾਅ ਨੇ 29-30 ਅਗਸਤ ਦੀ ਰਾਤ ਨੂੰ ਇਕ ਵਾਰ ਫੇਰ ਹਿੰਸਕ ਰੂਪ ਲੈ ਲਿਆ ਸੀ ਜਿਸ ਵਿਚ ਇਕ ਭਾਰਤੀ ਫੌਜੀ ਦੀ ਮੌਤ ਹੋ ਗਈ ਸੀ। ਇਸ ਮੌਤ ਨੇ ਭਾਰਤੀ ਫੌਜ ਦੀ ਇਕ ਅਹਿਮ ਖ਼ੁਫੀਆ ਇਕਾਈ ਤੋਂ ਪਰਦੇ ਚੁੱਕੇ ਹਨ। ਭਾਵੇਂ ਕਿ ਭਾਰਤੀ ਫੌਜ ਅਧਿਕਾਰਤ ਤੌਰ 'ਤੇ ਕਿਸੇ ਫੌਜੀ ਦੀ ਮੌਤ ਬਾਰੇ ਚੁੱਪ ਸੀ ਪਰ ਤਿੱਬਤ ਦੀ ਜਲਾਵਤਨ ਸਰਕਾਰ ਦੀ ਮੈਂਬਰ ਲਾਗਿਆਰੀ ਨਾਮਦੋਲ ਨੇ 1 ਸਤੰਬਰ ਵਾਲੇ ਦਿਨ ਆਪਣੇ ਟਵਿਟਰ ਖਾਤੇ ਤੋਂ ਇਹ ਜਾਣਕਾਰੀ ਸਾਂਝੀ ਕੀਤੀ ਕਿ ਲੱਦਾਖ ਵਿਚ ਚੀਨੀ ਫੌਜ ਨਾਲ ਲੜਦਿਆਂ ਤਿੱਬਤੀ ਸ਼ਰਨਾਰਥੀਆਂ ਦੀ ਭਾਰਤੀ ਫੌਜ ਵਿਚਲੀ ਰੈਜੀਮੈਂਟ ਦਾ ਇਕ ਜਵਾਨ ਮਾਰਿਆ ਗਿਆ ਹੈ।

31 ਅਗਸਤ ਨੂੰ ਭਾਰਤੀ ਫੌਜ ਦੇ ਸਾਬਕਾ ਲੈਫਟੀਨੇਂਟ ਜਨਰਲ ਕੇਜੇ ਸਿੰਘ ਨੇ ਟਵੀਟ ਕੀਤਾ ਸੀ ਕਿ ਲੱਦਾਖ ਵਿਚ ਪੇਂਗੌਂਗ ਝੀਲ ਦੇ ਦੱਖਣੀ ਇਲਾਕੇ 'ਚ ਭਾਰਤੀ ਤਨਖਾਹਦਾਰ ਤਿੱਬਤੀ ਫੌਜੀ ਚੀਨ ਦੀ ਫੌਜ ਨਾਲ ਲੜ ਰਹੇ ਹਨ। ਉਹਨਾਂ ਲਿਖਿਆ ਸੀ ਕਿ ਤਿੱਬਤੀਆਂ ਦੀ ਇਕ ਗੁਪਤ ਫੌਜ ਭਾਰਤ ਨੇ 14 ਨਵੰਬਰ 1962 ਨੂੰ ਬਣਾਈ ਸੀ।

### ਤਿੱਬਤੀ ਕਿਵੇਂ ਬਣੇ ਭਾਰਤ ਦੇ ਤਨਖਾਹਦਾਰ ਫੌਜੀ?

ਤਿੱਬਤ ਵਿਚ ਚੀਨ ਦੇ ਕਬਜ਼ੇ ਖਿਲਾਫ 1956 ਤੋਂ ਗੁਰੀਲਾ ਹਥਿਆਰਬੰਦ ਜੰਗ ਚੱਲ ਰਹੀ ਹੈ। ਚੀਨ ਨੇ ਆਪਣੀ ਫੌਜੀ ਤਾਕਤ ਨਾਲ ਇਸ ਨੂੰ ਤਿੱਬਤ ਵਿਚੋਂ ਲਗਭਗ ਖਤਮ ਕਰ ਦਿੱਤਾ ਹੈ। 1959 ਤੋਂ ਬਾਅਦ ਵੱਡੀ ਗਿਣਤੀ 'ਚ ਤਿੱਬਤੀ ਲੋਕਾਂ ਨੂੰ ਭਾਰਤ ਸਰਕਾਰ ਨੇ ਰਾਜਸੀ ਸ਼ਰਨ ਦਿੱਤੀ। ਚੀਨ ਨਾਲ ਭਾਰਤ ਦੇ ਸਰਹੱਦੀ ਟਕਰਾਅ ਦੇ ਚਲਦਿਆਂ ਭਾਰਤ ਸਰਕਾਰ ਨੇ ਤਿੱਬਤੀਆਂ ਦੀਆਂ ਚੀਨ ਵਿਰੋਧੀ ਭਾਵਨਾਵਾਂ ਨੂੰ ਆਪਣੇ ਰਾਜਸੀ ਹਿੱਤਾਂ ਲਈ ਵਰਤਣ ਦਾ ਪ੍ਰਬੰਧ ਕਰਦਿਆਂ ਤਿੱਬਤੀ ਸ਼ਰਨਾਰਥੀਆਂ ਦੀ ਇਕ ਫੌਜੀ ਯੂਨਿਟ ਤਿਆਰ ਕੀਤੀ। ਕੁੱਝ ਰਿਪੋਰਟਾਂ ਦਸਦੀਆਂ ਹਨ ਕਿ 1962 ਵਿਚ ਭਾਰਤ ਦੀ ਖ਼ੁਫੀਆ ਅਜੈਂਸੀ ਆਈ. ਬੀ ਅਤੇ ਅਮਰੀਕਾ ਦੀ ਖ਼ੁਫੀਆ ਅਜੈਂਸੀ ਸੀਆਈਏ ਨੇ ਸਾਂਝੇ ਤੌਰ 'ਤੇ ਇਸ ਫੌਜੀ ਯੂਨਿਟ ਨੂੰ ਖੜਾ ਕੀਤਾ।

ਭਾਰਤ ਦਾ ਚੀਨ ਨਾਲ ਟਕਰਾਅ ਉੱਚੇ ਬਰਫੀਲੇ ਪਹਾੜੀ ਇਲਾਕਿਆਂ ਵਿਚ ਹੈ ਜੋ ਤਿੱਬਤ ਦੇ ਨਾਲ ਲਗਦੇ ਹਨ। ਇਹਨਾਂ ਇਲਾਕਿਆਂ ਵਿਚ ਭਾਰਤ ਦੀ ਬਹੁਤੀ ਫੌਜ ਲੜਨ ਦੇ ਸਮਰੱਥ ਨਹੀਂ ਹੈ, ਜਦਕਿ ਤਿੱਬਤੀ ਫੌਜੀ ਜਨਮ ਤੋਂ ਹੀ ਇਹਨਾਂ ਇਲਾਕਿਆਂ ਦੇ ਕੁਦਰਤੀ ਮਾਹੌਲ ਮੁਤਾਬਕ ਢਲੇ ਹੁੰਦੇ ਹਨ। ਦੂਜਾ ਭਾਰਤ ਲਈ ਇਹ ਯੂਨਿਟ ਚੀਨੀ ਫੌਜ ਦੀ ਜਾਸੂਸੀ ਕਰਨ ਲਈ ਅਹਿਮ ਕੰਮ ਕਰਦੀ ਹੈ। ਇਸ ਵਿਚ ਤਿੱਬਤੀ ਮਰਦਾਂ ਦੇ ਨਾਲ-ਨਾਲ ਔਰਤਾਂ ਨੂੰ ਵੀ ਭਰਤੀ ਕੀਤਾ ਜਾਂਦਾ ਹੈ। ਇਸ ਫੌਜ ਨੂੰ ਸਪੈਸ਼ਲ ਫਰਾਂਟੀਅਰ ਫੋਰਸ ਦਾ ਨਾਂ ਦਿੱਤਾ ਗਿਆ ਹੈ ਅਤੇ ਇਸ ਦੀਆਂ ਬਟਾਲੀਅਨਾਂ ਨੂੰ ਵਿਕਾਸ ਬਟਾਲੀਅਨ ਨਾਂ ਦਿੱਤਾ ਗਿਆ ਹੈ। ਇਸ ਯੂਨਿਟ ਦਾ ਸਿੱਧਾ ਪ੍ਰਬੰਧ ਭਾਰਤ ਦੇ ਪ੍ਰਧਾਨ ਮੰਤਰੀ ਦਫਤਰ ਤੋਂ ਹੁੰਦਾ ਹੈ ਜਿੱਥੇ ਭਾਰਤੀ ਫੌਜ ਦਾ ਮੇਜਰ ਜਨਰਲ ਰੈਂਕ ਦਾ ਅਫਸਰ ਇਸ ਦੀ ਕਮਾਂਡ ਕਰਦਾ ਹੈ। ਇਸ ਦਾ ਪ੍ਰਬੰਧ ਸਿੱਧਾ ਭਾਰਤ ਦੀ ਖ਼ੁਫੀਆ ਅਜੈਂਸੀ ਰਾਅ ਨਾਲ ਜੁੜਦਾ ਹੈ।

### ਬੰਗਲਾਦੇਸ਼ ਜੰਗ ਅਤੇ ਦਰਬਾਰ ਸਾਹਿਬ ਦੇ ਹਮਲੇ ਵਿਚ ਵੀ ਸ਼ਾਮਲ ਰਹੀ ਇਹ ਯੂਨਿਟ

ਭਾਰਤੀ ਫੌਜ ਦੀ ਇਹ ਤਿੱਬਤੀ ਯੂਨਿਟ 1984 'ਚ ਪੰਜਾਬ ਵਿਚ ਦਰਬਾਰ ਸਾਹਿਬ ਸਮੇਤ ਅਨੇਕਾਂ ਗੁਰਦੁਆਰਾ ਸਾਹਿਬਾਨ 'ਤੇ ਹੋਏ ਹਮਲੇ ਵਿਚ ਵੀ ਸ਼ਾਮਲ ਸੀ। ਇਸ ਯੂਨਿਟ ਨੇ 1971 ਦੀ ਬੰਗਲਾਦੇਸ਼ ਬਣਨ ਦੀ ਲੜਾਈ ਅਤੇ 1999 ਦੀ ਕਾਰਗਿਲ ਜੰਗ ਵਿਚ ਵੀ ਆਪਣਾ ਹਿੱਸਾ ਪਾਇਆ। ਇਹ ਗੁਪਤ ਯੂਨਿਟ ਭਾਰਤ ਦੇ ਅੰਦਰ ਵੀ ਫੌਜ ਦੇ ਕਈ ਆਪਰੇਸ਼ਨਾਂ ਨੂੰ ਅੰਜ਼ਾਮ ਦਿੰਦੀ ਰਹੀ ਹੈ, ਪਰ ਇਹਨਾਂ ਬਾਰੇ ਸਾਰੀਆਂ ਜਾਣਕਾਰੀਆਂ ਗੁਪਤ ਰੱਖੀਆਂ ਗਈਆਂ ਹਨ।

### ਭਾਰਤ ਲਈ ਬਲੀ ਦੇ ਬੱਕਰੇ ਹਨ ਇਹ ਫੌਜੀ: ਚੀਨੀ ਵਿਚਾਰ

ਭਾਰਤ ਵੱਲੋਂ ਚੀਨ ਖਿਲਾਫ ਖੜੀ ਕੀਤੀ ਗਈ ਤਿੱਬਤੀਆਂ ਦੀ ਇਸ ਫੌਜ ਦੀਆਂ ਖਬਰਾਂ ਸਾਹਮਣੇ ਆਉਣ ਬਾਅਦ ਚੀਨ ਦੀ ਸਰਕਾਰੀ ਅਵਾਜ਼ ਮੰਨੇ ਜਾਂਦੇ ਅਖਬਾਰ ਗਲੋਬਲ ਟਾਈਮਜ਼ ਨੇ ਆਪਣੀ ਰਿਪੋਰਟ ਵਿਚ ਛਾਪਿਆ ਹੈ ਕਿ ਭਾਰਤ ਇਹਨਾਂ ਤਿੱਬਤੀਆਂ ਨੂੰ ਬਲੀ ਦੇ ਬੱਕਰਿਆਂ ਵਾਂਗ ਵਰਤਦਾ ਹੈ। ਚੀਨੀ ਅਖਬਾਰ ਦੀ ਰਿਪੋਰਟ ਵਿਚ ਇਕ ਚੀਨੀ ਸੁਰੱਖਿਆ ਮਾਹਰ ਦੇ ਹਵਾਲੇ ਨਾਲ ਛਾਪਿਆ ਗਿਆ ਹੈ, "ਮਾਮੂਲੀ ਜਿਹੀ ਝੜਪ ਵਿਚ ਇਕ ਫੌਜੀ ਦੀ ਮੌਤ ਅਤੇ ਇਕ ਦਾ ਜ਼ਖਮੀ ਹੋ ਜਾਣਾ ਦਸਦਾ ਹੈ ਕਿ ਇਸ ਯੂਨਿਟ ਨੂੰ ਕੋਈ ਖਾਸ ਸਿਖਲਾਈ ਨਹੀਂ ਦਿੱਤੀ ਜਾਂਦੀ ਅਤੇ ਇਹਨਾਂ ਨੂੰ ਭਾਰਤੀ ਫੌਜ ਸਿਰਫ ਬਲੀ ਦੇ ਬੱਕਰੇ ਵਾਂਗ ਵਰਤਦੀ ਹੈ।"

### ਤਿੱਬਤੀ ਫੌਜੀਆਂ ਨੂੰ ਭਾਰਤ ਸਨਮਾਨ ਕਿਉਂ ਨਹੀਂ ਦੇ ਰਿਹਾ?

ਭਾਵੇਂ ਕਿ ਇਹ ਤਿੱਬਤੀ ਫੌਜੀ ਭਾਰਤ ਦੇ ਤਨਖਾਹਦਾਰ ਹਨ ਅਤੇ ਭਾਰਤ ਲਈ ਲੜਦਿਆਂ ਕਈਆਂ ਨੇ ਆਪਣੀਆਂ ਜਾਨਾਂ ਵੀ ਗੁਆਈਆਂ ਹਨ ਪਰ ਇਹਨਾਂ ਨੂੰ ਭਾਰਤ ਦੇ ਹੋਰ ਫੌਜੀਆਂ ਵਰਗਾ ਸਨਮਾਨ ਅਤੇ ਸਹੂਲਤਾਂ ਨਹੀਂ ਮਿਲਦੀਆਂ। ਭਾਰਤ ਅਧਿਕਾਰਤ ਤੌਰ 'ਤੇ ਇਹਨਾਂ ਦੀ ਹੋਂਦ ਤੋਂ ਹੀ ਇਨਕਾਰੀ ਹੈ, ਇਸ ਲਈ ਇਹਨਾਂ ਫੌਜੀਆਂ ਨੂੰ ਅੱਜ ਤਕ ਕੋਈ ਬਹਾਦਰੀ ਸਨਮਾਨ ਨਹੀਂ ਦਿੱਤਾ ਗਿਆ। ਇਹਨਾਂ ਫੌਜੀਆਂ ਦੇ ਪਰਿਵਾਰਾਂ ਨੂੰ ਬਾਕੀ ਫੌਜੀਆਂ ਵਰਗੀਆਂ ਸਹੂਲਤਾਂ ਵੀ ਨਹੀਂ ਦਿੱਤੀਆਂ ਜਾਂਦੀਆਂ। ਇਸ ਵਿਤਕਰੇਬਾਜ਼ੀ 'ਤੇ ਸਵਾਲ ਚੁੱਕਦਿਆਂ ਤਿੱਬਤ ਦੀ ਜਲਾਵਤਨ ਸਰਕਾਰ ਦੀ ਮੈਂਬਰ ਲਾਗਿਆਰੀ ਨਾਮਦੋਲ ਨੇ ਕਿਹਾ ਕਿ ਤਿੱਬਤੀ ਲੋਕ ਭਾਰਤ ਲਈ ਆਪਣੀਆਂ ਜਾਨਾਂ ਦੇ ਰਹੇ ਹਨ ਪਰ ਉਹਨਾਂ ਨੂੰ ਆਮ ਨਾਗਰਿਕਾਂ ਵੱਲ ਹੱਕ ਨਹੀਂ ਦਿੱਤੇ ਜਾਂਦੇ।

ਉਹਨਾਂ ਕਿਹਾ ਕਿ ਪਿਛਲੇ ਦਿਨੀਂ ਭਾਰਤ ਲਈ ਮਰੇ ਤਿੱਬਤੀ ਫੌਜੀ ਦੀ ਕੁੜੀ ਨੇ ਜੇ ਭਾਰਤ ਵਿਚ ਸਿੱਖਿਆ ਹਾਸਲ ਕਰਨੀ ਹੋਵੇ ਤਾਂ ਉਸਨੂੰ ਵਿਦੇਸ਼ੀਆਂ ਲਈ ਤੈਅ ਵਾਧੂ ਫੀਸ ਭਰਨੀ ਪਵੇਗੀ। ਉਹਨਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਤਿੱਬਤੀਆਂ ਦੀਆਂ ਮੌਤਾਂ ਨੂੰ ਸਨਮਾਨ ਦਿੱਤਾ ਜਾਵੇ ਅਤੇ ਵਿਤਕਰੇਬਾਜ਼ੀ ਖਤਮ ਕੀਤੀ ਜਾਵੇ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਮੇਰਾ ਮਿਤਰ ਸਾਹਿਤਕਾਰ ਭੂਸ਼ਣ ਧਿਆਨਪੁਰੀ



**- ਡਾ. ਹਰਪਾਲ ਸਿੰਘ ਪੰਨੂ**

**ਇਕ ਯਾਦ**

ਰੋਪੜ ਸ਼ਹਿਰ ਵਿੱਚ ਉਸਦਾ ਘਰ ਸੀ, ਉੱਥੇ ਹੀ ਸਰਕਾਰੀ ਕਾਲਜ ਵਿੱਚ ਅਧਿਆਪਕ। ਕੰਟਰੋਲਰ ਦਾ ਫੋਨ ਮੇਰੇ ਕੋਲ ਆਉਂਦਾ-ਪ੍ਰੀਖਿਆ ਕੇਂਦਰ ਦੀ ਚੈਕਿੰਗ ਵਾਸਤੇ ਜਾਣਾ ਪਵੇਗਾ ਪੰਨੂ ਸਾਹਿਬ। ਕਿੱਧਰ ਭੇਜੀਏ ? ਮੈਂ ਆਖ ਦਿੰਦਾ- ਜੀ ਆਨੰਦਪੁਰ ਸਾਹਿਬ ਮੱਥਾ ਟੇਕ ਆਊਂਗਾ, ਨਾਲੇ ਭੂਸ਼ਣ ਨੂੰ ਮਿਲ ਆਊਂਗਾ, ਇਸ ਤਰਾਂ ਡਿਊਟੀ ਵੀ ਹੋ ਜਾਊ। ਭੂਸ਼ਣ ਨੂੰ ਮੈਂ ਫਲਾਇੰਗ ਸਕੁਐਡ ਦੇ ਮੈਂਬਰ ਵਜੋਂ ਟੀਮ ਵਿੱਚ ਪਾ ਲੈਂਦਾ। ਦੋ ਤਿੰਨ ਕਾਲਜ ਚੈੱਕ ਕਰ ਲੈਂਦੇ। ਉਹਦੀਆਂ ਗੱਲਾਂ ਸੁਣਦਾ ਸੁਣਦਾ ਅਕਸਰ ਮੈਂ ਸੋਚਦਾ- ਮੇਰੇ ਕੋਲੋਂ ਇਸ ਤਰਾਂ ਦੀ ਗੱਲ ਕਿਉਂ ਨਹੀਂ ਹੁੰਦੀ ? ਉਹ ਨਹੀਂ ਰਿਹਾ, ਚਲੋ ਫੇਰ ਕੀ ਹੋਇਆ, ਉਸਦੀ ਮਹਿਕ ਭਰੀ ਤਾਜ਼ਗੀ ਮੇਰੇ ਆਲੇ ਦੁਆਲੇ ਮੰਡਰਾ ਰਹੀ ਹੈ। ਗੱਲ ਕਰਨ ਦੀ ਹੀ ਨਹੀਂ, ਉਸ ਨੂੰ ਗੱਲ ਸੁਣਨ ਦੀ ਵੀ ਜਾਚ ਸੀ। ਮੈਂ ਉਸ ਨੂੰ ਜਨਮ ਸਾਖੀਆਂ ਸਣਾਉਂਦਾ। ਇੱਕ ਵਾਕ ਆਇਆ- ਭੈਣ ਦਾ ਸੁਨੇਹਾ ਮਿਲਿਆ ਤਾਂ ਮਿਲਣ ਵਾਸਤੇ ਬਾਬਾ ਜੀ ਮੋਦੀਖਾਨੇ ਤੋਂ ਘਰ ਵੱਲ ਤੁਰ ਪਏ। ਰਸਤੇ ਵਿੱਚ ਹੱਟੀ ਆਈ ਤਾਂ ਖਿਆਲ ਆਇਆ- ਭੈਣ ਘਰ ਚੱਲਿਆ ਹਾਂ, ਖਾਲੀ ਨਹੀਂ ਜਾਣਾ ਚਾਹੀਦਾ। ਝੋਲੀ ਵਿੱਚ ਪਤਾਸੇ ਪਵਾਏ। ਚੱਲ ਪਏ।

ਮੈਂ ਪੁੱਛਿਆ- ਭੂਸ਼ਨ ਸਾਹਿਬ, ਅਸੀਂ ਮਲਵਈ ਕਮੀਜ ਦੇ ਅਗਲੇ ਲਮਕਦੇ ਹਿੱਸੇ ਵਿੱਚ ਚੀਜ਼ ਪਵਾਉਣ ਨੂੰ ਝੋਲੀ ਆਖਦੇ ਹਾਂ। ਕੀ ਮਹਾਰਾਜ ਕਮੀਜ ਦੀ ਝੋਲੀ ਵਿੱਚ ਪਤਾਸੇ ਪੁਆ ਕੇ ਗਏ ਸਨ ?

ਭੂਸ਼ਣ ਨੇ ਕਿਹਾ- ਨਹੀਂ, ਮੋਢੇ ਉੱਪਰਲੇ ਪਰਨੇ ਵਿੱਚ ਚੀਜ਼/ ਵਸਤ ਪਵਾਈ ਜਾਏ, ਉਹ ਵੀ ਹੀ ਝੋਲੀ ਹੁੰਦੀ ਹੈ। ਭੱਠੀ ਤੇ ਦਾਣੇ ਭੁਨਾਉਣ ਵਾਸਤੇ ਇਹੋ ਪਰਨੇ ਦੀ ਝੋਲੀ ਲਿਜਾਈਦੀ ਹੈ। ਮਾਂ ਸੰਤਾਨ ਦੀ

ਐਂ। ਬਾਬੇ ਨੂੰ ਪੀਣ ਦਾ, ਨਾ ਖਾਣ ਦਾ, ਨਾ ਪਹਿਨਣ ਦਾ ਸ਼ੌਂਕ। ਤੂੰ ਦੱਸ, ਇੱਡੀ ਮੁੱਦਤ ਬਾਹਰ ਬਿਤਾਈ ਆ, ਖਾਣਾ ਕੀ ਐ, ਪੀਣਾ ਕੀ ਐ, ਪਹਿਨਣਾ ਕੀ ਐ ? ਮੈਨੂੰ ਦੱਸ, ਮੈਂ ਤੇਰੇ ਦਿਲ ਦੀ ਇੱਛਾ ਪੂਰੀ ਕਰਾਂਗੀ ! ਭਾਈ ਮਰਦਾਨੇ ਨੇ ਕਿਹਾ- ਜੇ ਮਿਹਰਬਾਨ ਹੋਈ ਹੈ ਭੈਣ ਤਾਂ ਨਵੀਂ ਰਬਾਬ ਖਰੀਦ ਕੇ ਦੇ, ਇਹ ਪੁਰਾਣੀ ਹੋ ਗਈ ਐ, ਮਹਾਰਾਜ ਦੀ ਆਵਾਜ਼ ਦਾ ਸਾਥ ਨੀ ਦਿੰਦੀ ਠੀਕ ਤਰਾਂ। ਸਲਾਮਤੀ ਵਾਸਤੇ ਰੱਬ ਅੱਗੇ ਚੁੰਨੀ ਦਾ ਪੱਲਾ ਅੱਡਦੀ ਹੈ, ਉਹ ਉਸਦੀ ਝੋਲੀ ਹੈ।

ਇੱਕ ਦਿਨ ਦੂਜੀ ਸਾਖੀ ਸੁਣਾਈ। ਪਹਿਲੀ ਉਦਾਸੀ ਬਾਅਦ ਜਦੋਂ ਵਾਪਸ ਸੁਲਤਾਨਪੁਰ ਪਰਤੇ ਤਾਂ ਬੇਬੇ ਨਾਨਕੀ ਨੇ ਭਾਈ ਮਰਦਾਨਾ ਜੀ ਨੂੰ ਕਿਹਾ- ਆਪਣਾ ਬਾਬਾ ਤਾਂ ਅਤੀਤ ਪੁਰਖ ਆ। ਭਾਈ ਤੂੰ ਮੇਰੇ ਵਰਗਾ ਈ

ਸੁਣ ਕੇ ਭੂਸ਼ਣ ਮੁਸਕਰਾਇਆ, ਕਹਿਣ ਲੱਗਾ- ਪਤਾ ਹੈ ਭਾਈ ਮਰਦਾਨਾ ਜੀ ਦੇ ਇਸ ਵਾਕ ਦਾ ਅਰਥ ? ਵੱਡੇ ਮਹਾਂਪੁਰਖ ਗੱਲ ਸਿੱਧੀ ਨਹੀਂ ਕਰਿਆ ਕਰਦੇ ਵੱਡਿਆਂ ਨਾਲ। ਇਸ਼ਾਰਿਆਂ ਨਾਲ ਸਮਝਾ ਦਿੰਦੇ ਹਨ। ਭਾਈ ਮਰਦਾਨਾ ਜੀ ਨੇ ਖਾਣ, ਪੀਣ, ਪਹਿਨਣ ਦੀ ਥਾਂ ਰਬਾਬ ਦੀ ਮੰਗ ਕੀਤੀ। ਬੀਬੀ ਸਮਝ ਗਈ, ਭਾਈ ਮਰਦਾਨਾ ਜੀ ਬਾਬਾ ਜੀ ਵਰਗੇ ਹੋ ਗਏ ਹਨ। ਸਮਝ ਗਈ ਕਿ ਫੇਰ ਇਹ ਜਾਣਗੇ, ਘਰ ਨਹੀਂ ਰਹਿਣਗੇ। ਇਸੇ ਤਰਾਂ ਦੀਆਂ ਗੱਲਾਂ ਕਰਿਆ ਕਰਦੇ ਹਨ ਸੰਸਾਰ ਦੇ ਮਾਲਕ। ਮੇਰੇ ਘਰ ਆ ਗਏ, ਦੇਰ ਰਾਤ ਤਕ ਗੱਲਾਂ ਹੁੰਦੀਆਂ ਰਹੀਆਂ। ਮੇਰੀ ਬੀਵੀ ਸੌਂ ਕੇ ਜਾਗ ਪਈ। ਕਹਿੰਦੀ- ਸੌਇਆ ਨਹੀਂ ਜਾਂਦਾ ਤੁਹਾਡੇ ਤੋਂ ਹੁਣ ? ਭੂਸ਼ਣ ਨੇ ਕਿਹਾ- ਹਲਵਾਈ ਦੇ ਨੌਕਰ ਆਪਸ ਵਿੱਚ ਲੜ ਪਏ। ਇੱਕ ਨੇ ਦੂਜੇ ਉੱਪਰ ਜਲੇਬੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਦੂਜੇ ਨੇ ਲੱਡੂ ਮਾਰਨੇ ਸ਼ੁਰੂ ਕਰ ਦਿੱਤੇ। ਹਲਵਾਈ ਨੇ ਮਸਾਂ ਹਟਾਏ। ਲੜਾਈ ਨੌਕਰਾਂ ਦੀ, ਤਬਾਹੀ ਮਾਲਕਾਂ ਦੀ। ਠੀਕ ਐ ਭਾਈ ! ਆਪਾ ਲੱਡੂ ਜਲੇਬੀਆਂ ਮਾਰਨੋ ਹਟ ਕੇ ਸੌਂ ਜਾਈਏ ਹੁਣ।

ਇੱਕ ਵੇਰ ਭੂਸ਼ਨ ਨੇ ਦੱਸਿਆ- ਮੈਂ ਕਾਲਜ ਦੀ ਡਿਊਟੀ ਕਰਕੇ ਘਰ ਵੱਲ ਆ ਰਿਹਾ ਸਾਂ ਤਾਂ ਤਿੰਨ ਸਿੱਖ ਜਵਾਨ ਪਿੱਛੇ ਪਿੱਛੇ ਤੁਰੇ ਆਉਂਦੇ ਦੇਖੇ। ਦੋ ਤਿੰਨ ਵਾਰ ਗਰਦਣ ਘੁਮਾਈ ' ਆ ਰਹੇ ਸਨ। ਮੈਂ ਅੰਦਰ ਲੰਘਿਆ, ਉਹ ਵੀ ਘਰ ਅੰਦਰ ਆ ਗਏ। ਇੱਕ ਨੇ ਕਿਹਾ- ਕੁਝ ਦਿਨ ਰਹਾਂਗੇ ਪ੍ਰੋਫੈਸਰ ਸਾਬ, ਚਿੰਤਾ ਨਾ ਕਰਿਉ ! ਬੱਸ ਰਹਿਣਾ ਹੈ, ਜੋ ਸਾਦੀ ਦਾਲ ਰੋਟੀ ਤੁਸੀਂ ਖਾਂਦੇ ਹੋ, ਉਹੀ ਅਸੀਂ ਖਾ ਲਿਆ ਕਰਾਂਗੇ। ਸਾਰਾ ਘਰ ਤਣਾਉ ਵਿੱਚ ਘਿਰ ਗਿਆ। ਲੰਗਰ ਪਾਣੀ ਛਕਾਇਆ। ਆਖਰ ਘਰ ਵਿੱਚ ਮੈਂ ਵੱਡਾ ਸਾਂ, ਸੋ ਚੁੱਪ ਦੀ ਖੜੋਤ ਤੋੜਨੀ ਸੀ, ਰਸਤਾ ਕੱਢਣਾ ਸੀ ਕੋਈ। ਛੱਡਣ ਭਾਵੇਂ ਮਾਰਨ, ਇਹਨਾਂ ਦੀ ਮਰਜ਼ੀ, ਫੇਰ ਵੀ ਗੱਲਬਾਤ ਤਾਂ ਤੋਰੀਏ।

ਮੈਂ ਉਨਾਂ ਕੋਲ ਜਾ ਕੇ ਬੈਠ ਗਿਆ। ਪੁੱਛਿਆ, ਸਾਡੇ ਘਰ ਚਰਨ ਪਾਏ, ਸੇਵਾ ਮਿਲੀ, ਇਹ ਠੀਕ, ਪਰ ਬਾਬਿਉ ਮੇਰਾ ਘਰ ਹੀ ਤੁਸੀਂ ਕਿਉਂ ਚੁਣਿਆ, ਕੁਝ ਪਤਾ ਲੱਗੇ ? ਇੱਕ ਨੇ ਕਿਹਾ- ਜੀ ਮੈਂ ਬੀ.ਏ. ਵਿੱਚ ਤੁਹਾਡੇ ਕੋਲੋਂ ਪੜਿਆ ਹਾਂ ਸਰ। ਮੇਰਾ ਨਾਮ ਇਹ ਹੈ। ਸਾਨੂੰ ਹੋਰ ਕਿਸੇ 'ਤੇ ਇਤਬਾਰ ਨਹੀਂ ਸੀ, ਸੋ ਤੁਹਾਡੇ ਕੋਲ ਆ ਗਏ। ਘਰ ਵਿੱਚ ਸਹਿਜ ਵਰਤ ਗਿਆ। ਮੇਰੇ ਵਿਦਿਆਰਥੀ ਆਏ ਨੇ ਠੀਕ ਐ ਸਭ। ਗੱਲਾਂ ਕਰਦਿਆਂ ਅਗਲੇ ਦਿਨ ਮੈਂ ਪੁੱਛਿਆ- ਖਾਲਿਸਤਾਨ ਤਾਂ ਬਣਨਾ ਈ ਬਣਨਾ ਹੁਣ। ਇੱਕ ਗੱਲ ਦੱਸੋ, ਸਾਰੇ ਹਿੰਦੂਆਂ ਨੂੰ ਮਾਰ ਦਿਉਗੇ ਕਿ ਭੱਜ ਜਾਣ ਦੀ ਵੀ ਆਗਿਆ ਮਿਲੇਗੀ ਕਿਸੇ ਨੂੰ ? ਉੱਤਰ ਮਿਲਿਆ- ਨਾ ਮਾਰਾਂਗੇ, ਨਾ ਭੱਜ ਕੇ ਜਾਣ ਦਿਆਂਗੇ। ਖਾਲਿਸਤਾਨ ਵਿੱਚ ਹਿੰਦੂ ਨਾ ਰਹੇ ਤਾਂ ਰਾਜ ਕੀਹਦੇ 'ਤੇ ਕਰਾਂਗੇ ਅਸੀਂ ?

**ਕਵਿਤਾ ਦੀ ਇੱਕ ਟੁਕੜੀ ਜ਼ੁਬਾਨੀ ਯਾਦ ਹੈ। ਮੇਰੇ ਕੋਲ ਕਿਤਾਬ ਪਈ ਹੈ ਉਸਦੀ। ਕਿਤਾਬ ਛੂਹਣ ਨੂੰ ਹਾਲੇ ਦਿਲ ਨਹੀਂ ਕਰਦਾ। ਕੁਝ ਦਿਨ ਲੱਗਣਗੇ, ਫਿਰ ਕਿਤਾਬ ਚੁੱਕਾਂਗਾ।**

**ਚੋਰੀ ਕਰਦਿਆਂ ਆ ਗਿਆ ਚੋਰ ਕਾਬੂ,**
**ਕੰਮ ਰੋਜ਼ ਦਾ ਸੀ ਆਖਰ ਫਸਣਾ ਸੀ।**

**ਫੜ ਕੇ ਫੇਰਿਆ ਪੁਲਿਸ ਨੇ ਖ਼ੂਬ ਡੰਡਾ**
**ਹਵਾਲਾਤ ਵਿੱਚੋਂ ਕਿੱਥੇ ਨੱਸਣਾ ਸੀ।**

**ਜੇ ਨਾ ਚੋਰ ਦੀ ਚੋਰ ਇਮਦਾਦ ਕਰਦੇ,**
**ਚੋਰ ਸਾਧ ਬਣਕੇ ਸੁਖੀ ਵਸਣਾ ਸੀ।**

**ਠਾਣੇਦਾਰ ਸ਼ਿਫਾਰਸ਼ਾਂ ਦੇਖ ਕਹਿੰਦਾ,**
**ਸਾਨੂੰ ਕਮਲਿਆ ਤੂੰ ਪਹਿਲਾ ਦੱਸਣਾ ਸੀ।**

ਭੂਸ਼ਣ ਨੇ ਵਾਰਤਕ ਦੀ ਜੋ ਵਿਧੀ ਚਲਾਈ, ਉਹ ਮੈਨੂੰ ਪਸੰਦ ਨਹੀਂ ਆਈ। ਕਵਿਤਾ ਕਵਿਤਾ ਹੈ, ਵਾਰਤਕ ਵਾਰਤਕ। ਫੋਨ 'ਤੇ ਕਦੀ ਗੱਲ ਹੁੰਦੀ, ਉਸਦੀ ਇੱਛਾ ਹੁੰਦੀ ਮੈਂ ਉਸਦੀ ਵਾਰਤਕ ਸ਼ੈਲੀ ਉੱਪਰ ਟਿੱਪਣੀ ਕਰਾਂ। ਜੇ ਮੈਨੂੰ ਚੰਗੀ ਲੱਗੀ ਹੁੰਦੀ ਯਕੀਨਨ ਦਾਦ ਦਿੰਦਾ ! ਮੈਂ ਉਸ ਵਿੱਚ ਦਰਜ ਘਟਨਾਵਾਂ ਦੀ ਦਾਦ ਦਿੰਦਾ ਹਾਂ। ਹੁਣ ਵੀ ਚੰਗੀਆਂ ਲਗਦੀਆਂ ਹਨ, ਭੂਸ਼ਣ ਹੈ ਈ ਜਦੋਂ ਚੰਗਾ ਸੀ। ਕਈ ਵਾਰ ਗੱਲ ਚੱਲੀ ਕਿ ਉਹ ਮੇਰੀ ਨਿਗਰਾਨੀ ਹੇਠ ਪੀਐੱਚ.ਡੀ. ਕਰੇ। ਮੈਂ ਉਸ ਵਾਸਤੇ ਫਾਰਮ ਖਰੀਦ ਲਿਆ। ਨਿਗਰਾਨੀ ਤਾਂ ਨਾਮ ਮਾਤਰ ਸੀ, ਮੈਂ ਉਸ ਨੂੰ ਕੀ ਸਿਖਾਉਣਾ ਸੀ ? ਉਸਨੇ ਫਾਰਮ ਲੈ ਲਿਆ, ਭਰਿਆ ਨਹੀਂ। ਕੰਮ ਸ਼ੁਰੂ ਨਹੀਂ ਕੀਤਾ ! ਉਹ ਉਸਤਾਦ, ਮੈਂ ਉਸਦਾ ਪਾਠਕ ਹਾਂ, ਸਰੋਤਾ ਹਾਂ। ਉਸਤਾਦ ਨੂੰ ਪਾਠਕ ਦੀ ਨਿਗਰਾਨੀ ਵਿੱਚ ਕੰਮ ਕਰਨਾ ਮਨਜ਼ੂਰ ਨਹੀਂ, ਜੇ ਰਸਮੀ ਹੈ, ਨਾਮ ਮਾਤਰ ਹੈ, ਤਾਂ ਵੀ ਨਹੀਂ।

ਇੱਕ ਵਾਰ ਉਸਨੇ ਦੱਸਿਆ ਘਰ ਵਿੱਚ ਗਰੀਬੀ ਸੀ। ਦਸਵੀਂ ਕਰ ਲਈ। ਮੈਨੂੰ ਕਾਗਜਾਂ ਉੱਤੇ ਮੂਰਤਾਂ ਵਾਹੁਣ ਦਾ ਸ਼ੌਕ ਸੀ ਜਿਸ ਕਰਕੇ ਅਕਸਰ ਝਿੜਕਾਂ ਪੈਂਦੀਆਂ। ਪਿਤਾ ਜੀ ਨੇ ਦੇਖਿਆ, ਰਾਜਸਥਾਨ ਤੋਂ ਆਏ ਸ਼ਿਲਪਕਾਰ ਦੀ ਨਿਗਰਾਨੀ ਹੇਠ ਮੰਦਰ ਦੀ ਉਸਾਰੀ ਹੋ ਰਹੀ ਸੀ। ਮੂਰਤੀਆਂ ਤਿਆਰ ਹੋ ਰਹੀਆਂ ਸਨ। ਮੈਨੂੰ ਲੈ ਕੇ ਪਿਤਾ ਜੀ ਪਹਿਲਾਂ ਦੁਕਾਨਦਾਰ ਕੋਲ, ਫਿਰ ਉਸਤਾਦ ਕੋਲ ਗਏ। ਦੁਕਾਨਦਾਰ ਤੋਂ ਦਸਤਾਰ, ਸਵਾ ਰੁਪਇਆ ਅਤੇ ਪਤਾਸੇ ਉਧਾਰ ਲਏ। ਮੰਦਰ ਜਾ ਕੇ ਉਸਤਾਦ ਦੇ ਚਰਣ ਛੂਹੇ ਤੇ ਕਿਹਾ- ਬਾਬਾ, ਇਸ ਮੁੰਡੇ ਨੂੰ ਕੰਮ ਸਿਖਾ ਦਿਉ, ਰੋਟੀ ਜੋਗਾ ਹੋ ਜਾਉਗਾ। ਨੌਕਰੀ ਤਾਂ ਕਿਧਰੇ ਮਿਲਣੀ ਨਹੀਂ। ਉਸਤਾਦ ਨੇ ਪੁੱਛਿਆ- ਚਿਤਰਕਾਰੀ ਬਾਰੇ ਜਾਣਦੈਂ ਥੋੜਾ ਬਹੁਤ ? ਮੈਂ ਕਿਹਾ ਹਾਂ ਜੀ। ਕਰ ਲੈਨਾ ਚਿਤਰਕਾਰੀ। ਉਸਨੇ ਇੱਕ ਪਿਆਲੀ ਫੜਾਈ ਜਿਸ ਉੱਪਰ ਇੰਚ ਕੁ ਦੀ ਸ਼ਿਵ ਜੀ ਦੀ ਤਸਵੀਰ ਸੀ। ਇੱਕ ਵਰਕਾ 6 ਗੁਣਾ 9 ਇੰਚ ਦਾ ਦਿੱਤਾ, ਗਣੇਸ਼ ਦੀ ਤਸਵੀਰ ਵਾਲਾ, ਇੱਕ ਪੂਰਾ ਕੈਲੰਡਰ ਮਾਤਾ ਰਾਣੀ ਦਾ ਫੜਾ ਕੇ ਕਿਹਾ, ਇਹਨਾਂ ਤਿੰਨਾਂ ਨੂੰ 4 ਗੁਣਾ 6 ਕਰਕੇ ਲਿਆ, ਛੋਟੀ ਵੱਡੀ ਕਰਕੇ, ਵੱਡੀਆਂ ਛੋਟੀਆਂ ਕਰਕੇ। ਦੋ ਦਿਨਾਂ ਬਾਅਦ ਤਸਵੀਰਾਂ ਤਿਆਰ ਕਰਕੇ ਹਰੇਕ ਤਸਵੀਰ ਦੇ ਕੋਨੇ ਹੇਠ ਆਪਣਾ ਨਾਮ ਲਿਖ ਦਿੱਤਾ।

ਉਸਤਾਦ ਨੇ ਮੇਰੇ ਸਿਰ ਤੇ ਹੱਥ ਰੱਖ ਕੇ ਦਾਦ ਦਿੱਤੀ। ਫਿਰ ਪੁੱਛਿਆ- ਆਹ ਸ਼ਿਵ ਜੀ ਦੀ ਤਸਵੀਰ ਹੇਠ ਕੀ ਲਿਖਿਆ ਹੈ ? ਮੈਂ ਕਿਹਾ-ਜੀ ਲਿਖਿਆ ਜੈ ਸ੍ਰੀ ਭੋਲੇ ਨਾਥ। ਦੂਜੀ ਹੇਠ ਕੀ ਲਿਖਿਆ ? ਮੈਂ ਕਿਹਾ- ਜੀ ਲਿਖਿਆ- ਜੈ ਸ੍ਰੀ ਗਣੇਸ਼ ! ਤੀਜੀ ਹੇਠ- ਜੈ ਮਾਂ ਦੁਰਗਾ।

ਉਸਤਾਦ ਜੀ ਬੋਲੇ, ਮੈਨੂੰ ਅਨਪੜ ਨੂੰ ਕੋਈ ਬੋਲੀ ਪੜਨੀ ਨਹੀਂ ਆਉਂਦੀ। ਇਹ ਤਿੰਨੇ ਗੱਲਾਂ ਤੂੰ ਕਿਸ ਬੋਲੀ ਵਿੱਚ ਲਿਖੀਆਂ ਨੇ ? ਮੈਂ ਕਿਹਾ- ਜੀ ਪੰਜਾਬੀ ਦੀ ਗੁਰਮੁਖੀ ਲਿਪੀ ਵਿੱਚ। ਉਸਤਾਦ ਨੇ ਕਿਹਾ- ਮੈਂ ਗਜਬ ਦੀ ਦੇਖੀ ਤੇਰੀ ਗੁਰਮੁਖੀ ਲਿਪੀ ! ਲਕੀਰਾਂ ਦੇ ਨਿਸ਼ਾਨ, ਤਿੰਨੇ ਥਾਂ ਇੱਕੋ ਜਿਹੇ ਨੇ ਪਰ ਇਹ ਗੱਲਾਂ ਤਿੰਨ ਤਰਾਂ ਦੀਆਂ ਕਰ ਰਹੇ ਨੇ ! ਤੂੰ ਮੈਨੂੰ ਇਹ ਲਿਪੀ ਸਿਖਾ ਯਾਰ ! ਮੈਂ ਤੈਨੂੰ ਆਪਣੀ ਸਾਰੀ ਵਿੱਦਿਆ ਦੇ ਦਿਆਗਾ। ਮੈਂ ਸ਼ਰਮਿੰਦਾ ਹੋਇਆ, ਉਸਤਾਦ ਦੇ ਚਰਨੀ ਹੱਥ ਲਾਏ, ਕਿਹਾ- ਜੀ ਮੈਂ ਝੂਠ ਬੋਲਿਆ ਹੈ ਬਾਬਾ ਜੀ, ਖਿਮਾ ਕਰ ਦਿਉ। ਤਿੰਨੇ ਥਾਈਂ ਇਹ ਤਾਂ ਮੇਰਾ ਨਾਮ ਹੈ। ਉਸਤਾਦ ਹੱਸ ਕੇ ਬੋਲੇ- ਜੇ ਜੀਵਨ ਵਿੱਚ ਕੁਝ ਸਿੱਖਣਾ ਹੈ, ਆਪਣਾ ਨਾਮ ਭੁੱਲ ਜਾ ਪੁੱਤਰ। ਸਭ ਕੁਝ ਸਿੱਖ ਜਾਵੇਂਗਾ, ਜੇ ਆਪਣਾ ਨਾਮ ਭੁੱਲ ਜਾਵੇਂਗਾ। ਜੇ ਆਪਣਾ ਨਾਮ ਯਾਦ ਰੱਖੇਂਗਾ, ਇਸ ਤੋਂ ਬਾਅਦ ਹੋਰ ਕੁਝ ਯਾਦ ਨਹੀਂ ਕਰ ਸਕੇਂਗਾ ਤੂੰ।

ਜਿਨਾਂ ਤੋਂ ਮੈਨੂੰ ਕਦੀ ਕਦਾਈਂ ਸ਼ਾਬਾਸ਼ ਮਿਲਦੀ, ਉਹ ਦੋਸਤ ਹੁਣ ਇੱਕ ਇੱਕ ਕਰਕੇ ਜਾਣ ਲੱਗੇ ਹਨ। ਪੰਜਾਬੀ ਪਿਆਰਿਆਂ ਦੀ ਨਜ਼ਰ ਇਸ ਵਕਤ ਟੈਗੋਰ ਦਾ ਗੀਤ ਭੇਟ ਕਰਦਾ ਹਾਂ:

ਮੇਰਾ ਘਰ ਛੋਟਾ ਹੈ ਨਾ ਮਾਲਕ, ਜਿਹੜਾ ਮਹਿਮਾਨ ਚਲਾ ਜਾਂਦਾ ਹੈ, ਮੁੜਕੇ ਨਹੀਂ ਆਉਂਦਾ।

ਤੇਰਾ ਘਰ ਵੱਡਾ, ਤੇਰਾ ਦਿਲ ਵੱਡਾ, ਪਰਤ ਗਏ ਮਹਿਮਾਨਾਂ ਕੋਲ ਆ ਰਿਹਾ ਹਾਂ ਮੈਂ ਵੀ।

ਮੈਨੂੰ ਦੁਬਾਰਾ ਇਸ ਤੰਗ ਘਰ ਵਿੱਚ ਨਾ ਭੇਜੀਂ।

**ਚੰਦਰਮਾ ਦੀਆਂ ਰਿਸ਼ਮਾਂ ਰਾਹੀਂ ਅਸਮਾਨ ਧਰਤੀ ਕੋਲ ਪ੍ਰੇਮ ਪੱਤਰ ਭੇਜਦਾ ਹੈ।**
**ਘਾਹ ਉੱਪਰ ਤਰੇਲ-ਬੂੰਦਾਂ ਦੇ ਛੱਟੇ ਮਾਰ ਮਾਰ ਧਰਤੀ ਖਤਾਂ ਦਾ ਜਵਾਬ ਦਿੰਦੀ ਹੈ।**




## 10 ਸਤੰਬਰ : ਵਿਸ਼ਵ ਆਤਮ ਹੱਤਿਆ ਰੋਕਥਾਮ ਦਿਹਾੜਾ

**- ਗੋਬਿੰਦਰ ਸਿੰਘ ਢੀਂਡਸਾ**

ਕੁਦਰਤ ਨੇ ਮਨੁੱਖੀ ਜੀਵਨ ਰੂਪੀ ਅਨਮੋਲ ਦਾਤ ਬਖਸ਼ੀ ਹੈ ਅਤੇ ਇਸ ਨੂੰ ਆਪਣੇ ਹੱਥੀਂ ਆਤਮ ਹੱਤਿਆ ਕਰਕੇ ਨਾਸ਼ ਕਰਨਾ ਜ਼ਿੰਦਗੀ ਨਾਲ ਬੇਇਨਸਾਫ਼ੀ ਹੈ। ਸੰਸਾਰ ਭਰ ਵਿੱਚ ਹੁੰਦੀਆਂ ਮੌਤਾਂ ਵਿੱਚ ਆਤਮ ਹੱਤਿਆ ਪਹਿਲੇ ਮੁੱਖ ਵੀਹ ਕਾਰਨਾਂ ਵਿੱਚ ਇੱਕ ਹੈ।

ਆਤਮ ਹੱਤਿਆ ਇੱਕ ਵਿਆਪਕ ਅਤੇ ਗੰਭੀਰ ਮੁੱਦਾ ਹੈ ਅਤੇ ਦੁਨੀਆਂ ਵਿੱਚ ਤਕਰੀਬਨ ਅੱਠ ਲੱਖ ਦੇ ਕਰੀਬ ਵਿਅਕਤੀ ਹਰ ਸਾਲ ਆਤਮ ਹੱਤਿਆ ਨਾਲ ਮੌਤ ਦੀ ਗੋਦ ਵਿੱਚ ਜਾ ਸੌਂਦੇ ਹਨ ਭਾਵ 40 ਸੈਕਿੰਡਾਂ ਵਿੱਚ ਇੱਕ ਵਿਅਕਤੀ ਆਤਮ ਹੱਤਿਆ ਕਰਦਾ ਹੈ ਅਤੇ ਇਸਤੋਂ ਪੰਝੀ ਗੁਣਾਂ ਜ਼ਿਆਦਾ ਲੋਕ ਆਤਮ ਹੱਤਿਆ ਦੀ ਕੋਸ਼ਿਸ਼ ਕਰਦੇ ਹਨ। 15 ਤੋਂ 29 ਸਾਲ ਦੇ ਵਿੱਚ ਮੌਤ ਦਾ ਦੂਜਾ ਮੁੱਖ ਕਾਰਨ ਆਤਮ ਹੱਤਿਆ ਹੀ ਹੈ। ਅੰਕੜਿਆਂ ਅਨੁਸਾਰ ਡਿਪਰੈਸ਼ਨ ਦੇ ਸ਼ਿਕਾਰ 60 ਫੀਸਦੀ ਲੋਕਾਂ ਵਿੱਚ ਆਤਮ ਹੱਤਿਆ ਕਰਨ ਦੀ ਤੀਬਰ ਇੱਛਾ ਹੁੰਦੀ ਹੈ ਅਤੇ ਇਹਨਾਂ ਵਿੱਚ 20 ਫੀਸਦੀ ਆਤਮ ਹੱਤਿਆ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਵਿੱਚੋਂ ਕੁਝ ਮੌਤ ਦੇ ਕਲਾਵੇਂ ਵਿੱਚ ਸਮਾ ਜਾਂਦੇ ਹਨ।

ਆਤਮ ਹੱਤਿਆ ਦੀ ਪ੍ਰਵਿਰਤੀ ਨੂੰ ਰੋਕਿਆ ਜਾ ਸਕਦਾ ਹੈ ਅਤੇ ਲੋਕਾਂ ਵਿੱਚ ਆਤਮ ਹੱਤਿਆ ਦੇ ਵਿਰੁੱਧ ਜਾਗਰੂਕਤਾ ਫੈਲਾਉਣ ਦੇ ਮੰਤਵ ਨਾਲ 2003 ਤੋਂ ਹਰ ਵਰ੍ਹੇ 10 ਸਤੰਬਰ ਨੂੰ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਹਾੜਾ ਮਨਾਇਆ ਜਾਂਦਾ ਹੈ। ਇਸ ਦਿਹਾੜੇ ਦੀ ਸ਼ੁਰੂਆਤ ਇੰਟਰਨੈਸ਼ਨਲ ਐਸੋਸੀਏਸ਼ਨ ਫੌਰ ਸੂਸਾਈਡ ਪ੍ਰੀਵੈਂਨਸ਼ਨ (ਆਈ.ਏ.ਐੱਸ.ਪੀ.) ਨੇ ਕੀਤੀ ਅਤੇ ਇਸ ਦਿਨ ਨੂੰ ਵਿਸ਼ਵ ਸਿਹਤ ਸੰਗਠਨ ਅਤੇ ਮਾਨਸਿਕ ਸਿਹਤ ਫੈੱਡਰੇਸ਼ਨ ਮਿਲ ਕੇ ਮਨਾਉਂਦੇ ਹਨ।

ਆਤਮ ਹੱਤਿਆ ਪਿੱਛੇ ਮਨੋਵਿਗਿਆਨਿਕ, ਸਮਾਜਿਕ, ਆਰਥਿਕ, ਪਰਿਵਾਰਿਕ ਅਤੇ ਵਿਅਕਤੀਗਤ ਕਾਰਨ ਹੋ ਸਕਦੇ ਹਨ। ਜੇਕਰ ਕਿਸੇ ਨੂੰ ਆਤਮ ਹੱਤਿਆ ਦੇ ਵਿਚਾਰ ਆ ਰਹੇ ਹਨ ਤਾਂ ਆਪਣੇ ਕਿਸੇ ਕਰੀਬੀ ਨਾਲ ਗੱਲ ਸਾਂਝੀ ਕਰਨੀ ਚਾਹੀਦੀ ਹੈ ਅਤੇ ਮਾਨਸਿਕ ਪ੍ਰੇਸ਼ਾਨੀ ਲਈ ਕਿਸੇ ਯੋਗ ਮਨੋਵਿਗਿਆਨਿਕ ਤੋਂ ਕਾਊਂਸਲਿੰਗ ਕਰਵਾਈ ਜਾ ਸਕਦੀ ਹੈ।

ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ ਕਿਉਂਕਿ ਜ਼ਿੰਦਗੀ ਵਿੱਚ ਉਤਾਰ ਚੜਾਅ ਆਉਂਦੇ ਰਹਿੰਦੇ ਹਨ ਸੋ ਜੀਵਨ ਵਿਚ ਦਰਪੇਸ਼ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ ਅਤੇ ਸਕਰਾਤਮਕਤਾ ਨਾਲ ਜੂਝਣਾ ਚਾਹੀਦਾ ਹੈ। ਮਨ ਦੀ ਨਕਰਾਤਮਕਤਾ ਨੂੰ ਸਕਰਾਤਮਕਤਾ ਵਿੱਚ ਬਦਲ ਕੇ ਆਤਮ ਹੱਤਿਆ ਤੋਂ ਬਚਿਆ ਜਾ ਸਕਦਾ ਹੈ।

ਪਿੰਡ ਤੇ ਡਾਕ. ਬਰੜ੍ਹਵਾਲ
ਤਹਿਸੀਲ ਧੂਰੀ (ਸੰਗਰੂਰ)
ਈਮੇਲ- bardwal.gobinder@gmail.com

## 15 ਸਤੰਬਰ ਨੂੰ 30ਵੀਂ ਬਰਸੀ ਤੇ ਵਿਸ਼ੇਸ਼

# ਸ਼ਹੀਦ ਭਾਈ ਸਵਰਨ ਸਿੰਘ ਹਮੀਰਾ ਸਿੱਖ ਸਟੂਡੈਂਟਸ ਫੈਡਰੇਸ਼ਨ

- ਲਵਸ਼ਿੰਦਰ ਸਿੰਘ ਡੱਲੇਵਾਲ
0044 7825813301

ਸਿੱਖੀ ਦੇ ਬੂਟੇ ਨੂੰ ਦਸ ਗੁਰੂ ਸਾਹਿਬਾਨ ਨੇ 239 ਸਾਲ ਲਾ ਕੇ ਪਾਲਿਆ ਤੇ ਇਸ ਨੂੰ ਬੇਸ਼ੁਮਾਰ ਗੁਣਾਂ ਨਾਲ ਸਿੰਜਿਆ ਕਿ ਜਦੋਂ ਵੀ ਜੁਲਮ ਦਾ ਤੂਫਾਨ ਆਵੇ ਤੇ ਇਹ ਡਿੱਗੇ ਡੋਲੇ ਨਾ ਸਗੋਂ ਅਣਖ ਨਾਲ ਜਿਉਂਦਿਆ ਡਟ ਕੇ ਜੁਲਮ ਦਾ ਮੁਕਾਬਲਾ ਕਰੇ। ਇਹ ਹੀ ਕਾਰਨ ਹੈ ਜਦੋਂ ਵੀ ਜੁਲਮ ਦਾ ਤੂਫਾਨ ਉਠਦਾ ਸਿੱਖ ਚੜਦੀ ਕਲਾ ਵਿੱਚ ਰਹਿਕੇ ਬੇ-ਗੈਰਤ ਦੀ ਜਿੰਦਗੀ ਨਾਲੋਂ ਅਣਖ ਨਾਲ ਜਿਉਣ ਨੂੰ ਤਰਜੀਹ ਦਿੰਦਾ ਤੇ ਜੁਲਮ ਵਿਰੁੱਧ ਲੜਦਿਆਂ ਸ਼ਹੀਦਾਂ ਦੀ ਕਤਾਰ ਵਿੱਚ ਸ਼ਾਮਲ ਹੋ ਜਾਂਦਾ। ਸਾਲ 1984 ਵਿੱਚ ਵੀ ਜੁਲਮ ਦਾ ਤੂਫਾਨ ਉਠਿਆ ਜਿਸ ਨੇ ਸਿੱਖ ਕੌਮ ਦੀ ਨਸ਼ਲਕੁਸ਼ੀ ਕਰਕੇ ਇਸ ਨੂੰ ਖਤਮ ਕਰਨ ਦੀ ਕੋਸ਼ਿਸ ਕੀਤੀ । ਇਸ ਜ਼ੁਲਮੀ ਤੂਫਾਨ ਨੂੰ ਰੋਕਣ ਵਾਸਤੇ ਅਣਗਿਣਤ ਸਿੱਖ ਨੌਜਵਾਨ ਚੜਦੀ ਕਲਾ ਵਿੱਚ ਰਹਿ ਕੇ ਅਣਖ ਨਾਲ ਜਿਉਂਦਿਆਂ ਜੁਲਮ ਵਿਰੁੱਧ ਲੜਦਿਆਂ ਸ਼ਹੀਦੀ ਪ੍ਰਾਪਤ ਕਰ ਗਏ। ਇਨਾਂ ਸ਼ਹੀਦ ਸਿੰਘਾਂ ਵਿੱਚੋਂ ਹੀ ਸ਼ਹੀਦ ਭਾਈ ਸਵਰਨ ਸਿੰਘ ਦਾ ਜਨਮ 15 ਅਕਤੂਬਰ 1968 ਨੂੰ ਪਿਤਾ ਸੁਰਜੀਤ ਸਿੰਘ ਤੇ ਮਾਤਾ ਜਸਬੀਰ ਕੌਰ ਦੇ ਘਰ ਪਿੰਡ ਹਮੀਰਾ ਜਿਲਾ ਕਪੂਰਥਲਾ ਵਿਖੇ ਹੋਇਆ। ਪਰਿਵਾਰ ਵਿੱਚ ਭਾਈ ਸਵਰਨ ਸਿੰਘ ਚਾਰ ਭੈਣ ਭਰਾਵਾਂ ਮੁਖਤਿਆਰ ਸਿੰਘ, ਸਤਨਾਮ ਸਿੰਘ, ਸੁਖਵੰਤ ਕੌਰ, ਰਜਵੰਤ ਕੌਰ ਤੋ ਛੋਟੇ ਤੇ ਇੱਕ ਭੈਣ ਬਲਵਿੰਦਰ ਕੌਰ ਤੋਂ ਵੱਡੇ ਸਨ। ਸਵਰਨ ਸਿੰਘ ਨੂੰ ਬਚਪਨ ਸਮੇਂ ਸੋਕੜੇ ਦੀ ਬਿਮਾਰੀ ਲੱਗ ਗਈ। ਵਾਹਿਗੁਰੂ ਦੀ ਕ੍ਰਿਪਾ ਨਾਲ ਠੀਕ ਹੋਏ ਤੇ ਪੰਜ ਸਾਲ ਦੀ ਉਮਰ ਵਿੱਚ ਪਿੰਡ ਦੇ ਸਕੂਲ ਵਿੱਚ ਪੜਨ ਲੱਗ ਪਏ। ਛੇਵੀਂ ਵਿੱਚ ਪੜਦਿਆਂ ਭਾਈ ਸਵਰਨ ਸਿੰਘ ਦੀ ਫੂਡ ਵਾਲੀ ਪਾਇਪ ਬੰਦ ਹੋ ਗਈ ਤੇ 18 ਟਾਂਕਿਆ ਦਾ ਮੇਜਰ ਉਪਰੇਸ਼ਨ ਹੋਇਆ। ਸੱਤਵੀਂ ਤੱਕ ਦੀ ਪੜਾਈ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਕੇ 1983 ਵਿੱਚ ਕਪੂਰਥਲੇ ਆਈ ਟੀ ਆਈ ਸਕੂਲ਼ ਅੱਠਵੀਂ ਵਿੱਚ ਦਾਖਲਾ ਲੈ ਲਿਆ। ਜੂਨ 1984 ਵਿੱਚ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਉਤੇ ਇੰਦਰਾ ਗਾਧੀ ਦੀ ਸਰਕਾਰ ਨੇ ਹਮਲਾ ਕਰਕੇ ਹਜਾਰਾਂ ਦੀ ਗਿਣਤੀ ਵਿੱਚ ਸਿੱਖ ਨੌਜਵਾਨਾਂ, ਬਜੁਰਗਾਂ, ਬੀਬੀਆਂ, ਬੱਚਿਆਂ ਨੂੰ ਸ਼ਹੀਦ ਕਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ। ਇਸ ਜੁਲਮ ਦਾ ਸਿੱਖ ਨੌਜਵਾਨਾਂ ਤੇ ਬਹੁਤ ਡੂੰਗਾ ਅਸਰ ਹੋਇਆ ਤੇ ਉਹ ਸਿੱਖ ਸੰਘਰਸ਼ ਦੇ ਰਾਹ ਤੁਰ ਪਏ। ਭਾਈ ਸਵਰਨ ਸਿੰਘ ਤੇ ਵੀ ਇਸ ਜੁਲਮ ਦਾ ਬਹੁਤ ਅਸਰ ਹੋਇਆ ਤੇ ਉਹ ਛੋਟੀ ਉਮਰ ਵਿੱਚ ਹੀ 1984/85 ਵਿੱਚ 15/16 ਸਾਲ ਦੀ ਉਮਰ ਵਿੱਚ ਸਿੱਖ ਸੰਘਰਸ਼ ਨਾਲ ਜੁੜ ਗਿਆ। ਨੌਵੀਂ ਵਿੱਚ ਪੜਦੇ ਸਮੇਂ ਸਵਰਨ ਸਿੰਘ ਦਾ ਸੰਪਰਕ ਸ਼ਹੀਦ ਭਾਈ ਗੁਰਜੀਤ ਸਿੰਘ ਪਟਵਾਰੀ, ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋਂ, ਸ਼ਹੀਦ ਭਾਈ ਕੁਲਦੀਪ ਸਿੰਘ ਢਿਲਵਾਂ, ਸ਼ਹੀਦ ਭਾਈ ਰਘਬੀਰ ਸਿੰਘ ਨਿਮਾਣਾ ਨਾਲ ਹੋਇਆ ਤੇ ਇਹ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਸਰਗਰਮ ਮੈਂਬਰ ਬਣ ਗਿਆ ਤੇ ਫੈਡਰੇਸ਼ਨ ਦੀਆਂ ਸਰਗਰਮੀਆਂ ਵਿੱਚ ਵੱਧ ਚੜਕੇ ਹਿੱਸਾ ਲੈਣ ਲੱਗ ਪਿਆ।

ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮੈਂਬਰ ਬਣ ਜਾਣਾ ਕੋਈ ਗੁਨਾਹ ਨਹੀਂ ਸੀ ਕਿਉਂਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਮਕਸਦ ਨੌਜਵਾਨਾਂ ਨੂੰ ਚੰਗੀ ਸੋਚ ਤੇ ਸੇਧ ਦੇਣੀ ਸੀ ਤਾਂ ਜੋ ਨੌਜਵਾਨ ਵਧੀਆ ਜੀਵਨ ਜਾਚ ਦੇ ਧਾਰਨੀ ਹੋ ਕੇ ਸਿੱਖ ਕੌਮ ਦੀ ਅਗਵਾਈ ਕਰਨ ਵਾਲੇ ਚੰਗੇ ਲੀਡਰ ਬਣ ਸਕਣ। ਪਰ ਸਰਕਾਰ ਨੂੰ ਇਹ ਮਨਜੂਰ ਨਹੀਂ ਸੀ। ਉਹ ਤੇ ਚਾਹੁੰਦੀ ਸੀ ਸਿੱਖ ਉਸ ਦੇ ਰਹਿਮੋ ਕਰਮੋ ਤੇ ਪਲਣ ਤੇ ਆਪਣੇ ਹੱਕ ਭੁੱਲ ਜਾਣ। ਇਸੇ ਕਰਕੇ ਸਿੱਖਾਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਸੀ। ਸਿੱਖਾਂ ਨੂੰ ਆਪਣੀ ਅਣਖ ਮਾਰਕੇ ਜਿਉਣਾ ਮਨਜੂਰ ਨਹੀਂ ਸੀ ਤੇ ਉਹ ਹਰ ਹਾਲਤ ਵਿੱਚ ਜੁਲਮ ਵਿਰੁੱਧ ਲੜਨ ਲਈ ਤਿਆਰ ਹੋ ਗਏ। ਵਾਹਿਗੁਰੂ ਨੇ ਭਾਈ ਸਵਰਨ ਸਿੰਘ ਤੋਂ ਸੇਵਾ ਕਰਵਾਉਣੀ ਸੀ ਇਸੇ ਕਰਕੇ ਇਨਾਂ ਬਿਮਾਰ ਰਹਿਣ ਕਰਕੇ ਵੀ ਠੀਕ ਹੋ ਗਿਆ ਤੇ ਸੇਵਾ ਵਿੱਚ ਲੱਗ ਗਿਆ। ਬਚਪਨ ਵਿੱਚ ਹੀ ਭਾਈ ਸਵਰਨ ਸਿੰਘ ਬੜਾ ਹੱਸਮੁੱਖ ਮਿਲਣਸਾਰ ਮਿਲਾਪੜਾ ਤੇ ਦਲੇਰ ਸੁਭਾਅ ਦਾ ਮਾਲਕ ਸੀ। ਉਸ ਨੂੰ ਲਿਖਣ ਤੇ ਗਾਉਣ ਦਾ ਬਹੁਤ ਸ਼ੌਕ ਸੀ। ਨੌਵੀਂ-ਦਸਵੀਂ ਵਿੱਚ ਪੜਦਿਆਂ ਭਾਈ ਸਵਰਨ ਸਿੰਘ ਦੀ ਕਪੂਰਥਲੇ ਨਾਕੇ ਤੇ ਡੀ ਐਸ ਪੀ ਨਾਲ ਬਹਿਸ ਹੋ ਗਈ। ਪੁਲਿਸ ਵਾਲੇ ਨਾਕੇ ਤੋਂ ਆਪਣੀ ਜਾਣ ਪਹਿਚਾਣ ਵਾਲਿਆਂ ਨੂੰ ਲੰਘਾ ਦਿੰਦੇ ਸੀ ਤੇ ਹੋਰ ਕਿਸੇ ਨੂੰ ਲੰਘਣ ਨਹੀਂ ਸੀ ਦਿੰਦੇ। ਸਵਰਨ ਸਿੰਘ ਕਹਿੰਦਾ ਜਾਂ ਤੇ ਸਾਰੇ ਇਧਰ ਦੀ ਲੰਘਣ ਜਾਂ ਕੋਈ ਵੀ ਨਾ ਲੰਘੇ। ਕਾਨੂੰਨ ਸਭ ਲਈ ਬਰਾਬਰ ਹੋਣਾ ਚਾਹੀਦਾ। ਇਸ ਦੀ ਇੱਕ ਦੋ ਵਾਰੀ ਪਹਿਲਾਂ ਵੀ ਬੇਇਨਸਾਫੀ ਵਿਰੁੱਧ ਡੀ ਐਸ ਪੀ ਦੇ ਬੰਦਿਆਂ ਨਾਲ ਬਹਿਸ ਹੋ ਚੁੱਕੀ ਸੀ। ਬਹਿਸ ਕਰਕੇ ਬਾਕੀ ਨਾਲ ਦੇ ਸਾਥੀ ਬੱਚ ਕੇ ਨਿਕਲ ਗਏ ਤੇ ਪੁਲਿਸ ਨੇ ਸਵਰਨ ਸਿੰਘ ਨੂੰ ਫੜ ਲਿਆ। 17 ਸਾਲ ਦੀ ਉਮਰ ਵਿੱਚ ਕਪੂਰਥਲੇ ਥਾਣੇ ਵਿੱਚ ਪੁਲਿਸ ਨੇ ਬਹੁਤ ਤਸ਼ੱਦਦ ਕੀਤਾ ਤੇ ਕਹਿੰਦੇ ਮੁਆਫੀ ਮੰਗ। ਸਵਰਨ ਸਿੰਘ ਕਹਿੰਦਾ ਕੋਈ ਗਲਤ ਕੰਮ ਨਹੀਂ ਕੀਤਾ ਤੇ ਮੁਆਫੀ ਕਿਉਂ ਮੰਗਾ। ਬਾਅਦ ਵਿੱਚ ਆਪ ਨੂੰ ਛੁਡਵਾ ਲਿਆ। ਭਾਈ ਸਵਰਨ ਸਿੰਘ ਜਿੱਥੇ ਸਟੈਂਡ ਲੈ ਲੈਂਦਾ ਸੀ ਪਿੱਛੇ ਨਹੀਂ ਸੀ ਹੱਟਦਾ ਇਮਾਨਦਾਰ ਤੇ ਸੱਚ ਦਾ ਪਾਂਧੀ ਸੀ। ਹਾਸਾ ਮਖੌਲ ਕਰਦਾ ਹੀ ਘਰ ਆਉਂਦਾ ਤੇ ਹਾਸਾ ਮਖੌਲ ਕਰਦਿਆਂ ਹੀ ਘਰੋਂ ਪੜਨ ਚਲੇ ਜਾਂਦਾ ਸੀ। ਸਕੂਲ ਦੇ ਪ੍ਰਿੰਸੀਪਲ ਨੇ ਘਰਦਿਆਂ ਨੂੰ ਦੱਸਿਆ ਵੀ ਕਿ ਸਵਰਨ ਦੀ ਉਮਰ ਬਹੁਤ ਛੋਟੀ ਹੈ ਪਰ ਇਸ ਦੀ ਦੋਸਤੀ ਕਾਲਜ ਦੇ ਵੱਡੇ ਮੁੰਡਿਆਂ ਨਾਲ ਹੈ। ਭਾਈ ਸਵਰਨ ਸਿੰਘ ਵਿੱਚ ਇਹ ਗੁਣ ਸੀ ਕਿ ਜੇ ਘਰ ਵਿੱਚ ਕੋਈ ਕੁਝ ਕਹਿੰਦਾ ਸੀ ਤੇ ਉਸ ਨੇ ਅੱਗੋਂ ਹੱਸੀ ਜਾਣਾ ਤੇ ਦੂਜਿਆਂ ਨੂੰ ਵੀ ਹੱਸਣ ਲਾ ਦੇਣਾ।

ਕਰਤਾਰਪੁਰ ਜਨਤਾ ਕਾਲਜ ਕਾਂਗਰਸ ਦੇ ਲੀਡਰ ਚੌਧਰੀ ਜਗਜੀਤ ਦੇ ਅੰਡਰ ਸੀ ਤੇ ਉਹ ਉੱਥੇ ਸਿੱਖ ਸਟੂਡੈਂਟਸ ਫੈਡਰੇਸ਼ਨ ਬਣਨ ਨਹੀਂ ਸੀ ਦਿੰਦਾ। ਇਥੇ ਫੈਡਰੇਸ਼ਨ ਬਣਾਉਣ ਲਈ ਭਾਈ ਸਵਰਨ ਸਿੰਘ ਨੇ ਗਿਆਰਵੀਂ ਵਿੱਚ ਸ਼ਹੀਦ ਭਾਈ ਕੁਲਦੀਪ ਸਿੰਘ ਢਿਲ਼ਵਾਂ, ਸ਼ਹੀਦ ਭਾਈ ਗੁਰਮੀਤ ਸਿੰਘ ਪਟਵਾਰੀ, ਸ਼ਹੀਦ ਭਾਈ ਰਘਬੀਰ ਸਿੰਘ ਨਿਮਾਣਾ ਤੇ ਹੋਰ ਸਿੰਘਾਂ ਦੇ ਕਹਿਣ ਤੇ ਐਡਮੀਸ਼ਨ ਲੈ ਲਈ। ਬਹੁਤ ਮੁਸ਼ਕਲਾਂ ਦੇ ਬਾਅਦ ਭਾਈ ਸਵਰਨ ਸਿੰਘ ਨੇ ਕਾਲਜ ਵਿੱਚ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਦੋ ਯੂਨਿਟ ਕਾਇਮ ਕਰ ਦਿੱਤੇ ਇੱਕ ਸਿੱਖ ਨੌਜਵਾਨਾਂ ਦਾ ਤੇ ਦੂਜਾ ਭੈਣਾਂ ਦਾ ਗਰੁੱਪ। ਉਹ ਭੈਣਾਂ ਵੀ ਸਿੱਖ ਸੰਘਰਸ਼ ਵਿੱਚ ਵੱਧ ਚੜਕੇ ਹਿੱਸਾ ਲੈਣ ਲੱਗੀਆਂ।

ਭਾਈ ਸਵਰਨ ਸਿੰਘ ਨੂੰ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਪ੍ਰਧਾਨ ਬਣਾ ਦਿੱਤਾ ਗਿਆ। ਭਾਈ ਸਵਰਨ ਸਿੰਘ ਦੀ



ਭੂਆ ਦਾ ਪੁੱਤਰ ਸਰਬਜੀਤ ਸਿੰਘ ਵੀ ਇਸੇ ਕਾਲਜ ਵਿੱਚ ਪੜਦਾ ਸੀ ਤੇ ਇਨਾਂ ਦੇ ਕੋਲ ਹੀ ਰਹਿੰਦਾ ਸੀ। ਦੋਨੋਂ ਭਰਾ ਇਕੱਠੇ ਕਾਲਜ ਜਾਂਦੇ ਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੀਆਂ ਸਰਗਰਮੀਆਂ ਵਿੱਚ ਵੱਧ ਚੜਕੇ ਹਿੱਸਾ ਲੈਂਦੇ। ਭਾਈ ਸਵਰਨ ਸਿੰਘ ਦੀ ਪਰਸਨੈਲਿਟੀ ਇਸ ਤਰਾਂ ਦੀ ਸੀ ਕਿ ਹਰ ਕੋਈ ਉਸ ਤੋਂ ਪ੍ਰਭਾਵਿਤ ਹੋ ਜਾਂਦਾ ਸੀ। ਉਹ ਆਪਣੇ ਆਪ ਨੂੰ ਸਿੱਖ ਸੰਘਰਸ਼ ਲਈ ਸਮਰਪਿਤ ਕਰ ਚੁੱਕਾ ਸੀ। ਪੂਰੀ ਲਗਨ ਤੇ ਮਿਹਨਤ ਨਾਲ ਕੌਮੀ ਸੰਘਰਸ਼ ਵਿੱਚ ਸੇਵਾ ਕਰਦਾ ਸੀ। ਉਸ ਟਾਇਮ ਸਿੱਖ ਸੰਘਰਸ਼ ਨੂੰ ਬਦਨਾਮ ਕਰਨ ਲਈ ਸਿੰਘਾਂ ਦੇ ਨਾਮ ਤੇ ਕਈ ਗਲਤ ਕੰਮ ਵੀ ਕੀਤੇ ਜਾਂਦੇ ਸੀ ਤਾਂ ਜੋ ਸਿੱਖ ਸੰਘਰਸ਼ ਨੂੰ ਢਾਹ ਲੱਗੇ। ਕਾਲਜ ਦੀ ਗੇਟਕੀਪਰ ਆਂਟੀ ਨੂੰ ਸਿੰਘਾਂ ਦੇ ਨਾਮ ਤੇ ਲੈਟਰ ਆਇਆ ਜਿਸ ਵਿੱਚ ਪੈਸਿਆਂ ਦੀ ਮੰਗ ਕੀਤੀ ਗਈ।

ਸਵਰਨ ਸਿੰਘ ਨੇ ਜਦੋਂ ਪਤਾ ਕੀਤਾ ਤੇ ਉਹ ਗੇਟ ਕੀਪਰ ਆਂਟੀ ਦਾ ਰਿਸ਼ਤੇਦਾਰ ਹੀ ਨਿਕਲਿਆ। ਸਵਰਨ ਸਿੰਘ ਨੇ ਉਸ ਬੰਦੇ ਨੂੰ ਤਾੜਨਾ ਕੀਤੀ ਕਿ ਸਿੰਘਾਂ ਦੇ ਨਾਮ ਤੇ ਗਲਤ ਕੰਮ ਨਾ ਕਰੇ। ਉਸ ਨੇ ਪੁਲਿਸ ਕੋਲ ਸ਼ਿਕਾਇਤ ਕਰ ਦਿੱਤੀ ਕਿ ਸਵਰਨ ਦੇ ਖਾੜਕੂਆਂ ਨਾਲ ਸਬੰਧ ਹਨ। ਪੁਲਿਸ ਨੇ ਸਵਰਨ ਸਿੰਘ ਨੂੰ ਤੜਕੇ ਘਰੋਂ ਸੁੱਤੇ ਪਏ ਨੂੰ ਫੜ ਲਿਆ ਪਰ ਜਲਦੀ ਹੀ ਛੁਡਾ ਲਿਆ ਗਿਆ। ਭਾਈ ਸਵਰਨ ਸਿੰਘ ਦੇ ਨਾਲ ਪੜਦੀਆ ਕਈ ਭੈਣਾਂ ਨਾਲ ਵੀ ਗੱਲ ਹੋਈ ਜਿਨਾਂ ਦਾ ਕਹਿਣਾ ਸੀ ਕਿ ਸਵਰਨ ਦੇ ਹੁੰਦਿਆਂ ਸਾਨੂੰ ਕੋਈ ਪ੍ਰਵਾਹ ਨਹੀਂ ਸੀ ਹੁੰਦੀ।

ਸਾਨੂੰ ਬੜਾ ਮਾਣ ਹੁੰਦਾ ਸੀ ਸਵਰਨ ਵੀਰ ਤੇ। ਸਾਲ 1987 ਦੌਰਾਨ ਇਕ ਖਾੜਕੂ ਸਿੰਘ ਸਵਰਨ ਸਿੰਘ ਨੂੰ ਪਸਤੌਲ ਫੜਾ ਕੇ ਗਿਆ ਜੋ ਇਸ ਨੇ ਘਰ ਦੇ ਪਿੱਛੇ ਕਮਾਦ ਵਿੱਚ ਨੱਪ ਦਿੱਤਾ। ਉੱਥੋ ਗੁਆਢੀਆਂ ਦੇ ਨੌਕਰ ਭਈਏ ਨੇ ਕੱਢ ਲਿਆ ਤੇ ਅੰਮ੍ਰਿਤਸਰ ਜਾਂਦਾ ਫੜਿਆ ਗਿਆ। ਉਸ ਨੇ ਭਾਈ ਸਵਰਨ ਸਿੰਘ ਦਾ ਨਾਮ ਲੈ ਦਿੱਤਾ।

22 ਅਕਤੂਬਰ 1987 ਨੂੰ ਦਿਵਾਲੀ ਵਾਲੇ ਦਿਨ ਅੰਮ੍ਰਿਤਸਰ ਮਾਲ ਮੰਡੀ ਦੀ ਪੁਲਿਸ ਗੁਰਮੇਲ ਦੀ ਅਗਵਾਈ ਵਿੱਚ ਭਾਈ ਸਵਰਨ ਸਿੰਘ ਦੇ ਪਿਤਾ ਜੀ ਨੂੰ ਫੜ ਕੇ ਲੈ ਗਈ ਤੇ ਬਾਅਦ ਵਿੱਚ ਸਵਰਨ ਸਿੰਘ ਨੂੰ ਪੇਸ਼ ਕਰਵਾਇਆ ਗਿਆ। \

ਜਿੱਥੇ ਇਸ ਨੇ ਥਾਣੇ ਵਿੱਚ ਭਈਏ ਨੂੰ ਕੁੱਟ ਦਿੱਤਾ ਤੇ ਪੁਲਿਸ ਸਵਰਨ ਸਿੰਘ ਨੂੰ ਬੁੱਚੜਖਾਨੇ ਸਪੈਸ਼ਲ ਇੰਨਟੈਰੋਗੇਸ਼ਨ ਸੈਂਟਰ ਲੈ ਗਈ। ਜਿੱਥੇ ਗਰਮ ਸਰੀਏ, ਗਰਮ ਪਰੈਸਾਂ, ਕਰੰਟ, ਘੋਟਨੇ ਲਾਏ ਗਏ ਮਤਲਬ ਕੀ ਪੁਲਿਸ ਨੇ ਥਰਡ ਡੀਗਰੀ ਦਾ ਹਰ ਤਰੀਕਾ ਵਰਤ ਕੇ ਦੇਖਿਆ ਪਰ ਭਾਈ ਸਵਰਨ ਸਿੰਘ ਕੁਝ ਵੀ ਨਾ ਮੰਨਿਆ। ਉਸ ਟਾਈਮ ਉਸ ਦੀ ਉਮਰ 19 ਕੁ ਸਾਲ ਦੀ ਸੀ। ਪੁਲਿਸ ਨੇ ਝੂਠਾ ਕੇਸ ਪਾਇਆ ਕਿ ਦਰਬਾਰ ਸਾਹਿਬ ਵਿੱਚ ਅਕਾਲ ਤਖਤ ਸਾਹਿਬ ਜੀ ਦੇ ਸਾਹਮਣੇ ਖਾਲਿਸਤਾਨ ਦੇ ਨਾਅਰੇ ਲਾਉਂਦਿਆਂ ਅਸਲੇ ਸਮੇਤ ਫੜਿਆ। ਭਾਈ ਸਵਰਨ ਸਿੰਘ ਦੀ ਸਿਹਤ ਅਜੇ ਠੀਕ ਵੀ ਨਹੀਂ ਸੀ ਹੋਈ ਤੇ ਕਰਤਾਰਪੁਰ ਦੀ ਪੁਲਿਸ ਰਿਮਾਂਡ ਤੇ ਲੈ ਆਈ। ਜਿਸ ਨੇ ਦੋ ਝੂਠੇ ਕੇਸ ਪਾ ਦਿੱਤੇ। ਫਿਰ ਸੁਭਾਨਪੁਰ ਦੀ ਪੁਲਿਸ ਰਿਮਾਂਡ ਤੇ ਲੈ ਆਈ। ਸੁਭਾਨਪੁਰ ਥਾਣੇ ਵਿੱਚ ਮਾਤਾ ਜੀ ਮਿਲਣ ਗਏ ਤੇ ਮਾਤਾ ਜੀ ਪਿਆਰ ਨਾਲ ਪਿੱਠ ਤੇ ਹੱਥ ਫੇਰਨ ਤੇ ਸਵਰਨ ਸਿੰਘ ਹੱਥ ਫੜ ਕੇ ਪਾਸੇ ਕਰ ਦੇਵੇ ਕਿਉਂਕਿ ਉਸ ਦੇ ਸਾਰੇ ਸਰੀਰ ਤੇ ਜਖਮ ਸੀ। ਉਸੇ ਟਾਈਮ ਥਾਣੇਦਾਰ ਝੂਠੇ ਕੇਸ ਪਸਤੌਲ ਬਰਾਮਦੀ ਦੇ ਪੇਪਰਾਂ ਤੇ ਸਾਈਨ ਕਰਵਾਉਣ ਆ ਗਿਆ। ਭਾਈ ਸਵਰਨ ਸਿੰਘ ਉਸ ਨਾਲ ਬਹਿਸ ਕਰਨ ਲੱਗ ਪਿਆ ਤੇ ਕਹਿੰਦਾ 'ਸਵਾਦ ਤੇ ਤਾਂ ਸੀ ਜੇ ਪਸਤੌਲ ਮੇਰੇ ਕੋਲੋਂ ਬਰਾਮਦ ਕਰਕੇ ਪਾਉਂਦਾ'। ਮਾਤਾ ਜੀ ਕਹਿੰਦੇ 'ਸਵਰਨ ਅਫਸਰਾਂ ਨੂੰ ਇਸ ਤਰਾਂ ਨਹੀਂ ਬੋਲੀਦਾ'। ਸਵਰਨ ਸਿੰਘ ਕਹਿੰਦਾ 'ਅਫਸਰ ਹੋਊ ਆਪਣੀ ਕੁਰਸੀ ਤੇ ਹੋਊ ਨਾਲੇ ਜੋ ਇਨਾਂ ਮੇਰਾ ਕਰਨਾ ਸੀ ਕਰ ਲਿਆ ਹੁਣ ਹੋਰ ਕੀ ਕਰ ਲੈਣਗੇ।' ਸਰਪੰਚ ਦੇ ਕਹਿਣ ਤੇ ਸਵਰਨ ਸਿੰਘ ਨੇ ਸਾਇਨ ਕਰ ਦਿੱਤੇ। ਜਦੋਂ ਪੁਲਿਸ ਨੇ ਭਾਈ ਸਵਰਨ ਸਿੰਘ ਨੂੰ ਜੇਲ ਵਿੱਚ ਛੱਡਣ ਜਾਣਾ ਸੀ ਤੇ ਪੈਸੇ ਦੇ ਕੇ ਹਮੀਰੇ ਅੱਡੇ ਉਪਰ ਰੋਕਿਆ ਕਿ ਸਾਰਾ ਪਰਿਵਾਰ ਮਿਲ ਲਵੇਗਾ। ਉਸ ਟਾਇਮ ਪਿੰਡ ਦੀ ਮਿਲ ਵਿੱਚ ਛੁੱਟੀ ਹੋਈ ਸੀ।

ਜਦੋਂ ਉਨਾਂ ਸਾਰਿਆਂ ਨੂੰ ਪਤਾ ਲੱਗਾ ਕਿ ਗੱਡੀ ਵਿੱਚ ਸਵਰਨ ਸਿੰਘ ਬੈਠਾ ਤੇ ਉਹ ਸਾਰੇ ਅੱਗੇ ਹੋਕੇ ਮਿਲੇ ਤੇ ਨਾਲੇ ਸਤਿਕਾਰ ਵਜੋ ਝੋਲੀ ਵਿੱਚ ਪੈਸੇ ਪਾਉਣ ਲੱਗ ਪਏ। ਉਥੇ ਮਹੌਲ ਬੜਾ ਭਾਵੁਕ ਹੋ ਗਿਆ। ਪੰਜ ਦੱਸ ਮਿੰਟ ਰੋਕ ਕੇ ਪੁਲਿਸ ਵਾਲੇ ਸਵਰਨ ਸਿੰਘ ਨੂੰ ਜੇਲ਼ ਵਿੱਚ ਛੱਡ ਆਏ।

ਬਾਕੀ ਸਫ਼ਾ 29 'ਤੇ

# ਸਿੱਖ ਰਾਜ ਦੀ ਵਿਰਾਸਤ ਬੁੰਗਾ ਰਾਮਗੜੀਆ

- ਪਰਮਜੀਤ ਸਿੰਘ

1765 ਈਸਵੀ ਵਿਚ ਸਿੱਖ ਮਿਸਲਾਂ ਦਾ ਪੰਜਾਬ ਵਿਚ ਬੋਲਬਾਲਾ ਹੋਇਆ ਤਾਂ ਇਹ ਸ਼ਹਿਰ ਕਈ ਮਿਸਲਾਂ ਦੇ ਮੁਖੀਆਂ ਦੇ ਪ੍ਰਬੰਧ ਹੇਠ ਆਇਆ। ਬਹੁਤ ਸਾਰੇ ਸਰਦਾਰਾਂ ਤੇ ਮੁਖੀਆਂ ਨੇ ਸਰੋਵਰ ਹਰਿਮੰਦਰ ਸਾਹਿਬ ਦੇ ਆਸ-ਪਾਸ ਬੁੰਗੇ ਤੇ ਕਟੜੇ ਬਣਾਏ ਤਾਂ ਜੋ ਲੋਕ ਵਪਾਰ ਵਿਚ ਨਿਪੁੰਨ ਹੋ ਸਕਣ। ਹਰਿਮੰਦਰ ਸਾਹਿਬ ਦੀ ਪਰਿਕਰਮਾ ਦੀ ਚੌੜਾਈ ਦੌਰਾਨ ਕਈ ਬੁੰਗੇ ਤੋੜ ਦਿੱਤੇ ਪਰ ਬੁੰਗਾ ਰਾਮਗੜੀਆ ਹਟਵਾਂ ਹੋਣ ਕਾਰਨ ਬਚ ਗਿਆ। 1783 ਈ: ਵਿਚ ਜਦੋਂ ਬਾਬਾ ਜੱਸਾ ਸਿੰਘ ਰਾਮਗੜੀਆ ਨੇ ਆਪਣੇ ਸਾਥੀਆਂ ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਬਘੇਲ ਸਿੰਘ ਦੇ ਨਾਲ ਮਿਲ ਕੇ ਕਿਲੇ ਨੂੰ ਜਿੱਤਿਆ ਤੇ ਦਿੱਲੀ ਫ਼ਤਹਿ ਕੀਤੀ ਤਾਂ ਤਖ਼ਤੇ ਤਾਊਸ ਦੀ ਉਹ ਸਿਲ ਜਿਸ ਤੋਂ ਬਿਨਾਂ ਮੁਗ਼ਲ ਰਾਜਿਆਂ ਦੀ ਤਾਜਪੋਸ਼ੀ ਨਹੀਂ ਸੀ ਕੀਤੀ ਜਾਂਦੀ, ਜਿਸ ਸਿਲ 'ਤੇ ਬੈਠ ਕੇ ਔਰੰਗਜ਼ੇਬ ਵਲੋਂ ਨੌਵੇਂ ਪਾਤਸ਼ਾਹ ਨੂੰ ਫਤਵੇ ਲਾਏ, ਉਸ ਸਿਲ ਨੂੰ ਤਖਤ ਨਾਲੋਂ ਉਖਾੜ ਕੇ ਸੰਗਲਾਂ ਨਾਲ ਜੋੜ ਕੇ ਗੁਰੂ ਨਗਰੀ ਵਿਚ ਅਰਪਨ ਕੀਤਾ ਜੋ ਅੱਜ ਵੀ ਦਿੱਲੀ ਤਖ਼ਤ 'ਤੇ ਸਿੰਘਾਂ ਦੀ ਜਿੱਤ ਦੇ ਪ੍ਰਤੀਕ ਵਜੋਂ ਇਥੇ ਮੌਜੂਦ ਹੈ।

ਇਸ ਬੁੰਗੇ ਦੀ ਸਭ ਤੋਂ ਹੇਠਲੀ ਮੰਜ਼ਲ ਪਾਣੀ ਵਿਚ ਹੈ, ਜਿੱਥੇ ਪਹੁੰਚਣਾ ਸੰਭਵ ਨਹੀਂ। ਦੂਸਰੀ ਮੰਜ਼ਲ ਵਿਚ ਹਰ ਤਰਾਂ ਦੇ ਹਥਿਆਰ ਤੇ ਖਾਣ-ਪੀਣ ਦਾ ਸਾਮਾਨ ਰੱਖਣ ਤੇ ਜਮਾਂ ਕਰਨ ਲਈ ਥਾਂ ਵਰਤੀ ਜਾਂਦੀ ਹੋਵੇਗੀ। ਤੀਸਰੀ ਮੰਜ਼ਲ ਵਿਚ ਬਹੁਤ ਵੱਡਾ ਦਰਬਾਰ ਹਾਲ ਹੈ। ਇਥੇ ਮਹਾਰਾਜੇ ਦਾ ਤਖ਼ਤ ਰੱਖਣ ਵਾਲੀਆਂ ਪੌੜੀਆਂ ਸਹਿਤ ਸਟੇਜ ਬਣੀ ਹੋਈ ਹੈ ਤੇ ਅਹਿਲਕਾਰਾਂ ਤੇ ਕੈਦੀਆਂ ਲਈ ਕਮਰੇ ਬਣੇ ਹੋਏ ਹਨ। ਸਾਰੀ ਇਮਾਰਤ ਦੇ ਬਹੁਤ ਹੀ ਮਜ਼ਬੂਤ ਤੇ ਵੱਡੇ-ਵੱਡੇ ਥੰਮ ਤੇ ਡਾਟਾਂ ਵਾਲੀਆਂ ਛੱਤਾਂ ਹਨ। ਚੌਥੀ ਤੇ ਉਪਰਲੀ ਮੰਜ਼ਲ ਵਿਚ ਖੁੱਲੇ ਵਿਹੜੇ ਤੋਂ ਇਲਾਵਾ ਉੱਤਰ-ਦੱਖਣ ਵੱਲ ਵੱਡੇ-ਵੱਡੇ ਹਾਲ ਤੇ ਕਮਰੇ ਬਣੇ ਹਨ। ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਜਾਣ ਲਈ ਦੁੱਖ ਭੰਜਨੀ ਬੇਰੀ ਦੇ ਠੀਕ ਸਾਹਮਣੇ ਬਣੀਆਂ ਪਉੜੀਆਂ ਰਾਹੀਂ ਉਤਰਨ ਦੀ ਵਿਵਸਥਾ ਹੈ। ਪੱਛਮ ਵੱਲ ਹਰਿਮੰਦਰ ਸਾਹਿਬ ਵਾਲੇ ਪਾਸੇ 40 ਥੰਮਾਂ ਵਾਲੀ ਸ਼ਾਨਦਾਰ ਚੌਥੀ ਮੰਜ਼ਲ ਬਣੀ ਹੋਈ ਹੈ ਜਿਸ 'ਤੇ ਬੈਠ ਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਗੁਰਬਾਣੀ ਕੀਰਤਨ ਦਾ ਅਨੰਦ ਲਿਆ ਜਾ ਸਕਦਾ ਹੈ।

ਦਰਬਾਰ ਸਾਹਿਬ ਦੇ ਪੁਰਾਤਨ ਬੁੰਗਿਆਂ ਵਿਚੋਂ ਸਭ ਤੋਂ ਵੱਡਾ, ਮਜ਼ਬੂਤ ਤੇ ਅਜ਼ੀਮ ਫ਼ੌਜੀ ਮਹੱਤਤਾ ਵਾਲਾ ਬੁੰਗਾ ਜੱਸਾ ਸਿੰਘ ਰਾਮਗੜੀਆ ਨੇ ਸੰਨ 1755 ਵਿਚ ਬਣਵਾਇਆ। ਸੰਨ 1803 ਵਿਚ ਉਨਾਂ ਦੇ ਸਵਰਗਵਾਸ ਹੋਣ ਮਗਰੋਂ ਉਨਾਂ ਦੇ ਸਪੁੱਤਰ ਬਾਬਾ ਜੋਧ ਸਿੰਘ ਨੇ ਇਸ ਦੀ ਤਿਆਰੀ ਤੇ ਖ਼ੂਬਸੂਰਤੀ ਦਾ ਕੰਮ ਜਾਰੀ ਰੱਖਿਆ ਪਰ ਸਪੁੱਤਰ ਦੇ ਚਲਾਣੇ ਤੋਂ ਬਾਅਦ ਇਸ ਦਾ ਬਾਕੀ ਰਹਿੰਦਾ ਕੰਮ ਹੋਣਾ ਬੰਦ ਹੋ ਗਿਆ। ਜੱਸਾ ਸਿੰਘ ਰਾਮਗੜੀਆ ਦੁਆਰਾ ਇਸ ਬੁੰਗੇ ਵਿਚ ਦੀਵਾਨ-ਏ-ਖਾਸ ਜਿਸ ਵਿਚ ਮਹਾਰਾਜਾ ਸਾਹਿਬ ਦਾ ਸਿੰਘਾਸਣ ਹੈ ਤੇ ਜਿਸ ਦੀ ਛੱਤ 84 ਲਾਲ ਪੱਥਰਾਂ ਦੇ ਥੰਮ ਜੋ ਸਿੱਖ ਨਕਾਸ਼ੀ ਦਾ ਅਲੌਕਿਕ ਨਮੂਨਾ ਹਨ, 'ਤੇ ਆਧਾਰਿਤ ਹੈ। ਇਸ ਸਿੰਘਾਸਣ ਦੀ ਉਚਾਈ ਹਰਿਮੰਦਰ ਸਾਹਿਬ ਤੋਂ ਬਹੁਤ ਨੀਵੀਂ ਹੈ। ਮਹਾਰਾਜਾ ਦੇ ਗੁਰੂ 'ਤੇ ਵਿਸ਼ਵਾਸ, ਨਿਮਰਤਾ, ਨਿਰਮਾਣ ਕਲਾ ਦੇ ਗਿਆਨ ਤੇ ਵਿਉਂਤਬੰਦੀ ਦੀ ਸ਼ਾਹਦੀ ਭਰਦੀ ਹੈ। ਬੁੰਗੇ ਵਿਚ ਕੈਦੀਆਂ ਲਈ ਕਾਲ ਕੋਠੜੀ, ਦਰਬਾਰੀਆਂ ਅਹਿਲਕਾਰਾਂ ਤੇ ਜਰਨੈਲਾਂ ਲਈ ਵੱਡਾ ਦੀਵਾਨ ਹਾਲ ਹੈ, ਜਿਸ ਦੇ ਇਕ ਪਾਸੇ ਖੂਹ ਤੇ ਹਵਾ ਰੌਸ਼ਨੀ ਲਈ ਯੋਗ ਪ੍ਰਬੰਧ ਹਨ।

ਬੁੰਗੇ ਨੂੰ ਦੇਖਣ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਸ ਦੀਆਂ 5 ਮੰਜ਼ਲਾਂ ਬਣਾਉਣ ਦੀ ਤਜਵੀਜ਼ ਹੋਵੇਗੀ ਪਰ ਚਾਰ ਮੰਜ਼ਲਾਂ ਹੀ ਬਣ ਸਕੀਆਂ। ਇਨਾਂ ਦੀ ਕੁੱਲ ਲੰਬਾਈ 155 ਫੁੱਟ ਤੇ ਚੌੜਾਈ 84 ਫੁੱਟ ਹੈ। ਪੂਰਬ ਵਾਲੇ ਦੋ ਕੋਨਿਆਂ 'ਤੇ 156 ਫੁੱਟ ਦੇ ਕਰੀਬ ਦੋ ਮੋਰਚੇ ਜਿਸ ਨਾਲ ਦੁਸ਼ਮਣ 'ਤੇ ਵਾਰ ਕੀਤਾ ਜਾ ਸਕਦਾ ਸੀ। ਇਸੇ ਤਰਾਂ ਬੁੰਗੇ ਅੰਦਰੋਂ ਹੀ ਘੁੰਮਾਓਦਾਰ ਪੌੜੀਆਂ ਰਾਹੀਂ ਉੱਪਰ ਜਾਇਆ ਜਾ ਸਕਦਾ ਹੈ ਜਿਸ ਦੀ ਵਰਤੋਂ ਦੁਸ਼ਮਣ ਨੂੰ ਦੂਰੋਂ ਆਉਂਦਿਆਂ ਦੇਖ ਕੇ ਯੋਧਿਆਂ ਨੂੰ ਲੜਾਈ ਲਈ ਤਿਆਰ-ਬਰ-ਤਿਆਰ ਰਹਿਣ ਲਈ ਕੀਤੀ ਜਾਂਦੀ ਸੀ।

ਜ਼ਿਆਦਾਤਰ ਸੰਗਤਾਂ ਨੂੰ ਇਸ ਬੁੰਗੇ ਦੇ ਰਾਹ ਦਾ ਨਹੀਂ ਪਤਾ। ਗੁਰੂ ਰਾਮਦਾਸ ਜੀ ਦੀ ਨਵੀਂ ਲੰਗਰ ਇਮਾਰਤ ਬਣਨ ਕਾਰਨ ਅੱਜਕਲ ਬੁੰਗੇ ਅੰਦਰ ਜਾਣ ਲਈ ਤੰਗ ਜਿਹਾ ਰਸਤਾ ਲੰਗਰ ਹਾਲ ਦੇ ਪਿਛਲੇ ਪਾਸਿਓਂ ਜਾਂਦਾ ਹੈ।

# ਪਾਵਨ ਸਰੂਪਾਂ 'ਦੇ ਲਾਪਤਾ ਹੋਣ ਦਾ ਸੱਚ ,ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ



**- ਜੋਗਿੰਦਰ ਸਿੰਘ ਅਦਲੀਵਾਲ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ 'ਚੋਂ 267/328 ਪਾਵਨ ਸਰੂਪਾਂ ਬਾਰੇ ਗੁੰਮ/ਚੋਰੀ ਹੋਣ ਬਾਰੇ ਹਾਲ-ਦੁਹਾਈ ਪਾਉਂਦੀ ਰਹੀ ਸੀ ਪਰ ਹੁਣ ਇਸ ਭਖਦੇ ਮੁੱਦੇ 'ਤੇ ਯੂ-ਟਰਨ ਲੈ ਚੁੱਕੀ ਹੈ। ਪਹਿਲਾਂ ਸਿੱਖ ਕੌਮ ਦੀ ਇਸ ਸਿਰਮੌਰ ਸੰਸਥਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੜਤਾਲ ਕਰਨ ਦੀ ਅਰਜ਼ੋਈ ਕਰਨ ਤੋਂ ਇਲਾਵਾ ਵਿਸ਼ਵ ਸਿੱਖ ਭਾਈਚਾਰੇ ਨੂੰ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਗੁੰਮ ਹੋਏ ਪਾਵਨ ਸਰੂਪਾਂ ਦਾ ਥਹੁ-ਪਤਾ ਦੱਸਣ ਦੀਆਂ ਅਪੀਲਾਂ ਕੀਤੀਆਂ ਜਾ ਰਹੀਆਂ ਸਨ। ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਹ ਸਰੂਪ ਹੁਣ ਆਪਣੇ ਹੀ ਘਰ 'ਚੋਂ ਲੱਭ ਪਏ ਹਨ!

ਇਸ ਭੰਬਲਭੂਸੇ ਕਾਰਨ ਲੋਕਾਂ ਨੂੰ ਸਿਆਸੀ ਰੋਟੀਆਂ ਸੇਕਣ ਦਾ ਮੌਕਾ ਮਿਲ ਗਿਆ। ਇਸ ਅੱਤ ਜਜ਼ਬਾਤੀ ਮੁੱਦੇ 'ਤੇ ਸ਼ਾਇਦ ਗ਼ਲਤ ਬਿਆਨੀ ਨੂੰ ਰੋਕਿਆ ਜਾ ਸਕਦਾ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਹੁੰਚ ਕਰਨ ਤੋਂ ਪਹਿਲਾਂ ਆਪਣੀਆਂ ਜੇਬਾਂ ਫਰੋਲ ਲਈਆਂ ਜਾਂਦੀਆਂ। ਇਸ ਨਾਅਹਿਲੀਅਤ ਨੇ ਚੰਦ ਦਿਨਾਂ ਵਿਚ ਹੀ ਕਈ ਸਵਾਲ ਖੜੇ ਕਰ ਦਿੱਤੇ ਹਨ ਜਿਨਾਂ ਦੇ ਜਵਾਬ ਮੰਗੇ ਜਾ ਰਹੇ ਹਨ ਅਤੇ ਭਵਿੱਖ ਵਿਚ ਵੀ ਮੰਗੇ ਜਾਂਦੇ ਰਹਿਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਉਹ ਇਤਿਹਾਸਕ ਪਾਵਨ ਅਸਥਾਨ ਹੈ ਜਿੱਥੇ ਬੈਠ ਕੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਜੀ ਹੱਥੀਂ ਆਪਣੀ ਰਚਨਾ ਸਮੇਤ ਪਹਿਲੇ ਚਾਰ ਗੁਰੂ ਸਾਹਿਬਾਨ, 11 ਭੱਟਾਂ, 15 ਭਗਤਾਂ ਅਤੇ 4 ਮਹਾਪੁਰਸ਼ਾਂ ਦੀ ਬਾਣੀ ਦਾ ਸੰਕਲਨ ਕਰਵਾ ਕੇ ਮਹਾਨ ਗ੍ਰੰਥ ਤਿਆਰ ਕਰਵਾਇਆ ਅਤੇ ਇਸ 35 ਮਹਾਪੁਰਖਾਂ ਦੀ ਬਾਣੀ ਨਾਲ ਸੁਸੱਜਤ ਗ੍ਰੰਥ 1604 ਈ: ਵਿਚ ਪਹਿਲੀ ਵਾਰ ਸੱਚਖੰਡ ਵਿਖੇ ਪ੍ਰਕਾਸ਼ ਕੀਤਾ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਇਸ ਵਿਚ ਸ਼ਾਮਲ ਨਹੀਂ ਹੈ। ਇਸ ਪਾਵਨ ਹੱਥ ਲਿਖਤ ਬੀੜ ਨੂੰ ਆਦਿ ਗ੍ਰੰਥ ਵੀ ਕਿਹਾ ਜਾਂਦਾ ਹੈ ਜੋ ਅੱਜਕੱਲ ਕਰਤਾਰਪੁਰ ਸਾਹਿਬ ਵਿਖੇ ਹੋਣ ਕਰ ਕੇ ਕਰਤਾਰਪੁਰੀ ਬੀੜ ਵਜੋਂ ਵੀ ਜਾਣੀ ਜਾਂਦੀ ਹੈ। ਮੈਨੂੰ ਤਾਂ ਇਸ ਪਾਵਨ ਬੀੜ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ ਪਰ ਜਿਨਾਂ ਗੁਰਸਿੱਖਾਂ ਨੇ ਦਰਸ਼ਨ ਕੀਤੇ ਹਨ, ਉਹ ਇਸ ਬੀੜ ਦੇ 668-69 ਅੰਗ ਹੋਣ ਦੀ ਗੱਲ ਕਰਦਿਆਂ ਦੱਸਦੇ ਹਨ ਕਿ ਹੱਥ ਲਿਖਤਾਂ ਵਿਚ ਕਾਗਜ਼ ਦੇ ਅਗਲੇ ਅਤੇ ਪਿਛਲੇ ਪਾਸੇ ਨੂੰ ਇਕ ਹੀ ਨੰਬਰ ਲਗਾਇਆ ਜਾਂਦਾ ਹੈ।

ਹੋਰ ਵੀ ਕਈ ਹੱਥ ਲਿਖਤ ਪਾਵਨ ਸਰੂਪ ਹਨ ਜਿਨਾਂ 'ਚੋਂ ਕਿਸੇ ਦੇ ਹਜ਼ਾਰ ਅੰਗ ਹਨ, ਕਿਸੇ ਦੇ ਇਸ ਤੋਂ ਵੱਧ ਵੀ ਹਨ ਅਤੇ ਘੱਟ ਵੀ। ਇਸੇ ਪਾਵਨ ਅਸਥਾਨ 'ਤੇ ਹੀ ਸਿੱਖ ਜਗਤ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਵਨ ਸਰੂਪ ਅਤੇ ਹੋਰ ਗੁਰਮਤਿ ਲਿਟਰੇਚਰ ਛਾਪਣ ਲਈ ਗੋਲਡਨ ਆਫਸੈੱਟ ਪ੍ਰੈੱਸ ਲਗਾਈ ਗਈ ਹੈ ਜਿੱਥੇ ਤਿੰਨ ਤਰਾਂ ਦੇ (ਬਾਣੀ ਦਾ ਭੇਦ ਨਹੀਂ) ਸਰੂਪ ਛਾਪੇ ਜਾਂਦੇ ਹਨ-ਦਰਮਿਆਨਾ ਆਕਾਰ, ਵੱਡਾ ਆਕਾਰ ਅਤੇ ਲੜੀਵਾਰ ਸਰੂਪ (ਪਦ-ਛੇਦ ਤੋਂ ਬਿਨਾਂ)। ਇਨਾਂ ਤਿੰਨੇ ਤਰਾਂ ਦੇ ਪਾਵਨ ਸਰੂਪਾਂ ਵਿਚ 1430 ਅੰਗਾਂ 'ਤੇ ਬਾਣੀ ਛਪਦੀ ਹੈ ਅਤੇ 16 ਅੰਗਾਂ 'ਤੇ ਤਤਕਰਾ ਛਪਦਾ ਹੈ। ਇਕ ਪਾਵਨ ਸਰੂਪ ਨੂੰ ਕੁੱਲ ਮਿਲਾ ਕੇ 181 ਪੇਪਰ ਲੱਗਦੇ ਹਨ ਅਤੇ ਇਕ ਪੇਪਰ ਦੇ ਦੋਵੇਂ ਪਾਸੇ 4-4 ਗੁਰਬਾਣੀ ਦੇ ਅੰਗ ਛਾਪ ਕੇ 8 ਅੰਗਾਂ ਦਾ ਇਕ ਫਰਮਾ ਬਣਦਾ ਹੈ।

ਇਸ ਲਈ ਬੇਸ਼ੱਕ 181 ਫਰਮੇ ਕਹਿ ਲਓ ਜਾਂ 181 ਪੇਪਰ-ਗੱਲ ਇਕ ਹੀ ਹੈ। ਜਦੋਂ ਤੋਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਘਟਣ/ਵਧਣ ਦਾ ਮਾਮਲਾ ਸਾਹਮਣੇ ਆਇਆ ਹੈ, ਗੁਰਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ ਕਿਉਂਕਿ ਸਿੱਖ ਇਸ ਨੂੰ ਜਾਗਤ ਜੋਤ, ਜਗਤ ਗੁਰੂ ਮੰਨਦਾ ਹੈ। ਸਰਵਉੱਚ ਅਦਾਲਤ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਿਊਂਦਾ-ਜਾਗਦਾ ਗੁਰੂ ਮੰਨ ਚੁੱਕੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਨਾਂ 'ਤੇ ਜ਼ਮੀਨ/ਜਾਇਦਾਦ ਲੱਗ ਸਕਦੀ ਹੈ। ਪੰਜਾਬ ਸਰਕਾਰ ਵੀ 2008 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਪਾਸ ਕਰ ਚੁੱਕੀ ਹੈ ਜਿਸ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਦੇ ਦੋਸ਼ੀ ਨੂੰ ਜੇਲ ਹੋ ਸਕਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿੱਖ ਰਹੁ-ਰੀਤਾਂ ਮੁਤਾਬਕ ਸੇਵਾ ਲਗਾਈ ਜਾ ਸਕਦੀ ਹੈ। ਖ਼ੈਰ! ਮੁੱਦੇ ਤੋਂ ਲਾਂਭੇ ਨਾ ਜਾਈਏ। ਪਾਵਨ ਸਰੂਪ ਘਟਣ ਦੇ ਕਾਰਨ ਸ਼੍ਰੋਮਣੀ ਕਮੇਟੀ ਨਿਸ਼ਾਨੇ 'ਤੇ ਹੈ।

ਜਿੰਨੇ ਮੂੰਹ ਉਸ ਤੋਂ ਵੀ ਵੱਧ ਗੱਲਾਂ। ਕੋਈ ਇਸ ਨੂੰ ਕੈਨੇਡਾ ਵਿਚਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਨਾਲ ਜੋੜ ਰਿਹਾ ਹੈ, ਕੋਈ ਪੈੱਨ ਡਰਾਈਵ ਅਤੇ ਪੀਡੀਐੱਫ ਦੀ ਚੋਰੀ ਦੀ ਗੱਲ ਕਰ ਰਿਹਾ ਹੈ, ਕੋਈ ਡਾਕਟਰ ਰੂਪ ਸਿੰਘ, ਸਾਬਕਾ ਮੁੱਖ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੈਨੇਡਾ ਫੇਰੀ ਨਾਲ ਜੋੜਦਾ ਹੈ। ਇਸ ਮੁੱਦੇ 'ਤੇ ਸਿਆਸਤ ਵੀ ਹੋ ਰਹੀ ਹੈ ਕਿਉਂਕਿ ਜਿਹੜੇ ਪਹਿਲਾਂ ਹੀ ਵਿਰੋਧੀ ਨੇ, ਉਨਾਂ ਲਈ ਇਸ ਤੋਂ ਵੱਡਾ ਮੁੱਦਾ ਹੋਰ ਕੀ ਹੋ ਸਕਦਾ ਹੈ?

ਮੈਂ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵੇਖੀ ਹੈ ਜਿਸ ਵਿਚ ਇਕ ਜ਼ਿੰਮੇਵਾਰ ਸੱਜਣ ਇਹ ਕਹਿ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਪਾਵਨ ਸਰੂਪ ਦਾ ਸਾਈਜ਼ ਛੋਟਾ ਕਰ ਕੇ ਕਾਗ਼ਜ਼ ਦੀ ਬਹੁਤ ਵੱਡੀ ਹੇਰਾਫੇਰੀ ਕਰ ਲਈ ਹੈ। ਕੋਈ ਕਹਿੰਦਾ ਹੈ ਕਿ ਜਾਂਚ ਹੋਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੀਡੀਐੱਫ ਕਿਸ ਨੇ ਕੈਨੇਡਾ ਪਹੁੰਚਾਈ ਹੈ।ਜਿਸ ਦਾ ਸਪਸ਼ਟੀਕਰਨ ਜਥੇਦਾਰ ਸਾਹਿਬ ਨੇ ਵੀ ਕੈਨੇਡਾ ਵਾਲਿਆਂ ਤੋਂ ਮੰਗ ਲਿਆ ਹੈ ਜੋ ਉਡੀਕਣਾ ਚਾਹੀਦਾ ਹੈ।ਪਰ ਥੋੜੀ ਜਿੰਨੀ ਵੀ ਆਈਟੀ ਦੀ ਸਮਝ ਰੱਖਣ ਵਾਲਾ ਬੰਦਾ ਇਸ ਗੱਲ ਤੋਂ ਅਨਜਾਣ ਨਹੀਂ ਕਿ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੰਪਿਊਟਰ ਕੰਪੋਜ਼ਿੰਗ ਹੋ ਗਈ, ਇਸ ਦੀ ਪੀਡੀਐੱਫ ਬਣਨ 'ਤੇ ਇਕ ਮਿੰਟ ਤੋਂ ਘੱਟ ਸਮਾਂ ਲੱਗਦਾ ਹੈ ਤੇ ਇਸ ਨੂੰ ਈਮੇਲ, ਵਟਸਐਪ ਤੇ ਹੋਰ ਐਪਸ ਰਾਹੀਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਇਕ ਮਿੰਟ ਤੋਂ ਪਹਿਲਾਂ ਪਹੁੰਚਾਇਆ ਜਾ ਸਕਦਾ ਹੈ ਬਲਕਿ ਪਹੁੰਚਣ ਦੀ ਕਨਫਰਮੇਸ਼ਨ ਵੀ ਲਈ ਜਾ ਸਕਦੀ ਹੈ। ਇਸ ਕੇਸ 'ਚ ਕੀ ਹੋਇਆ?

ਇਹ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੈਨੇਡਾ ਵਾਸੀ ਆਰ. ਐੱਸ. ਮਲਿਕ ਅਤੇ ਬੀ. ਐੱਸ. ਪੰਧੇਰ ਪਾਸੋਂ ਮੰਗੇ ਗਏ ਸਪਸ਼ਟੀਕਰਨ ਦੇ ਜਵਾਬ ਤੋਂ ਸਾਫ਼ ਹੋਵੇਗਾ ਪਰ ਪੈੱਨ ਡਰਾਈਵ ਜਾਂ ਪੀਡੀਐੱਫ ਲੈ ਕੇ ਉਚੇਚਾ ਕੈਨੇਡਾ ਜਾਣ ਦੀ ਕੀ ਤੁਕ ਹੈ? ਖਾਹ-ਮਖਾਹ ਕਿਉਂ ਕੋਈ ਵਿਰੋਧੀਆਂ ਦੇ ਨਿਸ਼ਾਨੇ 'ਤੇ ਆਉਣ ਦੀ ਗ਼ਲਤੀ ਕਰੇਗਾ? ਕਈ ਸਿੱਖਾਂ ਅਤੇ ਸਿੱਖ ਜੱਥੇਬੰਦੀਆਂ ਨੇ ਇਹ ਕਾਰਜ ਸੇਵਾ-ਭਾਵਨਾ ਨਾਲ ਕਰ/ਕਰਵਾ ਕੇ ਨੈੱਟ 'ਤੇ ਅਪਲੋਡ ਕੀਤਾ ਹੋਇਆ ਹੈ।

ਨਿਰੋਲ ਗੁਰਬਾਣੀ ਸਮੇਤ ਰੋਮਨ, ਸਮੇਤ ਅਰਥ-ਕਿੰਨੀ ਤਰਾਂ ਦੀਆਂ ਪੀਡੀਐੱਫ ਸੋਸ਼ਲ ਮੀਡੀਆ 'ਤੇ ਉਪਲਬਧ ਹਨ ਤਾਂ ਫਿਰ ਪੀਡੀਐੱਫ ਲੈ ਕੇ ਕਿਧਰੇ ਜਾਣਾ ਪਵੇ, ਇਹ ਗੱਲ ਸਮਝ ਤੋਂ ਬਾਹਰ ਹੈ। ਦੂਜੀ ਗੱਲ ਹੋਰ ਜਿਹੜੀ ਕੀਤੀ ਜਾ ਰਹੀ ਹੈ ਉਹ ਇਹ ਹੈ ਕਿ ਪਾਵਨ ਸਰੂਪ ਦਾ ਆਕਾਰ ਘਟਾ ਕੇ ਬਚਦੇ ਪੇਪਰ ਦੀ ਹੇਰਾਫੇਰੀ ਹੋਈ ਹੈ। ਜੇ ਇਸ ਗੱਲ ਨੂੰ ਵਿਚਾਰਿਆ ਜਾਵੇ ਤਾਂ ਬਹੁਤ ਸਾਰੇ ਸਰੋਤਿਆਂ ਨੇ ਇਹ ਗੱਲ ਘੁੱਟ ਕੇ ਪੱਲੇ ਬੰਨ ਵੀ ਲਈ ਹੋਵੇਗੀ ਪਰ ਹੋ ਸਕਦਾ ਹੈ ਕਿ ਉਸ ਵੀਰ ਨੂੰ ਪਤਾ ਹੀ ਨਾ ਹੋਵੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋ ਵੱਖ-ਵੱਖ ਆਕਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਛਾਪਦੀ ਹੈ। ਇਕ ਦਰਮਿਆਨਾ ਆਕਾਰ ਹੈ ਜੋ ਨਿਸ਼ਠਾਵਾਨ ਪਰਿਵਾਰ ਘਰ ਵਿਚ ਵੀ ਪ੍ਰਕਾਸ਼ ਕਰ ਲੈਂਦੇ ਹਨ। ਇਕ ਵੱਡਾ ਆਕਾਰ ਸਰੂਪ ਹੈ ਜਿਸਦਾ ਪ੍ਰਕਾਸ਼ ਆਮ ਤੌਰ 'ਤੇ ਗੁਰੂਘਰਾਂ ਅੰਦਰ ਕੀਤਾ ਜਾਂਦਾ ਹੈ ਜਿਹੜੇ ਪਾਜ਼ੇਟਿਵ ਅਤੇ ਪਲੇਟਾਂ ਬਣੀਆਂ ਹੁੰਦੀਆਂ ਹਨ ਉਹ ਅੰਡਰ ਸਾਈਜ਼ ਪੇਪਰ 'ਤੇ ਛਪ ਹੀ ਨਹੀਂ ਸਕਦੇ-ਇਸ ਲਈ ਇਹ ਗੱਲ ਅਨਜਾਣਤਾ ਅਤੇ ਅਗਿਆਨਤਾ ਜ਼ਾਹਰ ਕਰਦੀ ਹੈ।

ਅਜਿਹੀ ਗੱਲ ਠੋਸ ਸਬੂਤ ਹੱਥ ਵਿਚ ਹੋਣ ਤੋਂ ਬਾਅਦ ਹੀ ਕਰਨੀ ਚਾਹੀਦੀ ਹੈ। ਮੇਰੀ ਇਸ ਲਿਖਤ ਦਾ ਭਾਵ ਕਿਸੇ ਦੋਸ਼ੀ ਦੀ ਪਰਦਾਪੋਸ਼ੀ ਕਰਨਾ ਕਦਾਚਿਤ ਨਹੀਂ ਹੈ। ਜਿਹੜਾ ਦੋਸ਼ੀ ਹੈ, ਉਸ ਨੂੰ ਸਖ਼ਤ ਸਜ਼ਾ ਦੇਣ ਦਾ ਹਾਮੀ ਹਾਂ ਪਰ ਕਿਸੇ ਨਾਲ ਨਾਜਾਇਜ਼ ਕਰਨੀ ਵੀ ਅਤੇ ਨਾਜਾਇਜ਼ ਹੋਣ ਦੇਣੀ ਵੀ ਗੁਰੂ-ਆਸ਼ੇ ਅਨੁਸਾਰੀ ਨਹੀਂ। ਇਸੇ ਤਰਾਂ ਕਈ ਸੱਜਣ ਇਹ ਕਹੀ ਜਾ ਰਹੇ ਹਨ ਕਿ ਗੁ: ਰਾਮਸਰ ਸਾਹਿਬ ਵਾਲੀ ਮੰਦਭਾਗੀ ਘਟਨਾ ਵਿਚ ਅਗਨ ਭੇਟ ਹੋਏ ਅਤੇ ਨੁਕਸਾਨੇ ਗਏ ਸਰੂਪ ਚਾਰ ਗੱਡੀਆਂ 'ਤੇ ਗੁਰਦੁਆਰਾ ਗੋਇੰਦਵਾਲ ਸਾਹਿਬ ਵਿਖੇ ਸਸਕਾਰ ਵਾਸਤੇ ਸਿੰਜਾਏ ਗਏ।

ਉਹ ਇਸ ਕਰ ਕੇ ਅਜਿਹਾ ਕਹਿ ਰਹੇ ਲੱਗਦੇ ਨੇ ਕਿ ਉਹ ਪਾਵਨ ਸਰੂਪਾਂ ਦੀ ਗਿਣਤੀ ਵਧੇਰੇ ਦਰਸਾਉਣਾ ਚਾਹੁੰਦੇ ਹਨ ਪਰ ਇਹ ਸੱਚ ਨਹੀਂ ਲੱਗਦਾ ਕਿਉਂਕਿ 200 ਪਾਵਨ ਸਰੂਪਾਂ ਤੋਂ ਵੱਧ ਸਰੂਪ ਹੀ ਕਿਤੇ ਲੈ ਕੇ ਜਾਣ ਲਈ ਦੂਸਰੀ ਗੱਡੀ ਦੀ ਲੋੜ ਪੈਂਦੀ ਹੈ। ਵੈਸੇ ਸ਼੍ਰੋਮਣੀ ਕਮੇਟੀ 400 ਸਰੂਪ, ਇਕੱਲਾ-ਇਕੱਲਾ ਸਰੂਪ ਵੱਖ-ਵੱਖ ਰੈਕਾਂ ਵਿਚ ਲੈ ਕੇ ਜਾਣ ਵਾਲੀ ਬੱਸ ਵੀ ਹੈ। ਪਾਵਨ ਸਰੂਪ ਘਟਣ ਦੀ ਜਾਂਚ ਸਰਵਉੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੋ ਚੁੱਕੀ ਹੈ। ਠੀਕ ਹੈ ਕੁਝ ਵੀਰਾਂ ਨੂੰ ਇਹ ਜਾਂਚ ਨਿਰਪੱਖ ਨਹੀਂ ਲੱਗ ਰਹੀ ਹੋਵੇਗੀ ਅਤੇ ਉਨਾਂ ਦਾ ਰੋਹ ਅਤੇ ਰੋਸ ਵਾਜਬ ਵੀ ਹੋ ਸਕਦਾ ਹੈ ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਥਾਪਤ ਸੰਸਥਾਵਾਂ ਅਤੇ ਮਾਨਤਾਵਾਂ ਨੂੰ ਵੀ ਨੁਕਸਾਨ ਨਾ ਪਹੁੰਚੇ।

ਅੱਗੇ ਤੋਂ ਅਜਿਹਾ ਨਾ ਹੋਵੇ ਇਸ ਦੇ ਬਾਨਣੂੰ ਬੰਨਣ ਲਈ ਸਿਰ ਪਾੜਨ ਨਾਲੋਂ ਸਿਰ ਜੋੜਨ ਦਾ ਰਸਤਾ ਸੁਖਾਲਾ ਅਤੇ ਕਾਰਗਰ ਸਾਬਿਤ ਹੋ ਸਕਦਾ ਹੈ। ਬੜੀ ਅਧੀਨਗੀ ਨਾਲ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਹਵਾਲੇ ਵਾਲੀ ਮੰਦਭਾਗੀ ਅਤੇ ਦੁਖਦਾਈ ਘਟਨਾ ਵਿਚ ਮੈਨੂੰ ਲੱਗਦਾ ਹੈ ਕਿ ਭਵਿੱਖ ਵਿਚ ਬਚਿਆ ਜਾ ਸਕਦਾ ਹੈ। ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਸ਼ਵ-ਵਿਆਪੀ ਸਮੁੱਚੀ ਜੀਵਨ-ਜਾਚ ਦੇ ਗਾਡੀ-ਰਾਹ ਹਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਹਰ ਸ਼ਰਧਾਵਾਨ, ਨਿਸ਼ਠਾਵਾਨ ਅਤੇ ਇਸ ਉਪਰ ਅਕੀਦਾ ਰੱਖਣ ਵਾਲੇ ਲਈ ਉਪਲਬਧ ਕਰਵਾਉਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜ਼ਿੰਮੇਵਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਗੁਰਦੁਆਰਾ ਰਾਮਸਰ ਸਾਹਿਬ ਵਿਖੇ ਅਤੇ ਨਿਯਤ ਕੀਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਾ ਸਾਹਿਬਾਨ ਵਿਖੇ ਹਰ ਸਮੇਂ ਉਪਲਬਧ ਰੱਖੇ ਜਾਂਦੇ ਹਨ। ਕਿਉਂਕਿ ਪਾਵਨ ਸਰੂਪ ਦੀ ਛਪਾਈ ਕੋਈ ਰਾਤੋ-ਰਾਤ ਨਹੀਂ ਹੋ ਜਾਂਦੀ। ਇਕ ਹਫ਼ਤੇ 'ਚ ਵੀ ਨਹੀਂ, ਦਸ ਦਿਨ 'ਚ ਵੀ ਨਹੀਂ। ਇਸ ਤੋਂ ਵੀ ਵੱਧ ਸਮਾਂ ਤਾਂ ਪਾਵਨ ਸਰੂਪ ਦੀ ਛਪਾਈ ਉਪਰੰਤ ਜਿਲਦਬੰਦੀ ਅਤੇ ਦਰਸ਼ਨ-ਵਿਚਾਰ 'ਤੇ ਹੀ ਲੱਗ ਜਾਂਦਾ ਹੈ। ਗੋਲਡਨ ਆਫਸੈੱਟ ਪ੍ਰੈੱਸ ਵਿਚ ਹੁਣ ਤਾਂ ਚਾਰ ਰੰਗੀ ਮਸ਼ੀਨ ਆ ਗਈ ਹੈ। ਜਦੋਂ ਮੈਂ ਪ੍ਰੈੱਸ ਮੈਨੇਜਰ ਸੀ (1996-99), ਉਸ ਸਮੇਂ ਦੋ-ਰੰਗੀ ਮਸ਼ੀਨ ਸੀ। ਸ਼੍ਰੋਮਣੀ ਕਮੇਟੀ ਵੱਲੋਂ ਆਮ ਤੌਰ 'ਤੇ 5000 ਪਾਵਨ ਸਰੂਪ ਛਾਪਣ ਦੀ ਚਿੱਠੀ ਆਉਂਦੀ ਸੀ।

ਉਪਰੰਤ ਪੇਪਰ ਦੀਆਂ ਕੁਟੇਸ਼ਨਾਂ ਆਦਿ ਅਤੇ ਪੇਪਰ ਆਉਣ ਵਿਚ ਹੀ ਮਹੀਨਾ, ਕਈ ਵਾਰ ਦੋ ਮਹੀਨੇ ਲੱਗ ਜਾਂਦੇ ਸਨ। ਇਸੇ ਲਈ ਪ੍ਰਕਿਰਿਆ ਵੇਲੇ ਸਿਰ ਸ਼ੁਰੂ ਕਰ ਲਈ ਜਾਂਦੀ ਸੀ ਤਾਂ ਜੋ ਪਾਵਨ ਸਰੂਪਾਂ ਦੀ ਅਣਹੋਂਦ ਨਾ ਹੋਵੇ। ਪੰਜ ਹਜ਼ਾਰ ਪਾਵਨ ਸਰੂਪ ਛਾਪਣ ਲਈ ਉੱਨੀ ਲੱਖ ਪੰਜ ਹਜ਼ਾਰ (1810 ਰਿਮ) ਪੇਪਰ ਲੱਗਦਾ ਹੈ। ਇਸੇ ਪੇਪਰ ਦਾ ਸਿਰਫ਼ ਦੋ ਰੰਗ ਬਾਰਡਰ ਛਾਪਣ 'ਤੇ ਹੀ 3810000 ਦਾਬ ਬਣ ਜਾਂਦੀ ਹੈ ਅਤੇ ਮਸ਼ੀਨ 5000 ਪ੍ਰਤੀ ਘੰਟਾ ਦਾਬ ਕੱਢੇ ਤਾਂ ਮਸਾਂ ਤੀਹ ਕੁ ਹਜ਼ਾਰ ਦਾਬ ਦੀ ਰੋਜ਼ਾਨਾ ਔਸਤ ਕੱਢਦੀ ਹੈ। ਇੰਨੀ ਹੀ ਦਾਬ ਪੇਪਰ ਦੇ ਦੋਵੇਂ ਪਾਸੇ ਗੁਰਬਾਣੀ ਛਾਪਣ ਦੀ ਬਣ ਜਾਂਦੀ ਹੈ ਪਰ ਗੁਰਬਾਣੀ ਦਾ ਕੰਮ ਹੋਣ ਕਰ ਕੇ ਅਤੇ ਹਰ ਪੰਜ ਹਜ਼ਾਰ ਤੋਂ ਬਾਅਦ ਪਲੇਟ ਬਦਲਣ ਕਾਰਨ ਮਸ਼ੀਨ ਇਕ ਦਿਨ 'ਚ ਮਸਾਂ ਵੀਹ ਕੁ ਹਜ਼ਾਰ ਦਾਬ ਹੀ ਕੱਢਦੀ ਹੈ। ਇਸ ਉਪਰੰਤ ਰਾਗਾਂ ਵਾਲੇ ਫਰਮੇ ਵਿਚ ਇਕ ਦਾਬ ਹੋਰ ਰੰਗ ਦੀ ਹੁੰਦੀ ਹੈ। ਕਿਉਂਕਿ ਉਸ ਅੰਗ 'ਤੇ ਰਾਗ ਅਤੇ ਬਾਣੀ ਦੀ ਸਕਰੀਨ ਛਪਦੀ ਹੈ। ਇਹ ਗਿਣਤੀਆਂ-ਮਿਣਤੀਆਂ ਸਿਰਫ਼ ਉਨਾਂ ਲਈ ਦੱਸੀਆਂ ਨੇ ਜੋ ਕਹਿੰਦੇ ਨੇ ਕਿ ਸ਼੍ਰੋਮਣੀ ਕਮੇਟੀ ਨੇ ਰਾਤੋ-ਰਾਤ ਇਕ ਸੌ ਪੰਝੀ ਸਰੂਪ ਛਾਪ ਕੇ ਘਟਦੇ ਸਰੂਪ ਪੂਰੇ ਕਰਨ ਦਾ ਯਤਨ ਕੀਤਾ ਹੈ।

**ਬਾਕੀ ਸਫ਼ਾ 32 'ਤੇ**

---

# ਗੁਰੂ ਦਕਸ਼ਿਨਾ

**- ਵਿਜੈ ਗਰਗ**

ਟੈਕਸੀ ਸ਼ਹਿਰ ਦੀਆਂ ਹੱਦ ਵਿਚ ਦਾਖਲ ਹੋਣ ਵਾਲੀ ਸੀ ਜਦੋਂ ਅਚਾਨਕ ਗਰਗ ਜੀ ਦੀ ਛਾਤੀ ਵਿਚ ਤੇਜ਼ ਦਰਦ ਮਹਿਸੂਸ ਹੋਇਆ। ਉਹ ਬਹੁਤ ਘਬਰਾਇਆ ਹੋਇਆ ਸੀ ਅਤੇ ਪਸੀਨਾ ਆ ਰਿਹਾ ਸੀ। ਉਹ ਆਪਣੀ ਪਤਨੀ ਅਤੇ ਬੇਟੇ ਸੁਨੀਲ ਦੇ ਨਾਲ ਸੀ, ਜਿਨਾਂ ਤੋਂ ਉਸਦੀ ਹਾਲਤ ਨਹੀਂ ਦੇਖੀ ਜਾ ਰਹੀ ਸੀ। ਸਾਰੇ ਹੈਰਾਨ ਰਹਿ ਗਏ ਅਤੇ ਜਲਦੀ ਤੋਂ ਜਲਦੀ ਹਸਪਤਾਲ ਪਹੁੰਚਣਾ ਚਾਹੁੰਦੇ ਸਨ। ਇਹ ਤਿੰਨੋਂ ਨੇੜਲੇ ਸ਼ਹਿਰ ਵਿਚ ਇਕ ਪੇਂਟਿੰਗ ਪ੍ਰਦਰਸ਼ਨੀ ਦਾ ਦੌਰਾ ਕਰਕੇ ਅਤੇ ਉਥੇ ਪਹਾੜੀ ਉੱਤੇ ਦੇਵੀ ਮੰਦਰ ਦਾ ਦੌਰਾ ਕਰਨ ਤੋਂ ਬਾਅਦ ਵਾਪਸ ਪਰਤ ਰਹੇ ਸਨ। ਗਰਗ ਜੀ ਸਾਰਾ ਸਮਾਂ ਠੀਕ ਸੀ। ਹੁਣ ਅਚਾਨਕ ਉਹ ਸਮਝ ਨਹੀਂ ਪਾ ਰਹੇ ਸਨ ਕਿ ਕੀ ਹੋਇਆ। ਡਰਾਈਵਰ ਨੇ ਟੈਕਸੀ ਦੀ ਗਤੀ ਤੇਜ਼ ਕਰ ਦਿੱਤੀ ਅਤੇ ਦਸ ਮਿੰਟਾਂ ਵਿਚ ਹੀ ਉਹ ਆਪਣੇ ਸ਼ਹਿਰ ਦੇ ਇਕ ਵੱਡੇ ਹਸਪਤਾਲ ਵਿਚ ਪਹੁੰਚ ਗਿਆ। ਇਹ ਹਸਪਤਾਲ ਦੋ ਸਾਲ ਪਹਿਲਾਂ ਸਥਾਪਤ ਕੀਤਾ ਗਿਆ ਸੀ ਅਤੇ ਥੋੜੇ ਸਮੇਂ ਵਿਚ ਹੀ ਇਹ ਇਕ ਵੱਡਾ ਨਾਮ ਬਣ ਗਿਆ। ਗਰਗ ਜੀ ਦੀ ਸਿਹਤ ਵਿਗੜ ਰਹੀ ਸੀ। ਜਿਵੇਂ ਹੀ ਉਹ ਅੰਦਰ ਦਾਖਲ ਹੋਏ, ਸਾਹਮਣੇ ਤੋਂ ਲੰਘ ਰਹੇ ਦਿਲ ਦੇ ਮਾਹਰ ਡਾਕਟਰ ਮਾਨਵ ਨੇ ਗਰਗ ਜੀ ਵੱਲ ਵੇਖਿਆ। ਡਾ. ਸਿੱਧੇ ਉਸ ਕੋਲ ਆਇਆ ਅਤੇ ਉਸਦੀ ਨਬਜ਼ ਚੈੱਕ ਕੀਤੀ ਅਤੇ ਤੁਰੰਤ ਸਟਾਫ ਨੂੰ ਆਦੇਸ਼ ਦਿੱਤਾ 'ਉਨਾਂ ਨੂੰ ਤੁਰੰਤ ਆਈ.ਸੀ.ਯੂ. ਲੈ ਜਾਓ, ਮੈਂ ਹੁਣ ਆ ਰਿਹਾ ਹਾਂ।'

ਰਿਸੈਪਸ਼ਲਿਸਟ ਨੇ ਸੁਨੀਲ ਨੂੰ ਪੰਜਾਹ ਹਜ਼ਾਰ ਜਮਾ ਕਰਵਾਉਣ ਲਈ ਕਿਹਾ। ਇਹ ਸੁਣਦਿਆਂ ਸੁਨੀਲ ਨੂੰ ਮਹਿਸੂਸ ਹੋਇਆ ਜਿਵੇਂ ਉਸਨੂੰ ਚੱਕਰ ਆਉਣ ਵਾਲੇ ਹਨ ਅਤੇ ਸੋਚ ਰਿਹਾ ਸੀ ਕਿ ਉਹ ਇੰਨੇ ਪੈਸੇ ਕਿਥੋਂ ਲਿਆਵੇ, ਕਿ ਰਿਸੈਪਸ਼ਨਿਸਟ ਦਾ ਇੰਟਰਕਾੱਮ ਵੱਜ ਗਿਆ, ਉਸਨੇ ਇਹ ਸੁਣਦਿਆਂ ਹੀ ਸੁਨੀਲ ਨੂੰ ਕਿਹਾ, 'ਤੁਸੀਂ ਇਹ ਕਾਗਜ਼ਾਤ ਭਰੋ, ਤੁਸੀਂ ਅਜੇ ਕੋਈ ਪੈਸਾ ਜਮਾ ਨਹੀਂ ਕਰਨੇ। ਸੁਨੀਲ ਨੂੰ ਥੋੜੀ ਰਾਹਤ ਮਹਿਸੂਸ ਹੋਈ ਅਤੇ ਕਾਗਜ਼ਤ ਪੂਰੇ ਕਰਨ ਤੋਂ ਬਾਅਦ ਉਹ ਮਾਂ ਕੋਲ ਗਿਆ ਅਤੇ ਬੈਠ ਗਿਆ। ਦੋਵੇਂ ਬਹੁਤ ਚਿੰਤਤ ਸਨ। ਗਰਗ ਦੀ ਸਥਿਤੀ ਨੂੰ ਵੇਖਦਿਆਂ ਇਹ ਲੱਗ ਰਿਹਾ ਸੀ ਕਿ ਇਲਾਜ ਵਿਚ ਬਹੁਤ ਸਾਰਾ ਖਰਚ ਆਵੇਗਾ। ਇਹ ਕਿਵੇਂ ਪ੍ਰਬੰਧ ਕੀਤਾ ਜਾਵੇਗਾ? ਇਹ ਇਕ ਵੱਡਾ ਪ੍ਰਸ਼ਨ ਸੀ।

ਗਰਗ ਇਕ ਸਰਕਾਰੀ ਸਕੂਲ ਤੋਂ ਰਿਟਾਇਰਡ ਅਧਿਆਪਕ ਸੀ। ਆਪਣੇ ਕਾਰਜਕਾਲ ਦੌਰਾਨ ਆਪਣੀ ਸੀਮਤ ਆਮਦਨੀ ਦੇ ਨਾਲ, ਉਸਨੇ ਤਿੰਨੋਂ ਬੱਚਿਆਂ ਨੂੰ ਪੜਾਉਣਾ ਸੀ ਅਤੇ ਦੋਵੇਂ ਧੀਆਂ ਦਾ ਵਿਆਹ ਕਰਨਾ ਸੀ। ਪੁੱਤਰ ਸੁਨੀਲ ਇੱਕ ਸਥਾਪਤ ਪੇਂਟਰ ਹੈ। ਗਰਗ ਦੀ ਪੈਨਸ਼ਨ ਅਤੇ ਸੁਨੀਲ ਦੀ ਪੇਂਟਿੰਗ ਤੋਂ ਪ੍ਰਾਪਤ ਆਮਦਨੀ ਨਾਲ ਗੁਜਾਰਾ ਹੁੰਦਾ ਸੀ। ਅਜਿਹੀ ਸਥਿਤੀ ਵਿੱਚ, ਇਲਾਜ ਦਾ ਇਹ ਵੱਡਾ ਖਰਚਾ ਉਸਦੀ ਸ਼ਕਤੀ ਤੋਂ ਬਾਹਰ ਸੀ। ਚਿੰਤਾ ਦਾ ਇੱਕ ਪਲ ਸੀ।

ਗਰਗ ਜੀ ਦੀ ਸਫਲ ਸਰਜਰੀ ਤੋਂ ਬਾਅਦ, ਡਾ. ਮਾਨਵ ਨੇ ਦੋਵਾਂ ਨੂੰ ਆਪਣੇ ਕੈਬਿਨ ਵਿੱਚ ਬੁਲਾਇਆ ਅਤੇ ਗਰਗ ਜੀ ਦੀ ਸਥਿਤੀ ਬਾਰੇ ਉਨਾਂ ਨੂੰ ਭਰੋਸਾ ਦਿਵਾਇਆ. 'ਹੁਣ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ. ਜਦੋਂ ਉਹ ਹੋਸ਼ ਵਿੱਚ ਆਉਂਦੇ ਹਨ ਤਾਂ ਤੁਸੀਂ ਉਸ ਨੂੰ ਮਿਲ ਸਕਦੇ ਹੋ. ਤੁਹਾਨੂੰ ਪੈਸੇ ਨਹੀਂ ਦੇਣੇ ਪੈਣਗੇ। ਮਾਂ ਅਤੇ ਬੇਟੇ ਦੋਵੇਂ ਬਿਨਾਂ ਬੋਲੇ ਉਹਨਾਂ ਦੇ ਮੂੰਹ ਧੰਨਵਾਦ ਸ਼ਬਦ ਆਇਆ ਅਤੇ ਦੋਵੇਂ ਕੈਬਿਨ ਤੋਂ ਬਾਹਰ ਨਿਕਲੇ।

ਜਦੋਂ ਗਰਗ ਜੀ ਨੂੰ ਹੋਸ਼ ਆਇਆ ਤਾਂ ਡਾਕਟਰ ਮਾਨਵ ਉਨਾਂ ਕੋਲ ਗਏ।

ਡਾਕਟਰ ਨੂੰ ਵੇਖਦਿਆਂ, ਉਹ ਕਿਸੇ ਚੀਜ਼ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।'

'ਗੁਰੂ ਜੀ, ਮੈਂ ਤੈਨੂੰ ਪਛਾਣਦਾ ਹਾਂ, ਮੈਂ ਸੰਜੂ।' ਡਾ. ਮੁਸਕਰਾਉਂਦੇ ਹੋਏ ਪੁੱਛਿਆ, ਗਰਗ ਦੀਆਂ ਅੱਖਾਂ ਹੈਰਾਨੀ ਨਾਲ ਚਮਕੀਆਂ। ਡਾ: ਨੇ ਉਨਾਂ ਨੂੰ ਬੋਲਣ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ।

ਹਾਂ, ਮੈਂ ਸੰਜੂ ਤੁਹਾਡਾ ਸਭ ਤੋਂ ਪਿਆਰਾ ਵਿਦਿਆਰਥੀ ਹਾਂ। ਮੈਂ ਇਹ ਕਿਵੇਂ ਭੁੱਲ ਸਕਦਾ ਹਾਂ ਕਿ ਮੇਰੇ ਕੋਲ ਦਸਵੀਂ ਬੋਰਡ ਦੀ ਪ੍ਰੀਖਿਆ, ਪਿਤਾ ਦੀ ਮੌਤ, ਮਾਂ ਦੀ ਵਿਗੜਦੀ ਸਿਹਤ ਅਤੇ ਘਰ ਦੀ ਗਰੀਬੀ ਤੋਂ ਪਹਿਲਾਂ ਹੀ ਪ੍ਰੀਖਿਆ ਫੀਸ ਜਮਾ ਕਰਵਾਉਣ ਲਈ ਪੈਸੇ ਨਹੀਂ ਸਨ। ਤੁਸੀਂ ਮੇਰੀ ਫੀਸ ਇਕੱਠੀ ਕਰਨ ਲਈ ਹਿੰਮਤ ਦਿੱਤੀ ਅਤੇ ਮੈਨੂੰ ਅੱਗੇ ਵਧਣ ਦਾ ਰਸਤਾ ਦਿਖਾਇਆ। ਬੋਲਦਿਆਂ ਡਾ. ਦੀਆਂ ਅੱਖਾਂ ਨਮ ਸਨ।

ਗਰਗ ਦਾ ਦਿਲ ਬੜੇ ਮਾਣ ਨਾਲ ਆਪਣੇ ਪਿਆਰੇ ਹੋਣਹਾਰ ਵਿਦਿਆਰਥੀ ਵੱਲ ਵੇਖ ਰਿਹਾ ਸੀ ਅਤੇ ਕਹਿ ਰਿਹਾ ਸੀ, 'ਮੇਰੇ ਅਧਿਆਪਕ ਦੀ ਜ਼ਿੰਦਗੀ ਅੱਜ ਸਫਲ ਰਹੀ।

**ਵਿਜੈ ਗਰਗ (ਐਕਸ ਪੀਈਐਸ-1)**
**ਮਲੋਟ**

# ਪੰਜਾਬ ਦੇ 600 ਅਰਬ ਡਾਲਰ ਮੁੱਲ ਦੇ ਪਾਣੀਆਂ ਦੀ ਲੁੱਟ ਦੀ ਦਾਸਤਾਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਭਾਗ 2

ਮੂਲ ਲੇਖਕ:ਦਲਜੀਤ ਸਿੰਘ

ਪੰਜਾਬੀ ਅਨੁਵਾਦ: ਗੁਰਪ੍ਰੀਤ ਸਿੰਘ

ਮੌਜੂਦਾ ਨਿਆਂਇਕ ਫੈਸਲੇ- ਰਾਸ਼ਟਰੀ ਅਤੇ ਅੰਤਰ ਰਾਸ਼ਟਰੀ

ਰਿਪੇਰੀਅਨ ਸਿਧਾਂਤ ਦੇ ਅਨੁਸਾਰ ਕਈ ਸਪੱਸ਼ਟ ਨਿਆਂਇਕ ਫੈਸਲੇ ਹੋਏ ਹਨ, ਜਿਸ ਵਿਚ ਇਕ ਫੈਸਲਾ ਨਰਮਦਾ ਦਰਿਆ ਬਾਰੇ ਹੈ ਜੋ ਕਿ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਗੁਜਰਾਤ ਸੂਬਿਆਂ ਵਿਚੋਂ ਲੰਘਦਾ ਹੈ, ਪਰ ਰਾਜਸਥਾਨ ਵਿਚੋਂ ਨਹੀਂ ਲੰਘਦਾ। ਇਸ ਤਰਾਂ, ਰਾਜਸਥਾਨ ਵਲੋਂ ਨਰਮਦਾ ਦਰਿਆ ਦੇ ਪਾਣੀਆਂ ਵਿਚੋਂ ਹਿੱਸਾ ਮੰਗਣ ਦੀ ਪਾਈ ਪਟੀਸ਼ਨ ਉੱਤੇ ਅਦਾਲਤ ਵੱਲੋਂ ਨਿਆਂਇਕ ਫੈਸਲਾ ਹੇਠ ਦਿੱਤੇ ਅਨੁਸਾਰ ਸੀ:

'(1) ਰਾਜਸਥਾਨ ਨਰਮਦਾ ਦਰਿਆ ਦੇ ਸੰਬੰਧ ਵਿੱਚ ਇੱਕ ਗੈਰ-ਰਿਪੇਰੀਅਨ ਰਾਜ ਹੋਣ ਕਰਕੇ, ਅਦਾਲਤ ਤੋਂ ਇਹ ਮੰਗ ਨਹੀਂ ਕਰ ਸਕਦਾ, ਕਿਉਂਕਿ ਐਕਟ ਤਹਿਤ ਸਿਰਫ ਸਹਿ-ਰਿਪੇਰੀਅਨ ਰਾਜ ਹੀ ਅਜਿਹਾ ਕਰ ਸਕਦਾ ਹੈ; ਅਤੇ (2) ਰਾਜਸਥਾਨ ਰਾਜ ਨਰਮਦਾ ਬੇਸਿਨ ਦੇ ਪਾਣੀਆਂ ਦੇ ਕਿਸੇ ਵੀ ਹਿੱਸੇ ਦਾ ਹੱਕਦਾਰ ਨਹੀਂ ਹੈ ਕਿਉਂਕਿ ਰਾਜਸਥਾਨ ਰਾਜ ਸਹਿ-ਰਿਪੇਰੀਅਨ ਰਾਜ ਨਹੀਂ ਹੈ, ਜਾਂ ਇਹ ਕਿ ਇਸ ਦੇ ਖੇਤਰ ਦਾ ਕੋਈ ਹਿੱਸਾ ਨਰਮਦਾ ਨਦੀ ਦੇ ਬੇਸਿਨ ਵਿੱਚ ਨਹੀਂ ਪੈਂਦਾ

3. ਰਾਜਸਥਾਨ ਦੀ ਇਸ ਅਪੀਲ ਉੱਤੇ ਕਿ ਗੈਰ-ਰਿਪੇਰੀਅਨ ਰਾਜ ਹੋਣ ਦੇ ਬਾਵਜੂਦ ਵੀ ਇਸ ਨੂੰ ਨਰਮਦਾ ਦਾ ਪਾਣੀ ਮਿਲਣਾ ਚਾਹੀਦਾ ਹੈ, ਜਿਵੇਂ ਕਿ ਇਕ ਗੈਰ-ਰਿਪੇਰੀਅਨ ਰਾਜ ਹੋਣ ਦੇ ਬਾਵਜੂਦ ਇਸਨੂੰ ਪੰਜਾਬ ਦੇ ਪਾਣੀਆਂ ਚੋਂ ਹਿੱਸਾ ਮਿਲ ਰਿਹਾ ਹੈ, ਅਦਾਲਤ ਦਾ ਫੈਸਲਾ ਹੇਠ ਲਿਖੇ ਅਨੁਸਾਰ ਹੈ:

ਰਾਵੀ ਅਤੇ ਬਿਆਸ ਦੀ ਵਰਤੋਂ: ਪਾਣੀ ਦੀ ਵੰਡ ਇਕ ਸਮਝੌਤੇ ਦਾ ਨਤੀਜਾ ਸੀ। ਰਾਜਸਥਾਨ ਵਲੋਂ ਦਾਖਿਲ ਕੀਤੇ ਦਸਤਾਵੇਜ਼ ਖੰਡ 6 (ੑ✿⇩✝✡✥ ੑ9) ਦੇ ਸਫ਼ੇ 26 ਅਤੇ 30 ਵਿਚ ਇਹ ਜਾਪਦਾ ਹੈ ਕਿ ਪੰਜਾਬ ਰਾਜਸਥਾਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਤਿਆਰ ਸੀ, ਬਸ਼ਰਤੇ ਕਿ ਇਕ ਰਿਪੇਰੀਅਨ ਰਾਜ ਹੋਣ ਦੇ ਨਾਤੇ ਪਹਿਲਾਂ ਪੰਜਾਬ ਆਪਣੀਆਂ ਲੋੜਾਂ ਪੂਰੀਆਂ ਕਰ ਲਵੇ।

ਇਨਾਂ ਤੱਥਾਂ ਦੀ ਰੌਸ਼ਨੀ ਵਿਚ ਪਰਖਦਿਆਂ ਹੋਇਆ, ਅਸੀਂ ਇਹ ਕਹਿ ਸਕਦੇ ਹਾਂ ਕਿ ਰਾਜਸਥਾਨ ਨੇ ਆਪਣੇ ਹੱਕ ਵਿੱਚ ਅਦਾਲਤੀ ਰਾਇ ਬਣਾਉਣ ਲਈ ਲੋੜੀਂਦੀ ਪ੍ਰਕਿਰਿਆ ਨੂੰ ਪੂਰਾ ਨਹੀਂ ਕੀਤਾ ਹੈ ਜਿਸ ਨਾਲ ਕਾਨੂੰਨ ਆਪਣੀ ਰਾਇ ਦੇ ਸਕੇ। ਅਤੇ ਪੰਜਾਬ ਜਾਂ ਉੱਤਰ ਪ੍ਰਦੇਸ਼ ਦੀਆਂ ਨਦੀਆਂ ਵਿਚ ਗੈਰ-ਰਿਪੇਰੀਅਨ ਰਾਜ ਹੋਣ ਕਰਕੇ ਨਾ ਹੀ ਰਾਜਸਥਾਨ ਦੇ ਅਧਿਕਾਰਾਂ ਦੇ ਸੰਬੰਧ ਵਿਚ ਕੋਈ ਸਪੱਸ਼ਟ ਅਤੇ ਨਿਰੰਤਰ ਸਬੂਤ ਹਨ।"

4. (12-ਏ) 1951, ਜਦੋਂ ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਅਤੇ ਵਰਤੋਂ ਦਾ ਸਵਾਲ ਵਿਚਾਰਿਆ ਜਾ ਰਿਹਾ ਸੀ, ਤਾਂ ਪੰਜਾਬ ਸਰਕਾਰ ਨੇ ਰਿਪੇਰੀਅਨ ਰਾਜ ਹੋਣ ਦੇ ਅਧਾਰ ਉੱਤੇ ਮਿਤੀ 16.11.1964 ਨੂੰ ਮੁੜ ਆਪਣੀ ਤਰਜੀਹ ਦਾ ਦਾਅਵਾ ਕੀਤਾ। ਪੰਜਾਬ ਦੇ ਅਧਿਕਾਰ ਦੀ ਜਾਇਜ਼ਤਾ 'ਤੇ ਵੈਧਤਾ ਨੂੰ ਭਾਰਤ ਸਰਕਾਰ ਨੇ ਨਹੀਂ ਮੰਨਿਆ ਅਤੇ ਭਾਰਤ ਸਰਕਾਰ ਦੀ ਅਗਵਾਈ ਹੇਠ ਹੋਈ ਬੈਠਕ ਵਿਚ ਰਾਜਸਥਾਨ ਨੂੰ 15.85 ਐਮਏਐਫ (ਮਿਲੀਅਨ ਏਕੜ ਫੁੱਟ) ਦੀ ਕੁੱਲ ਉਪਲਬਧ ਮਾਤਰਾ ਵਿਚੋਂ 8 ਐਮਏਐਫ ਅਲਾਟ ਕਰ ਦਿੱਤਾ ਗਿਆ।

ਨਰਮਦਾ ਜੱਜਮੈਂਟ ਤੋਂ ਦੋ ਮਹੱਤਵਪੂਰਨ ਤੱਥ ਸਪੱਸ਼ਟ ਹਨ, (ੳ) ਪਹਿਲਾ ਇਹ ਕਿ ਰਾਜਸਥਾਨ ਇਹ ਮੰਨਦਾ ਹੈ ਕਿ ਰਾਵੀ ਅਤੇ ਬਿਆਸ ਦੇ ਸੰਬੰਧ ਵਿੱਚ ਇਹ ਇੱਕ ਗੈਰ ਰਿਪੇਰੀਅਨ ਰਾਜ ਹੈ ਅਤੇ ਕੇਂਦਰ ਵਲੋਂ ਰਾਜਸਥਾਨ ਨੂੰ ਪੰਜਾਬ ਦੇ ਪਾਣੀਆਂ ਦੀ ਵੰਡ, ਪੰਜਾਬ ਦੇ ਇਤਰਾਜ ਦੇ ਬਾਵਜੂਦ ਅਤੇ ਅਦਾਲਤ ਵਲੋਂ ਦਿੱਤੇ ਫੈਸਲੇ ਕਿ ਗੈਰ ਰਿਪੇਰੀਅਨ ਰਾਜ ਦਾ ਪੰਜਾਬ ਦੇ ਪਾਣੀ ਉੱਤੇ ਕੋਈ ਹੱਕ ਨਹੀਂ ਬਣਦਾ, ਦੇ ਬਾਵਜੂਦ ਵੀ ਕੀਤੀ ਜਾ ਰਹੀ ਹੈ।

(ਬ) ਇਸ ਅਧਾਰ ਉੱਤੇ ਕਿ ਉਹ ਲੋਕ ਜੋ ਨਦੀ ਦੇ ਪ੍ਰਕੋਪਾਂ ਨਾਲ ਪੀੜਤ ਹੁੰਦੇ ਹਨ, ਇਸ ਦੇ ਪਾਣੀਆਂ ਦੇ ਅਧਿਕਾਰਾਂ ਦੇ ਇਕੱਲੇ ਹੱਕਦਾਰ ਹੁੰਦੇ ਹਨ, ਇਸੇ ਅਧਾਰ ਤੇ ਸੌ ਸਾਲਾਂ ਤੋਂ ਦੱਖਣੀ ਕੈਲੀਫੋਰਨੀਆ ਦੇ ਵਸਨੀਕਾਂ ਨੇ ਖੁਦ ਦੱਖਣੀ ਕੈਲੀਫੋਰਨੀਆ ਵਿਚ ਹੀ ਸਥਿਤ ਕੇਂਦਰ ਸਰਕਾਰ ਦੀਆਂ ਜ਼ਮੀਨਾਂ ਅਤੇ ਪਾਰਕਾਂ ਵਿਚ ਵੀ ਪਾਣੀ ਵਰਤਣ ਤੱਕ ਦੀ ਆਗਿਆ ਨਹੀਂ ਦਿੱਤੀ।

ਇਹ ਤਾਂ ਫਰਵਰੀ 1988 'ਚ ਜਾ ਕੇ ਹੇਠਲੀ ਅਦਾਲਤ ਨੇ ਸਹਿਮਤੀ ਦਿੱਤੀ ਕਿ ਦੱਖਣੀ ਕੈਲੀਫੋਰਨੀਆ ਵਿਚ ਕੇਂਦਰ ਸਰਕਾਰ ਦੀਆਂ ਜੰਗਲਾਤ ਜ਼ਮੀਨਾਂ ਨੂੰ ਪਾਣੀ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਪਰ ਇਹ ਇਜਾਜ਼ਤ ਇਸ ਵਿਵਸਥਾ ਦੇ ਅਧੀਨ ਦਿੱਤੀ ਗਈ ਸੀ ਕਿ ਸੂਬੇ ਦੇ ਜਲ ਅਧਿਕਾਰੀ ਸੂਬੇ ਦੇ ਪਾਣੀ ਦੀ ਵਰਤੋਂ ਕਰਨ ਵਾਲੇ ਨਾਗਰਿਕਾਂ ਦੀਆਂ ਜਰੂਰਤਾਂ ਦੇ ਹਿਸਾਬ ਅਨੁਸਾਰ ਕੇਂਦਰ ਸਰਕਾਰ ਦੁਆਰਾ ਪਾਣੀ ਉੱਪਰ ਕਿਸੇ ਨਵੇਂ ਦਾਅਵੇ ਨੂੰ ਖਾਰਿਜ ਕਰ ਸਕਦੇ ਹਨ।

5. ਇਹ ਦਰਸਾਉਂਦਾ ਹੈ ਕਿ ਪਰਿਸਪਾਰਿਕਤਾ ਦਾ ਸਿਧਾਂਤ (ਕਿ ਲਾਭ ਦਾ ਹੱਕ ਸਿਰਫ ਉਸਨੂੰ ਹੀ ਹੁੰਦਾ ਹੈ ਜੋ ਦੁੱਖ ਝੱਲਦਾ ਹੈ) ਇੰਨਾ ਮਜ਼ਬੂਤ ਹੈ ਕਿ ਖੁਦ ਉਸ ਆਪਣੇ ਸੂਬੇ ਵਿਚ ਵੀ ਕੇਂਦਰ ਸਰਕਾਰ ਦੀ ਜੰਗਲਾਤ ਭੂਮੀ ਅਤੇ ਪਾਰਕ, ਇਕ ਸਦੀ ਤੋਂ ਵੱਧ ਸਮੇਂ ਲਈ ਪਾਣੀ ਦੀ ਸਹੂਲਤ ਤੋਂ ਵਾਂਝੇ ਰਹੇ, ਅਤੇ ਜਦੋਂ ਇਸ ਦੀ ਆਗਿਆ ਦਿੱਤੀ ਗਈ , ਆਗਿਆ ਰਾਜ ਦੇ ਨਾਗਰਿਕਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇ ਅਧਾਰ ਅਤੇ ਸ਼ਰਤਾਂ ਉੱਤੇ ਦਿੱਤੀ ਗਈ। ਹਾਲਾਂਕਿ ਨਾਗਰਿਕਾਂ ਵੱਲੋਂ ਅਦਾਲਤ ਦਾ ਇਹ ਫੈਸਲਾ ਥੋਪਿਆ ਗਿਆ ਅਤੇ ਅਸੰਤੋਸ਼ਜਨਕ ਮੰਨਿਆ ਗਿਆ ਸੀ, ਅਤੇ ਰਾਜ ਦੇ ਨਾਗਰਿਕ ਤੇ ਗੈਰ ਸਰਕਾਰੀ ਪਾਰਟੀਆਂ ਇਸ ਨੂੰ ਉਲਟਾਉਣ ਦੀ ਅਪੀਲ ਕਰ ਰਹੀਆਂ ਸਨ।

ਇਹ ਦਰਸਾਉਂਦਾ ਹੈ ਕਿ ਰਿਪੇਰੀਅਨ ਕਾਨੂੰਨ ਦੀ ਮਾਨਤਾ ਅਤੇ ਪਵਿੱਤਰਤਾ, ਅਤੇ ਪੀੜਤ ਅਤੇ ਲਾਭਪਾਤਰੀਆਂ ਵਿਚਲਾ ਇਸਦਾ ਸੰਬੰਧ ਕਿੰਨੇ ਵਿਆਪਿਕ ਤੌਰ ਤੇ ਸਰਵ-ਪ੍ਰਵਾਨਿਤ ਹੈ।

ਇਸ ਪ੍ਰਸੰਗ ਵਿੱਚ ਹੋਈ ਬੇਇਨਸਾਫੀ ਦੀ ਵਿਡੰਬਨਾ ਇਹ ਹੈ ਕਿ ਜਦੋਂ ਪੰਜਾਬ ਨੂੰ ਖੁਦ ਆਪਣੇ ਦਰਿਆਵਾਂ ਦੇ ਪਾਣੀਆਂ ਦੀ ਹਰ ਬੂੰਦ ਦੀ ਸਖਤ ਜ਼ਰੂਰਤ ਹੈ, ਤਾਂ ਕੇਂਦਰੀ ਅਵਾਰਡਾਂ ਜਾਂ ਫੈਸਲਿਆਂ ਤਹਿਤ ਪੰਜਾਬ ਦੇ ਦਰਿਆਵਾਂ ਦੇ ਉਪਲੱਬਧ ਪਾਣੀ 'ਚੋਂ 75% ਗੈਰ-ਰਿਪੇਰੀਅਨ ਰਾਜਾਂ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਅਲਾਟ ਕੀਤੇ ਗਏ ਹਨ।

### ਦਰਿਆਵਾਂ ਦੇ ਪਾਣੀਆਂ ਦਾ ਵਿਵਾਦ

ਇਸ ਵਿਵਾਦ ਦਾ ਅਸਲ ਕਾਰਨ ਪੰਜਾਬ ਪੁਨਰਗਠਨ ਕਾਨੂੰਨ 1966 ਦੀਆਂ ਧਾਰਾਵਾਂ 78 ਤੋਂ 80 ਹਨ, ਜੋ ਤਿੰਨ ਚੀਜ਼ਾਂ ਤੈਅ ਕਰਦੀਆਂ ਹਨ। ਪਹਿਲੀ , ਕਿ ਪੰਜਾਬ ਅਤੇ ਹਰਿਆਣਾ ਵਿਚਾਲੇ ਵਿਵਾਦ ਹੋਣ ਦੀ ਸਥਿਤੀ ਵਿਚ, ਪੰਜਾਬ ਦੇ ਦਰਿਆਈ ਪਾਣੀਆਂ ਅਤੇ ਪਣ-ਬਿਜਲੀ ਦੀ ਵੰਡ ਅਤੇ ਅਲਾਟਮੈਂਟ ਕਰਨ ਦੀ ਸ਼ਕਤੀ ਕੇਂਦਰ ਸਰਕਾਰ ਦੇ ਕੋਲ ਹੋਵੇਗੀ।

ਬਾਕੀ ਸਫ਼ਾ 32 'ਤੇ

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਨਾਮਵਾਰ ਕੈਨੇਡਾ ਤੇ ਯੂਕੇ ਦੇ ਪਰਵਾਸੀ ਪੰਜਾਬੀ

## ਬਰਤਾਨੀਆ ਦੇ ਸੱਤ ਨਾਮੀਂ ਪਰਵਾਸੀ ਪੰਜਾਬੀ ਮੇਅਰਾਂ ਨੇ ਸਿਆਸਤ 'ਚ ਪ੍ਰਾਪਤੀਆਂ ਕਰਕੇ ਸਭ ਨੂੰ ਹੈਰਾਨ ਕੀਤਾ

ਪ੍ਰਵਾਸੀ ਖ਼ਬਰਨਾਮਾ



**- ਗੁਰਮੀਤ ਸਿੰਘ ਪਲਾਹੀ**

### ਸਾਹਿਤਕਾਰ ਰਵਿੰਦਰ ਰਵੀ



ਕੈਨੇਡਾ ਦੇ ਸ਼ਹਿਰ ਟੈਰੇਸ ਦਾ ਵਾਸੀ ਰਵਿੰਦਰ ਰਵੀ ਪੰਜਾਬੀ ਸਾਹਿਤ ਜਗਤ ਦਾ ਇੱਕ ਵੱਡਾ ਹਸਤਾਖ਼ਰ ਹੈ। ਸਿਆਲਕੋਟ (ਪਾਕਿਸਤਾਨ) ਵਿੱਚ 8 ਮਾਰਚ 1938 ਨੂੰ ਜਨਮੇ ਰਵਿੰਦਰ ਰਵੀ ਨੇ ਪੰਜਾਬ ਯੂਨੀਵਰਸਿਟੀ ਤੋਂ ਐਮਏ ਪੰਜਾਬੀ ਦੀ ਪੜ੍ਹਾਈ ਕੀਤੀ। ਕੀਨੀਆ ਦੇ ਸਿੱਖਿਆ ਵਿਭਾਗ ਵਿੱਚ 1967 ਤੋਂ 1974 ਤੱਕ ਨੌਕਰੀ ਕੀਤੀ ਅਤੇ ਉਸ ਤੋਂ ਬਾਅਦ ਕੈਨੇਡਾ ਵਿਚ ਲੰਮਾ ਸਮਾਂ ਅਧਿਆਪਕ-ਲਾਇਬ੍ਰੇਰੀਅਨ ਦੇ ਕਿੱਤੇ ਨਾਲ ਜੁੜੇ ਰਹੇ। ਉਨ੍ਹਾਂ ਨੇ ਵਾਰਤਕ, ਕਵਿਤਾ, ਡਰਾਮਾ, ਸਫ਼ਰਨਾਮੇ, ਸਾਹਿਤਕ ਸਵੈ ਜੀਵਨੀ ਅਤੇ ਸਾਹਿਤਕ ਅਲੋਚਨਾ ਸਬੰਧੀ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਜ਼ਬਾਨਾਂ ਵਿਚ 80 ਤੋਂ ਵੱਧ ਪੁਸਤਕਾਂ ਲਿਖੀਆਂ। ਬਿਮਾਰ ਸਦੀ (1974), ਚੌਕ ਨਾਟਕ, ਸਿਫ਼ਰ ਨਾਟਕ, ਮਨ ਦੇ ਹਾਣੀ ਉਨ੍ਹਾਂ ਦੀਆਂ ਪ੍ਰਸਿੱਧ ਕ੍ਰਿਤਾਂ ਹਨ। ਰੂਹ ਪੰਜਾਬ ਦੀ, ਤਿੰਨ ਨਾਟਕ, ਮਖੌਟੇ ਤੇ ਹਾਦਸੇ, ਚੱਕਰਵਿਊ ਤੇ ਪੈਰਾਮਿਡ ਜਿਹੀਆਂ ਪੁਸਤਕਾਂ ਛਾਪ ਕੇ ਉਹ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਵਿਸ਼ੇਸ਼ ਪਛਾਣ ਰੱਖਦੇ ਹਨ। ਉਨ੍ਹਾਂ ਨੂੰ 1983 ਵਿੱਚ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵੱਲੋਂ ਈਸ਼ਵਰ ਚੰਦਰ ਨੰਦਾ ਪੁਰਸਕਾਰਾਂ ਸਮੇਤ ਦੇਸ਼-ਵਿਦੇਸ਼ ਦੀਆਂ ਸਾਹਿਤਕ ਸਭਾਵਾਂ, ਅਦਾਰਿਆਂ ਵਲੋਂ 31 ਐਵਾਰਡ ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਰਵਿੰਦਰ ਰਵੀ ਪੰਜਾਬੀ ਦਾ ਇਕੱਲਾ ਕਵੀ ਹੈ ਜਿਸ ਨੇ ਪੰਜਾਬੀ ਵਿੱਚ ਕਾਵਿ-ਨਾਟਕ ਲਿਖ ਕੇ ਕੈਨੇਡਾ ਰਹਿੰਦਿਆਂ ਨਵੇਂ ਤਜਰਬੇ ਕੀਤੇ।

### ਸਾਇੰਸਦਾਨ ਡਾ. ਨਰਿੰਦਰ ਸਿੰਘ ਕਪਾਨੀ

ਫਿਜ਼ਿਕਸ ਦੇ ਖੇਤਰ ਵਿੱਚ ਔਪਟੀਕਲ ਫਾਈਬਰ ਦੀ ਖੋਜ ਕਰਨ ਵਾਲੇ ਫਾਈਬਰ ਔਪਟੀਕਲ ਪਿਤਾਮਾ ਅਮਰੀਕਾ ਵਿੱਚ ਵਿਸ਼ੇਸ਼ ਨਾਂ ਪੈਦਾ ਕਰ ਚੁੱਕੇ ਡਾ. ਨਰਿੰਦਰ ਸਿੰਘ



ਕਪਾਨੀ ਮੋਗਾ ਵਿਖੇ 31 ਅਕਤੂਬਰ 1926 ਨੂੰ ਪੈਦਾ ਹੋਏ। ਬਿੱਲ ਗੇਟਸ ਅਤੇ ਸਟੀਵ ਜੌਬਸ ਜਿਹੀਆਂ ਪ੍ਰਾਪਤੀਆਂ ਵਾਲੇ ਆਗਰਾ ਯੂਨੀਵਰਸਿਟੀ ਦੇ ਗਰੈਜੂਏਟ, ਇੰਪੀਰੀਅਲ ਕਾਲਜ ਲੰਡਨ ਤੋਂ ਔਪਟੀਕਸ ਵਿੱਚ ਪੀਐਚਡੀ ਕਰਨ ਵਾਲੇ ਡਾ. ਨਰਿੰਦਰ ਸਿੰਘ, ਅਮਰੀਕਾ ਦੇ ਸ਼ਹਿਰ ਸਾਨਫਰਾਸਿਸਕੋ ਵਿਖੇ ਰਹਿੰਦੇ ਹਨ। ਉਨ੍ਹਾਂ ਦੀ ਖੋਜ ਨੇ ਲੇਜ਼ਰ, ਬਾਇਉ ਮੈਡੀਕਲ ਇਸਟਰੂਮੈਂਟਸ, ਸੂਰਜੀ ਊਰਜਾ ਵਿੱਚ ਵਰਨਣਯੋਗ ਪ੍ਰਾਪਤੀਆਂ ਕੀਤੀਆਂ ਹਨ। ਉਨ੍ਹਾਂ ਨੇ 100 ਤੋਂ ਵੱਧ ਪੇਟੈਂਟ ਦਰਜ ਕਰਵਾਏ ਹਨ ਅਤੇ ਨੈਸ਼ਨਲ ਇਨਵੈਂਟਰ ਕੌਂਸਲ ਦੇ ਮੈਂਬਰ ਵੀ ਹਨ। ਉਨ੍ਹਾਂ ਨੂੰ ਕਈ ਸੰਸਥਾਵਾਂ ਵਲੋਂ ਐਵਾਰਡ ਮਿਲ ਚੁੱਕੇ ਹਨ ਅਤੇ ਉਹ ਬ੍ਰਿਟਿਸ਼ ਰਾਇਲ ਅਕੈਡਮੀ ਆਫ ਇੰਜੀਨੀਅਰਿੰਗ ਸਮੇਤ ਕਈ ਸੰਸਥਾਵਾਂ ਦੇ ਫੈਲੋ ਹਨ। ਉਨ੍ਹਾਂ ਨੇ ਔਪਟੀਕਸ ਟੈਕਨੌਲੋਜੀ ਇਨ ਕਾਰਪੋਰੇਟਿਡ ਨਾਂ ਦੀ ਇੱਕ ਕੰਪਨੀ ਸਥਾਪਤ ਕੀਤੀ, ਉਸ ਦੇ ਚੇਅਰਮੈਨ ਬਣੇ, ਉਪਰੰਤ ਅਮਰੀਕਾ ਦੀਆਂ ਕਈ ਕੰਪਨੀਆਂ ਵਿੱਚ ਡਾਇਰੈਕਟਰ ਵਜੋਂ ਵੀ ਉਨ੍ਹਾਂ ਕੰਮ ਕੀਤਾ। ਅਕੈਡਮਿਕ ਖੇਤਰ ਵਿੱਚ ਉਨ੍ਹਾਂ ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿੱਚ ਪ੍ਰੋਫੈਸਰ ਵਜੋਂ ਕੰਮ ਕੀਤਾ। ਕਈ ਪੋਸਟ ਗਰੈਜੂਏਟ ਵਿਦਿਆਰਥੀਆਂ ਦੇ ਖੋਜ ਕਾਰਜਾਂ ਦੀ ਸੁਪਰਵੀਜ਼ਨ ਕੀਤੀ। ਡਾ. ਕਪਾਨੀ ਪ੍ਰਸਿੱਧ ਪੰਜਾਬੀ ਸਕਾਲਰ, ਸਿੱਖ ਆਰਟ ਦੇ ਮੁਦਈ ਅਤੇ ਬੁੱਤ ਕਲਾ ਦੇ ਪ੍ਰੇਮੀ ਵੀ ਹਨ।

### ਚਿੱਤਰਕਾਰ ਜਰਨੈਲ ਸਿੰਘ

ਪੰਜਾਬੀ ਦੇ ਜਗਤ ਪ੍ਰਸਿੱਧ ਚਿੱਤਰਕਾਰ ਜਰਨੈਲ ਸਿੰਘ ਇਨ੍ਹਾਂ ਦਿਨਾਂ ਵਿਚ ਸਰੀ, ਕੈਨੇਡਾ ਵਿਚ ਨਿਵਾਸ ਕਰਦੇ



ਹਨ। ਜ਼ੀਰਾ (ਪੰਜਾਬ) ਵਿਚ 1956 ਵਿਚ ਜਨਮੇ ਜਰਨੈਲ ਸਿੰਘ ਫ੍ਰੀਲਾਂਸ ਚਿੱਤਰਕਾਰ, ਡਿਜ਼ਾਈਨਰ, ਫੋਟੋਗ੍ਰਾਫਰ ਅਤੇ ਆਰਟ ਪੱਤਰਕਾਰ ਹਨ। ਪੰਜਾਬੀ ਜੀਵਨ ਦੇ ਯਥਾਰਥ, ਸਿੱਖਾਂ ਦੀ ਕੁਰਬਾਨੀ ਅਤੇ ਸੰਘਰਸ਼ ਨੂੰ ਅਨੋਖੇ ਢੰਗ ਨਾਲ ਪੇਸ਼ ਕਰਕੇ ਉਹਨਾਂ ਨੇ ਆਪਣੀ ਅਦਭੁੱਤ ਕਲਾ ਦਾ ਪ੍ਰਦਰਸ਼ਨ ਕਰਕੇ ਜਗਤ ਪ੍ਰਸਿੱਧੀ ਹਾਸਲ ਕੀਤੀ ਹੈ। ਅਲੋਪ ਹੋ ਰਹੇ ਪੰਜਾਬ ਦੇ ਪਿੰਡਾਂ ਦੀ ਜ਼ਿੰਦਗੀ ਦੇ ਵੱਖੋ-ਵੱਖਰੇ ਪੱਖਾਂ ਪੰਜਾਬੀ ਸਭਿਆਚਾਰ ਅਤੇ ਰੀਤੀ ਰਿਵਾਜ਼ਾਂ ਨੂੰ ਪੂਰੀ ਸ਼ਿੱਦਤ ਨਾਲ ਕਾਗਜ਼ ਤੇ ਕੈਨਵਸ 'ਤੇ ਚਿੱਤਰਿਆ ਹੈ। ਰੂੰ ਕੱਤਦੀ, ਸੂਈ ਗੰਧੂਈ ਨਾਲ ਕਢਾਈ ਕਰਦੀ, ਖੂਹ ਤੋਂ ਪਾਣੀ ਢੋਂਦੀ, ਖੇਤਾਂ ਵਿਚ ਕਪਾਹ ਚੁਗਦੀ ਔਰਤ ਉਨ੍ਹਾਂ ਦੇ ਬਣਾਏ ਇਹੋ ਜਿਹੇ ਚਿੱਤਰ ਹਨ, ਜਿਨ੍ਹਾਂ ਨੂੰ ਦੇਸ਼-ਵਿਦੇਸ਼ ਵਸਦੇ ਪੰਜਾਬੀ ਘਰਾਂ ਵਿਚ ਥਾਂ ਮਿਲੀ ਹੋਈ ਹੈ। ਉਨ੍ਹਾਂ ਦੀਆਂ ਕ੍ਰਿਤਾਂ ਕੈਲੰਡਰਾਂ, ਵਧਾਈ ਕਾਰਡਾਂ ਆਦਿ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ। ਉਨ੍ਹਾਂ ਦੇ 50 ਤੋਂ ਵੱਧ ਆਰਟੀਕਲ ਵੱਖੋ-ਵੱਖਰੀਆਂ ਅਖ਼ਬਾਰਾਂ ਰਸਾਲਿਆਂ ਵਿਚ ਛਪ ਚੁੱਕੇ ਹਨ। ਇੰਟਰਨੈਸ਼ਨਲ ਪੰਜਾਬੀ ਚੈਂਬਰ ਆਫ ਕਾਮਰਸ ਮਿਸੀਸਾਗਾ ਵੱਲੋਂ ਜਾਰੀ ਅਚੀਵਰ ਆਫ ਦੀ ਯੀਅਰ" ਅਤੇ ਕੁਈਨ ਡਾਇਮੰਡ ਜੁਬਲੀ ਮੈਡਲ ਸਰੀ ਸਨਮਾਨ ਉਨ੍ਹਾਂ ਦੀ ਪੰਜਾਬੀ ਕਲਾ ਅਤੇ ਸਭਿਆਚਾਰ ਵਿਚ ਵਿਸ਼ੇਸ਼ ਯੋਗਦਾਨ ਵਜੋਂ ਮਿਲਿਆ। ਵੈਨਕੂਵਰ ਸਨ ਅਖ਼ਬਾਰ ਨੇ ਉਨ੍ਹਾਂ ਦਾ ਨਾਂ ਮਹੱਤਵਪੂਰਨ 100 ਦੱਖਣੀ ਏਸ਼ੀਅਨ ਲੋਕਾਂ ਵਿੱਚ ਸ਼ੁਮਾਰ ਕੀਤਾ ਹੈ।

### ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ

ਜੁਲਾਈ 1940 ਨੂੰ ਜਨਮੇ ਟੋਰੋਂਟੋ (ਕੈਨੇਡਾ) ਵਸਦੇ ਪ੍ਰਿੰਸੀਪਲ ਸਰਵਣ ਸਿੰਘ ਪਿੰਡ ਚਕਰ ਜ਼ਿਲ੍ਹਾ ਲੁਧਿਆਣਾ ਦੇ ਜੰਮਪਲ ਹਨ, ਪਰ ਲਾਲਾ ਲਾਜਪਤ ਰਾਏ ਅਤੇ ਬਹੁ-ਪੱਖੀ ਲੇਖਕ ਜਸਵੰਤ ਸਿੰਘ ਕੰਵਲ ਦੇ ਪਿੰਡ ਨਾਲ ਲੰਮਾ ਸਮਾਂ ਜੁੜੇ ਹੋਣ ਕਾਰਨ ਉਹਨਾਂ ਨੂੰ ਬਹੁਤੇ ਲੋਕ ਢੁੱਡੀਕੇ ਦਾ ਸਮਝਦੇ ਤੇ ਸਨਮਾਨਦੇ ਹਨ। ਖੇਡਾਂ, ਖਿਡਾਰੀਆਂ ਬਾਰੇ ਦਰਜਨਾਂ ਪੁਸਤਕਾਂ ਲਿਖ ਕੇ ਉਹਨਾ ਨੇ ਪੰਜਾਬੀ ਜਗਤ ਵਿਚ ਵਡੇਰਾ



ਨਾਮਣਾ ਖੱਟਿਆ ਹੈ। ਸਾਲ 1978 ਵਿੱਚ ਪੰਜਾਬ ਦੇ ਉੱਘੇ ਖਿਡਾਰੀ" ਲਿਖ ਕੇ ਉਹ ਖੇਡਾਂ, ਖਿਡਾਰੀਆਂ ਦੇ ਹਰਮਨ ਪਿਆਰੇ ਬਣੇ ਅਤੇ ਖੇਡ ਵਿਧਾ ਨੂੰ ਇਸ ਕਦਰ ਆਪਣੀ ਕਲਮ ਦੀ ਨੋਕ ਨਾਲ ਚਿੱਤਰਿਆ ਕਿ ਪ੍ਰਿੰਸੀਪਲ ਸਰਵਣ ਸਿੰਘ ਖੇਡ ਲੇਖਕ ਵਜੋਂ ਪੰਜਾਬੀ ਪੁਸਤਕਾਂ, ਰਸਾਲਿਆਂ, ਅਖ਼ਬਾਰਾਂ ਵਿਚ ਪ੍ਰਵਾਨੇ ਗਏ। ਖੇਡ ਮੈਦਾਨ ਵਿਚੋਂ ਉਲਿੰਪਕ ਖੇਡਾਂ, ਪੰਜਾਬ ਦੀਆਂ ਦੇਸੀ ਖੇਡਾਂ, ਖੇਡ ਜਗਤ ਦੀਆਂ ਬਾਤਾਂ, ਖੇਡ ਮੇਲੇ ਵੇਖਦਿਆਂ ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਸੈਨਟ ਮੈਂਬਰ ਅਤੇ ਦੁਆਬੇ ਦੇ ਪ੍ਰਸਿੱਧ ਪੇਂਡੂ ਅਮਰਦੀਪ ਕਾਲਜ ਮੁਕੰਦਪੁਰ ਦੇ ਪ੍ਰਿੰਸੀਪਲ ਵੀ ਰਹੇ। ਉਹ ਪਹਿਲੇ ਕਬੱਡੀ ਵਿਸ਼ਵ ਕੱਪ ਦੇ ਟੈਕਨੀਕਲ ਸਲਾਹਕਾਰ ਅਤੇ ਦੂਜੇ, ਤੀਜੇ, ਚੌਥੇ, ਪੰਜਵੇਂ ਵਿਸ਼ਵ ਕਬੱਡੀ ਕੱਪ ਦੇ ਟੈਕਨੀਕਲ ਮੈਂਬਰ ਵੀ ਰਹੇ। ਪੰਜਾਬੀ ਸਾਹਿਤ ਟਰੱਸਟ ਢੁੱਡੀਕੇ, ਭਾਸ਼ਾ ਵਿਭਾਗ ਪੰਜਾਬ ਵਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਲੇਖਕ ਪੁਰਸਕਾਰ ਨਾਲ ਨਿਵਾਜਿਆ ਜਾ ਚੁੱਕਾ ਹੈ। ਖੇਡ ਮੇਲਿਆਂ ਵਿਚ ਉਹ ਕਮੈਂਟਰੀ ਕਰਕੇ ਪੰਜਾਬੀਆਂ ਦੇ ਦਿਲਾਂ ਵਿਚ ਰਾਜ ਕਰਦੇ ਹਨ। ਨਾਗਰਿਕ ਪ੍ਰਿੰਸੀਪਲ ਸਰਵਣ ਸਿੰਘ ਭਾਰਤ ਦੇ ਹਨ ਪਰ ਅਵਾਸੀ ਕੈਨੇਡਾ ਦੇ, ਜਿਹੜੇ ਹਰ ਵੇਲੇ ਪੜ੍ਹਨ ਲਿਖਣ ਵਿਚ ਰੁੱਝੇ ਰਹਿੰਦੇ ਹਨ।

### ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ



ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਤਿੱਖੀ, ਧੂੰਆਂਧਾਰ, ਬੇਬਾਕ ਕਲਮ ਨੇ ਨਿਰੰਤਰ ਉਨ੍ਹਾਂ ਅਣਛੋਹੇ ਮਾਮਲਿਆਂ ਨੂੰ ਛੋਹਿਆ, ਜਿਨ੍ਹਾਂ ਤਕ ਪਹੁੰਚ ਕੋਈ ਵਿਰਲਾ ਟਾਵਾਂ ਪੱਤਰਕਾਰ ਹੀ ਕਰ ਸਕਦਾ ਹੈ। ਪੰਜਾਬੀ ਅਤੇ ਅੰਗਰੇਜ਼ੀ ਦੋਹਾਂ ਬੋਲੀਆਂ ਵਿੱਚ ਲਿਖਣ ਸਦਕਾ, ਆਪ ਪਰਵਾਸੀ ਪੰਜਾਬੀ ਹੋਣ ਦੇ ਨਾਤੇ ਉਨ੍ਹਾਂ ਨੇ ਵਿਦੇਸ਼ ਵਸਦੇ ਨਵੀਂ ਪੁਰਾਣੀ ਪੀੜ੍ਹੀ ਦੇ ਪੰਜਾਬੀਆਂ ਵਿੱਚ ਬੇਖੌਫ ਲਿਖਣ ਸਦਕਾ ਨਿਵੇਕਲੀ ਭੱਲ ਬਣਾਈ ਹੋਈ ਹੈ। ਪਰਵਾਸੀ ਪੰਜਾਬੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ, ਸਿੱਖਾਂ ਦੇ ਮਸਲਿਆਂ ਨੂੰ ਉਠਾਉਣ ਵਾਲੇ, ਸਿੱਖਾਂ ਦੇ ਮਸਲਿਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਨ ਵਾਲੇ ਸ਼ਾਇਦ ਉਹ ਇਕੱਲੇ ਹੀ ਇਹੋ ਜਿਹੇ ਪੱਤਰਕਾਰ ਹਨ, ਜਿਨ੍ਹਾਂ ਨੂੰ ਪੰਜਾਬ ਦੇ ਪੰਜਾਬੀ ਦੇ ਪਾਠਕਾਂ ਵਲੋਂ ਵੀ ਉਨਾ ਹੀ ਮਾਣ ਸਤਿਕਾਰ ਮਿਲਿਆ ਹੈ ਜਿੰਨਾ ਵਿਦੇਸ਼ਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਵਲੋਂ। ਸ਼ੇਰਗਿੱਲ ਵਰਗੇ ਦੇਸ਼ ਵਿਦੇਸ਼ ਵਿਚ ਘੁੰਮਦੇ ਬੰਦੇ ਨੂੰ ਪੰਜਾਬ ਵਿੱਚ ਪਰਵਾਸੀ ਪੰਜਾਬੀਆਂ ਦੇ ਹਿੱਤਾਂ ਦੀ ਠੀਕ ਤਰ੍ਹਾਂ ਦੇਖਭਾਲ ਕਰਨ ਲਈ ਕਿਸੇ ਅਹਿਮ ਥਾਂ 'ਤੇ ਲਾਉਣਾ ਚਾਹੀਦਾ ਹੈ। ਉਮਰ ਦੀ ਪੌਣੀ ਸਦੀ ਹੰਢਾ ਚੁੱਕੇ ਨਰਪਾਲ ਸਿੰਘ ਸ਼ੇਰਗਿੱਲ ਅੱਜ ਵੀ ਨੌਜਵਾਨਾਂ ਵਾਂਗਰ ਵਿਚਰਦੇ ਹਨ। ਉਹ ਆਪਣੇ ਖੋਜੀ ਸੁਭਾਅ ਸਦਕਾ ਪਾਣੀ ਵਿਚ ਡੁੱਬਕੀ ਲਾਉਂਦੇ ਹਨ ਤਾਂ ਮੋਤੀ ਕੱਢ ਲਿਆਉਂਦੇ ਹਨ। ਹਵਾ ਵਿਚ ਹੱਥ ਮਾਰਦੇ ਹਨ ਤਾਂ ਤਾਰੇ ਫੜ ਲਿਆਉਂਦੇ ਹਨ। ਮਿੱਟੀ ਫਰੋਲਦੇ ਹਨ ਤਾਂ ਸੋਨਾ ਕੱਢ ਲਿਆਉਂਦੇ ਹਨ। ਲੰਡਨ ਬੈਠ ਕੇ ਉਹਨਾ ਨੇ ਪ੍ਰਵਾਸੀ ਪੰਜਾਬੀਆਂ ਲਈ ਕਈ ਪੱਤਰਕਾਵਾਂ ਪ੍ਰਕਾਸ਼ਤ ਕੀਤੀਆਂ। ਸਮੁੰਦਰੋਂ ਪਾਰ ਦਾ ਪੰਜਾਬੀ ਸੰਸਾਰ, ਇੰਡੀਅਨ ਐਬਰੋਡ ਐਂਡ ਪੰਜਾਬ ਇੰਮਪੈਕਟ ਉਨ੍ਹਾਂ ਦੀਆਂ ਸਰਵੋਤਮ ਡਾਇਰੈਕਟਰੀਆਂ ਹਨ। ਪਟਿਆਲਾ ਵਾਸੀ ਸ਼ੇਰਗਿੱਲ ਭਾਰਤੀ ਸ਼ਹਿਰੀ ਹਨ ਅਤੇ 1966 ਤੋਂ ਯੂ.ਕੇ. ਦੇ ਵਾਸੀ ਹਨ। ਉਹ ਲਗਭਗ 1000 ਤੋਂ ਵੱਧ ਆਰਟੀਕਲ ਲਿਖ ਚੁੱਕੇ ਹਨ।

ਪਰਵਾਸੀ ਪੰਜਾਬੀਆਂ ਨੇ ਵਿਸ਼ਵ ਵਿਚ ਆਪਣੀ ਮਿਹਨਤ ਤੇ ਕਰੜੇ ਸੰਘਰਸ਼ ਨਾਲ ਆਪਣੀ ਵਿਸ਼ੇਸ਼ ਪਛਾਣ ਹੀ ਨਹੀਂ ਬਣਾਈ, ਸਗੋਂ ਉਥੋਂ ਦੇ ਲੋਕਾਂ ਨਾਲ ਘੁਲ-ਮਿਲ ਕੇ ਉਹਨਾ ਦਾ ਦਿਲ ਤੇ ਵਿਸ਼ਵਾਸ ਜਿੱਤ ਕੇ ਇੱਕ ਆਗੂ ਵਜੋਂ ਥਾਂ ਵੀ ਬਣਾਈ ਤੇ ਉਨ੍ਹਾਂ ਦੇ ਪ੍ਰੇਰਨਾ ਸਰੋਤ ਵੀ ਬਣੇ। ਬਰਤਾਨੀਆ ਇੱਕ ਇਹੋ ਜਿਹਾ ਦੇਸ਼ ਹੈ ਜਿਥੇ ਪਰਵਾਸੀ ਪੰਜਾਬੀਆਂ ਨੇ ਸਿੱਖਿਆ, ਕਾਰੋਬਾਰ, ਰਾਜਨੀਤੀ ਤੇ ਸਮਾਜ ਸੇਵਾ ਵਿਚ ਵਿਸ਼ੇਸ਼ ਪ੍ਰਾਪਤੀਆਂ ਕੀਤੀਆਂ। ਉਨ੍ਹਾਂ ਵਿਚੋਂ ਕੁਝ ਰਾਜਨੀਤੀ ਵਿੱਚ ਨਾਮਵਰ ਹਸਤਾਖਰ ਬਣੇ।

### ਵਰਿੰਦਰ ਸ਼ਰਮਾ



ਵਰਿੰਦਰ ਸ਼ਰਮਾ ਇਸ ਵੇਲੇ ਬਰਤਾਨੀਆ ਵਿਚ ਮੈਂਬਰ ਪਾਰਲੀਮੈਂਟ ਹਨ। ਉਹ 1968 ਵਿੱਚ ਬਰਤਾਨੀਆ ਪੁੱਜੇ। ਬੱਸ ਕੰਡਕਟਰ ਬਣੇ। ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲਿਆ। 1982 ਤੋਂ 2010 ਤੱਕ ਲੰਡਨ ਬੋਰੋ ਆਫ਼ ਈਲਿੰਗ ਦੇ ਕੌਂਸਲਰ ਰਹੇ ਤੇ ਮੇਅਰ ਚੁਣੇ ਗਏ। ਸਾਲ 2007 ਵਿਚ ਉਹ ਮੈਂਬਰ ਪਾਰਲੀਮੈਂਟ ਚੁਣੇ ਗਏ। ਵਰਿੰਦਰ 1947 ਵਿੱਚ ਮੰਢਾਲੀ (ਨੇੜੇ ਫਗਵਾੜਾ) ਵਿਖੇ ਪੈਦਾ ਹੋਏ। ਉਹਨਾਂ ਲੰਡਨ ਸਕੂਲ ਆਫ਼ ਇਕਨਾਮਿਕਸ ਤੋਂ ਸਿੱਖਿਆ ਪ੍ਰਾਪਤ ਕੀਤੀ। ਉਹ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਚੰਗੀ ਮੁਹਾਰਤ ਰੱਖਦੇ ਹਨ। ਉਨ੍ਹਾਂ ਨੇ 1968 ਵਿੱਚ ਨਿਰਮਲਾ ਨਾਲ ਵਿਆਹ ਕੀਤਾ। ਉਹਨਾ ਦੇ ਇੱਕ ਪੁੱਤਰ ਤੇ ਧੀ ਹਨ। ਵਰਿੰਦਰ ਭਾਰਤੀਆਂ ਵਿੱਚ ਹਰਮਨ ਪਿਆਰੇ ਹਨ। ਉਹ ਬਰਤਾਨੀਆ ਪਾਰਲੀਮੈਂਟ ਵਿੱਚ ਲੋਕਾਂ ਨਾਲ ਸਬੰਧਿਤ ਮਸਲੇ ਉਠਾਉਂਦੇ ਰਹਿੰਦੇ ਹਨ। ਵਰਿੰਦਰ ਸ਼ਰਮਾ ਆਪਣੀ ਧਰਤੀ ਨਾਲ ਜੁੜੇ ਇੱਕ ਪ੍ਰੌੜ ਸਿਆਸਤਦਾਨ ਹਨ।

### ਰਣਜੀਤ ਧੀਰ ਤੇ ਹਰਭਜਨ ਧੀਰ

ਰਣਜੀਤ ਧੀਰ ਸਾਲ 2001-02 ਵਿਚ ਈਲਿੰਗ ਕੌਂਸਲ ਦੇ ਮੇਅਰ ਰਹੇ। ਉਨ੍ਹਾਂ ਦੀ ਪਤਨੀ ਕੌਂਸਲਰ ਹਰਭਜਨ ਕੌਰ ਧੀਰ ਪਹਿਲੀ ਏਸ਼ੀਅਨ ਔਰਤ ਹੈ ਜੋ 2015 ਵਿੱਚ ਈਲਿੰਗ ਕੌਂਸਲ ਦੀ ਮੇਅਰ ਚੁਣੀ ਗਈ ਹੈ। ਜਸਟਿਸ ਆਫ ਪੀਸ ਰਣਜੀਤ ਧੀਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅੰਗਰੇਜ਼ੀ ਦੇ ਪੋਸਟ ਗ੍ਰੈਜੂਏਟ ਹਨ, ਜੋ 1996 ਵਿਚ ਬਰਤਾਨੀਆ ਪੁੱਜੇ। ਪੰਜਾਬ ਵਿਚ ਸਰਕਾਰੀ ਕਾਲਜ ਦੇ ਅੰਗਰੇਜ਼ੀ ਦੇ ਲੈਕਚਰਾਰ, ਬਰਿਸਟਲ ਤੇ ਲੰਦਨ ਯੂਨੀਵਰਸਿਟੀ ਤੋਂ ਮੁੜ ਪੜ੍ਹਾਈ ਕਰ ਕੇ ਲੰਦਨ ਵਿਚ ਅਧਿਆਪਕ ਤੇ ਲੰਦਨ ਬੋਰੋ ਵਿਚ ਸਿੱਖਿਆ ਮਹਿਕਮੇ ਦੇ ਅਸਿਸਟੈਂਟ ਡਾਇਰੈਕਟਰ ਬਣੇ। ਕੌਂਸਲਰ ਧੀਰ ਨੂੰ 1979 ਵਿਚ ਜਸਟਿਸ ਆਫ ਪੀਸ ਨਿਯੁਕਤ ਕੀਤਾ ਗਿਆ ਤੇ 32 ਸਾਲ ਉਹ ਈਲਿੰਗ, ਬਰੈਂਡਫੋਰਡ ਤੇ ਉਕਸਬਰਿਜ ਅਦਾਲਤਾਂ ਵਿਚ ਮੈਜਿਸਟ੍ਰੇਟ ਰਹੇ। ਉਨ੍ਹਾਂ ਨੇ ਕਈ ਸਕੂਲਾਂ ਦੇ ਗਵਰਨਰ ਵਜੋਂ ਸੇਵਾ ਵੀ

ਨਿਭਾਈ। 1982 ਵਿੱਚ ਉਹ ਈਲਿੰਗ ਕੌਂਸਲ ਦੇ ਕੌਂਸਲਰ ਬਣੇ। 2008 ਵਿਚ ਉਨ੍ਹਾਂ ਨੇ ਲੇਬਰ ਪਾਰਟੀ ਦੇ ਉਮੀਦਵਾਰ ਵਜੋਂ ਗ੍ਰੇਟਰ ਲੰਦਨ ਅਸੈਂਬਲੀ ਸੀਟ ਲੜੀ ਪਰ ਟੋਰੀ ਪਾਰਟੀ ਦੇ ਉਮੀਦਵਾਰ ਤੋਂ ਜਿੱਤ ਪ੍ਰਾਪਤ ਨਾ ਕਰ ਸਕੇ। ਰਣਜੀਤ ਧੀਰ ਇਕ ਲੇਖਕ ਹਨ। 'ਪ੍ਰਦੇਸ਼ ਨਾਮਾ' ਸਮੇਤ ਉਨ੍ਹਾਂ ਨੇ ਤਿੰਨ ਪੁਸਤਕਾਂ ਲਿਖੀਆਂ। ਉਹ ਪੰਜਾਬੀ ਭਾਈਚਾਰੇ ਵਿਚ ਬਹੁਤ ਹੀ ਹਰਮਨ ਪਿਆਰੇ ਹਨ। ਉਹ ਆਪਣੀ ਪਤਨੀ ਤੇ ਬੱਚਿਆਂ ਸਮੇਤ 60 ਦੇਸ਼ਾਂ ਦਾ ਸੈਰ-ਸਪਾਟਾ ਕਰ ਚੁੱਕੇ ਹਨ। ਉਹ ਲੰਮੇ ਸਮੇਂ ਤੋਂ ਨੈਸ਼ਨਲ ਟਰੱਸਟ ਦੇ ਮੈਂਬਰ ਹਨ। ਉਧਰ 1953 ਵਿਚ ਬਰਤਾਨੀਆ ਆਏ ਹਰਭਜਨ ਕੌਰ ਨੇ 1995 ਵਿਚ ਕਿੰਗਸਟਨ ਯੂਨੀਵਰਸਿਟੀ ਤੋਂ ਸੋਸ਼ਲ ਸਾਇੰਸਜ਼ ਵਿਚ ਡਿਗਰੀ ਪ੍ਰਾਪਤ ਕੀਤੀ।

ਪੰਜਾਬੀ ਭਾਈਚਾਰੇ ਤੇ ਆਪਣੀ ਲੇਬਰ ਪਾਰਟੀ ਵਿਚ ਕੰਮ ਕਰਦਿਆਂ ਉਨ੍ਹਾਂ ਨੇ ਲੋਕਾਂ ਨਾਲ ਗੂੜ੍ਹੀ ਸਾਂਝ ਬਣਾਈ। ਬਰਤਾਨੀਆ ਦੇ ਕਈ ਸਕੂਲਾਂ ਦੇ ਗਵਰਨਰ ਬਣੇ। ਸਿਰਫ਼ ਘਰਾਂ ਤੱਕ ਸੀਮਿਤ ਹੋ ਕੇ ਰਹਿਣ ਵਾਲੀਆਂ ਔਰਤਾਂ ਨੂੰ ਅੰਗਰੇਜ਼ੀ ਸਿਖਾਉਣ ਲਈ ਉਹਨਾਂ ਨੇ ਘਰੇਲੂ ਵਲੰਟੀਅਰ ਵਜੋਂ ਕੰਮ ਕੀਤਾ। ਸਾਲ 2003 ਤੱਕ ਉਹਨਾ ਨੇ ਸਰੀ ਕਾਉਂਟੀ ਕੌਂਸਲ ਵਿਚ ਅਪ੍ਰੂਵਡ ਮੈਂਟਲ ਹੈਲਥ ਪ੍ਰੋਫੈਸ਼ਨਲ ਵਜੋਂ ਕੰਮ ਕੀਤਾ। ਹਰਭਜਨ ਧੀਰ ਈਲਿੰਗ ਕੌਂਸਲ ਦੇ ਮੇਅਰ ਵੀ ਬਣੇ।

## ਤਨਮਨਜੀਤ ਸਿੰਘ ਢੇਸੀ




ਬਰਤਾਨੀਆ ਦੀ ਲੇਬਰ ਪਾਰਟੀ ਨਾਲ ਸਬੰਧਤ 32 ਵਰ੍ਹਿਆਂ ਦੀ ਛੋਟੀ ਉਮਰ ਦੇ ਤਨਮਨਜੀਤ ਸਿੰਘ ਢੇਸੀ ਸਰਬਸੰਮਤੀ ਨਾਲ ਗ੍ਰੇਵਸ਼ਮ ਕੌਂਸਲ ਦੇ 2011 ਵਿਚ ਮੇਅਰ ਚਣੇ ਗਏ। 2015 ਵਿਚ ਉਹਨਾਂ ਨੂੰ ਲੇਬਰ ਪਾਰਟੀ ਦਾ ਪਾਰਲੀਮਾਨੀ ਉਮੀਦਵਾਰ ਬਣਾਇਆ ਗਿਆ, ਪਰ ਉਹ ਚੋਣ ਜਿੱਤ ਨਾ ਸਕੇ। 17 ਅਗਸਤ 1978 ਨੂੰ ਐਸਕੋਟ, ਬਾਰਕਸ਼ਾਇਰ ਵਿਚ ਜਨਮੇ ਢੇਸੀ ਨੇ ਮੁੱਢਲੀ ਪੜ੍ਹਾਈ ਗ੍ਰੇਵਜੈਂਡ ਵਿਚ ਕੀਤੀ। ਫਿਰ ਦੇਸ਼ ਦੀਆਂ ਮੰਨੀਆਂ ਪ੍ਰਮੰਨੀਆਂ ਯੂਨੀਵਰਸਿਟੀਆਂ, ਯੂਨੀਵਰਸਿਟੀ ਕਾਲਜ ਲੰਦਨ, ਕੈਂਬਲੇ ਕਾਲਜ, ਆਕਸਫੌਰਡ ਯੂਨੀਵਰਸਿਟੀ, ਕਾਲਜ ਕੈਂਬਰਿਜ਼ ਯੂਨੀਵਰਸਿਟੀ ਤੋਂ ਹਿਸਾਬ, ਅਪਲਾਈਡ ਸਟੈਟਿਕਸ ਦੱਖਣੀ ਏਸ਼ੀਆ ਦਾ ਇਤਿਹਾਸ ਤੇ ਰਾਜਨੀਤੀ ਦੀ ਪੜ੍ਹਾਈ ਕੀਤੀ। ਪੜ੍ਹਾਈ ਪੂਰੀ ਕਰਨ ਉਪਰੰਤ ਉਹ ਆਪਣੇ ਪਰਵਾਸੀ ਪੰਜਾਬੀ ਪਿਤਾ ਜਸਪਾਲ ਸਿੰਘ ਢੇਸੀ ਦੇ ਕਾਰੋਬਾਰ ਨਾਲ ਜੁੜ ਗਏ। ਇਸ ਪਰਿਵਾਰ ਦੀ ਪੰਜਾਬੀ ਭਾਈਚਾਰੇ ਵਿਚ ਚੰਗੀ ਪੈਂਠ ਹੋਣ ਸਦਕਾ, ਤਨਮਨਜੀਤ ਸਿੰਘ ਸਮਾਜ ਸੇਵਾ ਤੇ ਸਿਆਸਤ ਵਿੱਚ ਛੋਟੀ ਉਮਰੇ ਹੀ ਪੈ ਗਏ। 2005 ਵਿਚ ਉਨ੍ਹਾਂ ਦਾ ਵਿਆਹ ਹੋਇਆ ਤੇ ਉਹਨਾਂ ਦੇ ਦੋ ਬੱਚੇ ਹਨ। ਤਨਮਨਜੀਤ ਸਿੰਘ ਦਾ ਵਡੇਰਾ ਲੋਕ ਸੰਪਰਕ ਹੋਣ ਕਾਰਨ ਉਹ ਜਿਥੇ ਪੰਜਾਬੀ, ਹਿੰਦੀ, ਉਰਦੂ, ਫਾਰਸੀ, ਅੰਗਰੇਜ਼ੀ ਬੋਲਣ ਵਿਚ ਚੰਗੀ ਮੁਹਾਰਤ ਰੱਖਦੇ ਹਨ, ਉਥੇ ਪੂਰੇ ਯੂਰਪ ਵਿਚ ਘੁੰਮਣ ਕਾਰਨ ਉਹਨਾਂ ਨੂੰ ਜਰਮਨ ਇਟਾਲੀਅਨ ਦਾ ਗਿਆਨ ਵੀ ਹੈ। ਉਹਨਾਂ ਦਾ ਕਹਿਣਾ ਹੈ ਕਿ ਹਰ ਵਿਅਕਤੀ ਆਪਣੇ ਲਈ ਤਾਂ ਜੀਊਂਦਾ ਹੈ ਪਰ ਅਸਲੀ ਜ਼ਿੰਦਗੀ ਤਾਂ ਦੂਜਿਆਂ ਲਈ ਜਿਉਣ ਵਿਚ ਹੈ। ਇਸ ਵੇਲੇ ਉਹ ਬਰਤਾਨੀਆ ਵਿੱਚ ਐਮ.ਪੀ. ਹਨ।



## ਜਗਦੀਸ਼ ਸ਼ਰਮਾ

ਪਰਵਾਸੀ ਪੰਜਾਬੀ ਜਗਦੀਸ਼ ਸ਼ਰਮਾ 1979 ਵਿਚ ਹੰਸਲੋ ਦੇ ਮੇਅਰ ਚੁਣੇ ਗਏ। ਉਹ ਪਹਿਲੇ ਏਸ਼ਿਆਈ ਸੀ, ਜਿਹਨਾਂ ਨੂੰ ਇਹ ਮਾਣ ਪ੍ਰਾਪਤ ਹੋਇਆ। ਉਹਨਾਂ ਦੇ ਸਮਾਜ, ਪੰਜਾਬੀ ਭਾਈਚਾਰੇ ਤੇ ਬਰਤਾਨੀਆ ਪ੍ਰਤੀ ਨਿਭਾਏ ਸੁਚੱਜੇ ਕਾਰਜਾਂ ਨੂੰ ਮਾਨਤਾ ਦਿੰਦਿਆਂ ਪ੍ਰਸਿੱਧ ਅੰਤਰਰਾਸ਼ਟਰੀ ਅਮਰੀਕਨ ਅੰਗਰੇਜ਼ੀ ਰਸਾਲੇ ਟਾਈਮ ਨੇ ਉਹਨਾਂ ਦੀ ਇੱਕ ਮੁਲਾਕਾਤ ਛਾਪੀ। ਜਗਦੀਸ਼ ਨੇ 30 ਸਾਲ ਅਧਿਆਪਨ ਦਾ ਕੰਮ ਕੀਤਾ ਤੇ 32 ਸਾਲ ਮੈਜਿਸਟ੍ਰੇਟ ਵਜੋਂ ਡਿਊਟੀ ਨਿਭਾਈ। ਉਹ 1984 ਤੋਂ 2008 ਤੱਕ ਟੈਕਸਾਂ ਦੇ ਜਨਰਲ ਕਮਿਸ਼ਨਰ ਵੀ ਰਹੇ। ਉਹਨਾਂ ਨੇ ਹੰਸਲੋ ਕੌਂਸਲ ਵਿਖੇ ਉਪ ਨੇਤਾ, ਮੁੱਖ ਵਿੱਪ ਵਰਗੀਆਂ ਅਹਿਮ ਜ਼ਿੰਮੇਵਾਰੀਆਂ ਵੀ ਸੰਭਾਲੀਆਂ। 1995 ਵਿਚ ਕੌਂਸਲਰ ਸ਼ਰਮਾ ਨੇ ਐਮਬੀਈ ਦੀ ਡਿਗਰੀ ਸਥਾਨਕ ਸਰਕਾਰ ਪ੍ਰਤੀ ਦਿੱਤੀਆਂ ਸੇਵਾਵਾਂ ਵਜੋਂ ਲਈ ਤੇ 2000 ਵਿਚ ਉਹਨਾਂ ਨੂੰ ਫਰੀਡਮ ਆਫ ਬੋਰੋਹ ਐਵਾਰਡ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੇ 25 ਵਰ੍ਹੇ ਪੂਰੇ ਕਰਨ ਉਪਰੰਤ ਮਿਲਿਆ। 2012 ਵਿਚ ਜਗਦੀਸ਼ ਨੂੰ 'ਦੀ ਏਸ਼ੀਅਨ ਵਾਈਸ ਪੁਲੀਟੀਕਲ ਐਂਡ ਪਬਲਿਕ ਲਾਈਫ ਟਾਈਮ' ਐਵਾਰਡ ਮਿਲਿਆ। ਉਹ ਪਿਛਲੇ 40 ਵਰ੍ਹਿਆਂ ਵਿਚ ਗਿਆਰਾਂ ਵਾਰ ਹੰਸਲੋ ਦੇ ਕੌਂਸਲਰ ਚੁਣੇ ਗਏ।

## ਜਗੀਰ ਕੌਰ ਸੇਖੋਂ

ਪੰਜਾਬ ਦੇ ਲੁਧਿਆਣਾ ਜ਼ਿਲੇ ਦੇ ਪਿੰਡ ਈਸੇਵਾਲ ਦੀ ਸਾਧਾਰਨ ਪੇਂਡੂ ਕੁੜੀ ਜਗੀਰ ਕੌਰ ਸੇਖੋਂ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੋਇਆ ਕਿ ਉਹ ਗ੍ਰੀਨਵਿਚ ਲੰਦਨ ਬੋਰੋ ਦੀ 2000 ਵਿਚ ਮੇਅਰ ਚੁਣੀ ਗਈ। ਉਹ ਆਪਣੇ ਪਤੀ ਮਹੰਤ ਸਿੰਘ ਸੇਖੋਂ ਨਾਲ 1968 ਵਿੱਚ ਬਰਤਾਨੀਆ ਆਏ ਸਨ। ਉਹਨਾ ਨੇ ਨਰਸ ਦਾ ਕੋਰਸ ਕੀਤਾ ਹੋਇਆ ਸੀ ਤੇ ਉਹਨਾ ਦੇ ਪਤੀ ਗ੍ਰੇਜੂਏਟ ਸਨ। ਲੰਦਨ ਹਵਾਈ ਅੱਡੇ 'ਤੇ ਉਤਰਨ ਵੇਲੇ ਦੋਹਾਂ ਜੀਆਂ ਕੋਲ ਸਿਰਫ਼ 6 ਪੌਂਡ ਸਨ। ਜਗੀਰ ਕੌਰ ਨੂੰ ਨੌਕਰੀ ਮਿਲ ਗਈ ਤੇ ਦੋ ਸਾਲਾਂ ਬਾਅਦ ਹੀ ਉਹ ਲੇਬਰ ਪਾਰਟੀ ਦੇ ਮੈਂਬਰ ਬਣ ਗਏ। 1996 ਵਿਚ ਉਹ ਆਪਣੇ ਹਲਕੇ ਦੇ ਕੌਂਸਲਰ, 1999 ਵਿਚ ਡਿਪਟੀ ਮੇਅਰ ਚੁਣੇ ਗਏ। 2002 ਵਿਚ ਸੇਖੋਂ ਨੈਸ਼ਨਲ ਮੈਰੀਟਾਈਮ ਮਿਊਜ਼ੀਅਮ ਦੇ ਟਰੱਸਟੀ ਬਣਾਏ ਗਏ ਤੇ ਸਾਲ 2015 ਵਿੱਚ ਜਗੀਰ ਕੌਰ ਨੂੰ ਉਹਨਾਂ ਦੀਆਂ ਭਾਈਚਾਰੇ ਪ੍ਰਤੀ ਸੇਵਾਵਾਂ ਲਈ ਓ.ਬੀ.ਈ. ਦਾ ਸਨਮਾਨ ਪ੍ਰਾਪਤ ਹੋਇਆ।

ਬਰਤਾਨੀਆ ਪੁੱਜਣ ਉਪਰੰਤ ਵੀ ਨਾ ਉਹਨਾਂ ਨੇ ਪੜ੍ਹਾਈ ਛੱਡੀ ਤੇ ਨਾ ਹੀ ਲੋਕਾਂ ਪ੍ਰਤੀ ਸੇਵਾ ਤੇ ਇਸੇ ਇਵਜ਼ ਵਿਚ ਉਹਨਾਂ ਨੂੰ ਗ੍ਰੀਨਵਿਚ ਯੂਨੀਵਰਸਿਟੀ ਦੇ ਚਾਂਸਲਰ ਵਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਮਿਲੀ ਜੋ ਸਿਰਫ਼ ਉਨ੍ਹਾਂ ਲੋਕਾਂ ਨੂੰ ਮਿਲਦੀ ਹੈ ਜੋ ਸਿੱਖਿਆ, ਕਾਰੋਬਾਰ, ਸਭਿਆਚਾਰ ਤੇ ਸਮਾਜਕ ਸੇਵਾ ਵਿਚ ਬਹੁਮੁੱਲਾ ਯੋਗਦਾਨ ਪਾਉਂਦੇ ਹਨ।

## ਇੰਦਰ ਸਿੰਘ ਜੰਮੂ

ਇੰਦਰ ਸਿੰਘ ਉਨ੍ਹਾਂ ਮਹੱਤਵਪੂਰਨ ਵਿਅਕਤੀਆਂ ਵਿੱਚ ਸ਼ਾਮਲ ਹਨ, ਜਿਸ ਨੂੰ ਬਾਰਕਿੰਗ ਕੌਂਸਲ ਦੀ 50ਵੀਂ ਵਰ੍ਹੇਗੰਢ ਸਮੇਂ ਮਹਾਰਾਣੀ ਐਲਿਜ਼ਾਬੈਥ ਤੇ ਡਿਊਕ ਫਿਲਪ ਵੱਲੋਂ 16 ਜੁਲਾਈ 2015 ਨੂੰ ਸਨਮਾਨਿਤ ਕੀਤਾ ਗਿਆ। ਦ੍ਰਿੜ ਇਰਾਦੇ ਵਾਲੇ ਸਮਾਜ ਸੇਵਾ ਤੇ ਕਿਰਤ ਕਰੋ ਤੇ ਵੰਡ ਛਕੋ ਦੇ ਧਾਰਨੀ ਬਰਤਾਨੀਆ ਤੇ ਭਾਰਤੀ ਭਾਈਚਾਰੇ ਵਿਚ ਇੱਕ ਪੁਲ ਵਜੋਂ ਕੰਮ ਕਰਨ ਵਾਲੇ ਇੰਦਰ ਸਿੰਘ ਜੰਮੂ ਨੂੰ ਜਨਵਰੀ-2004 ਵਿਚ ਭਾਰਤ ਸਰਕਾਰ ਵੱਲੋਂ ਹਿੰਦ ਰਤਨ ਐਵਾਰਡ ਨਾਲ ਸਨਮਾਨਿਆ ਗਿਆ।

ਲੋਕਾਂ ਦੇ ਹਰ ਵੇਲੇ ਕੰਮ ਆਉਣ ਵਾਲੇ ਇੰਦਰ ਸਿੰਘ ਸਾਲ 1988 ਵਿਚ ਬਾਰਕਿੰਗ ਤੇ ਡੈਹਨਹਮ ਕੌਂਸਲ ਦੇ ਕੌਂਸਲਰ ਤੇ ਦਸ ਵਰ੍ਹਿਆਂ ਬਾਅਦ ਇਸੇ ਕੌਂਸਲ ਦੇ ਪਹਿਲੇ ਏਸ਼ੀਅਨ ਮੇਅਰ ਚੁਣੇ ਗਏ। ਬਰਤਾਨੀਆ ਵਿਚ ਅੰਮ੍ਰਿਤਸਰੀ ਸਿੱਖਾਂ ਦੇ ਪੰਜੇ ਕਕਾਰ ਪਹਿਨਣ ਦੇ ਮੁੱਦੇ ਉਤੇ ਉਹ ਲਗਾਤਾਰ ਆਪਣਾ ਭਖਵਾਂ ਰੋਲ ਅਦਾ ਕਰਦੇ ਰਹੇ।

ਬਰਤਾਨੀਆ ਵਿੱਚ ਵਿਸਾਖੀ ਮਨਾਉਣ ਦੇ ਮੌਕਿਆਂ ਉਤੇ ਉਹ ਏਸ਼ੀਅਨਾਂ ਖਾਸ ਕਰਕੇ ਪੰਜਾਬੀਆਂ ਨੂੰ ਮੇਅਰ ਚੈਰਿਟੀ ਫੰਡ ਇਕੱਠੇ ਕਰਨ ਲਈ ਯੋਗਦਾਨ ਪਾਉਣ ਵਾਸਤੇ ਉਤਸ਼ਾਹਤ ਕਰਦੇ ਰਹੇ। ਉਹ ਏਸ਼ੀਅਨ ਵੈਲਫੇਅਰ ਐਸੋਸੀਏਸ਼ਨ ਡੈਗਨਹਮ ਦੇ ਚੇਅਰਮੈਨ ਤੇ ਸ਼੍ਰੋਮਣੀ ਅਕਾਲੀ ਦਲ ਲੰਦਨ ਈਸਟ ਬਰਾਂਚ ਦੇ 1977 ਤੋਂ ਪ੍ਰਧਾਨ ਤੇ 1974 ਤੋਂ ਬਰਤਾਨੀਆ ਦੀ ਲੇਬਰ ਪਾਰਟੀ ਦੇ ਮੈਂਬਰ ਰਹੇ।

ਬ੍ਰਿਟਿਸ਼-ਇੰਡੀਆ ਕੌਂਸਲਰ ਐਸੋਸੀਏਸ਼ਨ ਦੇ ਮੈਂਬਰ ਤੇ ਲੰਦਨ ਦੇ ਮੈਂਬਰ ਹੋਣ ਸਮੇਤ ਉਹਨਾਂ ਦਰਜ਼ਨਾਂ ਸੰਸਥਾਵਾਂ ਵਿੱਚ ਆਪਣੇ ਪ੍ਰਪੱਕ ਵਿਚਾਰਾਂ ਤੇ ਡੂੰਘੇ ਵਿਵੇਕ ਸਦਕਾ ਸਮਾਜ ਵਿਚ ਅਹਿਮ ਥਾਂ ਬਣਾਈ ਹੋਈ ਹੈ।



# ਜੀਵਨੀ ਸਾਹਿਤ: ਸ੍ਰ. ਅਮਰ ਸਿੰਘ ਜੀ ਦੁਸਾਂਝ



- ਪ੍ਰਮਿੰਦਰ ਸਿੰਘ ਪ੍ਰਵਾਨਾ

510-415-9377




ਜੀਵਨੀ ਸਾਹਿਤ ਦੀ ਉਹ ਵਿਧਾ ਹੈ ਜਿਸ ਵਿਚ ਕਿਸੇ ਵਿਅਕਤੀ ਵਿਸੇਸ਼ ਤੋ ਕੁਝ ਸਿੱਖਣ ਲਈ ਮਿਲਦਾ ਹੈ। ਪ੍ਰੇਰਨਾ ਸਰੋਤ ਦਾ ਅਧਿਐਨ ਹੈ। ਜਿਸ ਵਿਚ ਵਿਚਾਰ ਅਧੀਨ ਵਿਅਕਤੀ ਦੀ ਸ਼ਖਸੀਅਤ ਉਭਰ ਕੇ ਆਉਂਦੀ ਹੈ। ਉਸ ਦੇ ਜੀਵਨ ਦੀਆਂ ਘਟਨਾਵਾਂ ਨੂੰ ਪੁਨਰ ਸੁਰਜੀਤ ਕਰਨਾ ਹੈ। ਉਸ ਦੇ ਪੈਂਡਿਆਂ ਦੀ ਬਾਤ ਪਾਉਣੀ ਹੈ। ਬਾਤ ਪਾਉਂਦੇ ਹਾਂ, ਬਹੁਪੱਖੀ ਸ਼ਖਸੀਅਤ ਸ. ਅਮਰ ਸਿੰਘ ਦੁਸਾਂਝ ਜੀ ਦੀਆਂ :-

ਉਨਾਂ ਦੀਆਂ ਦੋ ਪੁਸਤਕਾਂ ਹਨ। ਉਨਾਂ ਵਿਚੋਂ ਜੀਵਨ ਤੇ ਝਾਤ ਪਾਉਣੀ ਹੈ। ਉਨਾਂ ਦੀ ਪਹਿਲੀ ਬਰਸੀ ਤੇ ਸ਼ਰਧਾਂਜਲੀ ਵਿਚਾਰਾਂ ਦੀ ਪੁਸਤਕ ਹੈ ਜੋ 1981 ਵਿਚ ਛਪੀ। ਮੁਖਬੰਦ ਉਨਾਂ ਦੇ ਜੁਆਈ ਸ. ਸ਼ਿਵਚਰਨ ਸਿੰਘ ਢਿੱਲੋਂ ਵਲੋਂ ਲਿਖਿਆ ਗਿਆ ਹੈ। ਸ. ਅਮਰ ਸਿੰਘ ਦੁਸਾਂਝ ਦੀ ਸਿੱਖ ਸੋਚ ਅਤੇ ਅਮਲ ਦਾ ਪ੍ਰਤੀਕ (1915-1980) ਲਿਖਦੇ ਹਨ ਕਿ ਉਨਾਂ ਦੇ ਪਰਿਵਾਰ ਨਾਲ ਜੁੜਿਆ ਰਿਸ਼ਤਾ ਬੜਾ ਮੂਲਵਾਨ ਲੱਗਾ। ਦੁਸਾਂਝ ਪਰਿਵਾਰ ਇਕ ਸਰਦਾਰੀ ਘਰਾਣਾ ਹੈ। ਮੈਂ ਜਿੰਨਾ ਉਸ ਪਰਿਵਾਰ ਵਿਚ ਘੁਲਦਾ ਮਿਲਦਾ ਗਿਆ, ਉਨਾ ਹੀ ਦੁਸਾਂਝ ਸਾਹਿਬ ਦੇ ਵਡੱਪਣ ਦਾ ਪ੍ਰਭਾਵ ਵਧਦਾ ਗਿਆ। ਉਨਾਂ ਨੇ ਮੈਨੂੰ ਪੰਥ, ਸਮਾਜ ਅਤੇ ਦੇਸ਼ ਦੀ ਭਲਾਈ ਦੇ ਕੰਮਾਂ ਵੱਲ ਤੋਰਿਆ। ਉਹ ਆਪ ਖੁਦ ਇਨਾਂ ਕੰਮਾਂ ਵਿਚ ਨਿੱਜ ਸਵਾਰਥ ਤੋਂ ਉਪਰ ਉਠ ਕੇ ਸਰਗਰਮ ਸਨ। ਪੰਥ ਦੇ ਕੰਮ ਹਮੇਸ਼ਾ ਅੱਗੇ ਹੋ ਕੇ ਕਰਦੇ ਸਨ।

ਅਕਾਲੀ ਪੱਤ੍ਰਿਕਾ ਦੇ ਮੁੱਖ ਪ੍ਰਬੰਧਕ ਹੋਣ ਦੇ ਨਾਤੇ ਅਖਬਾਰ ਵਾਸਤੇ ਸੰਪਾਦਕੀ ਅਤੇ ਲੇਖ ਲਿਖਦੇ ਰਹੇ। ਸਾਲ 1980 ਵਿਚ ਜਦੋਂ ਉਨਾਂ ਨੂੰ ਪ੍ਰਤੀਤ ਹੋਇਆ ਕਿ ਉਨਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਤਾਂ ਉਨਾਂ ਨੇ ਮੈਨੂੰ ਅਕਾਲੀ ਪੱਤ੍ਰਿਕਾ ਨਾਲ ਜੋੜ ਲਿਆ। ਉਹ ਅਚਾਨਕ 65 ਸਾਲ ਦੀ ਉਮਰ ਵਿਚ ਵਿਛੋੜਾ ਦੇ ਗਏ। ਉਨਾਂ ਦੀ ਸਿਰੜ ਦਾ ਅੰਦਾਜ਼ਾ ਇਥੋਂ ਲਗਾਇਆ ਜਾ ਸਕਦਾ ਹੈ ਕਿ ਜਿਸ ਦਿਨ ਚਲਾਣਾ ਹੋਇਆ, ਤਿੰਨ ਸੰਪਾਦਕੀ ਲੇਖ ਲਿਖੇ ਜੋ ਉਨਾਂ ਦੇ ਚਲਾਣੇ ਦੀ ਖ਼ਬਰ ਨਾਲ ਛਪੇ ਸਨ। ਉਨਾਂ ਦੀ ਨਿਸ਼ਾਨੀ ਅਕਾਲੀ ਪੱਤ੍ਰਿਕਾ ਨੂੰ ਚੜਦੀ ਕਲਾ ਵਿਚ ਰੱਖਣ ਦੇ ਯਤਨ ਅਸਾਂ ਕੀਤੇ। ਸਮਕਾਲੀਆਂ ਦੇ ਵਿਚਾਰਾਂ ਵਿਚ ਸ. ਈਸ਼ਰ ਸਿੰਘ ਅਟਾਰੀ ਲਿਖਦੇ ਹਨ ਕਿ ਦੁਸਾਂਝ ਸਿੱਖ ਸੋਚ ਦੇ ਨਾਲ ਸਿੱਖ ਚਲਨ ਅਤੇ ਅਮਲ ਦੇ ਸੁਮੇਲ ਦੀ ਪ੍ਰਤੱਖ ਸ਼ਖਸੀਅਤ ਸਨ। ਉਨਾਂ ਦੀ ਸੋਚਣੀ, ਜੀਵਨ ਢੰਗ, ਚਾਲ ਢਾਲ, ਰਫਤਾਰ ਗੁਫ਼ਤਾਰ ਅਤੇ ਪੌਸ਼ਾਕ ਦਾ ਹਰ ਅਮਲ ਸਿੱਖ ਸ਼ਿਸ਼ਟਾਚਾਰ ਦਾ ਨਮੂੰਨਾ ਸੀ। ਅੰਮ੍ਰਿਤ ਵੇਲੇ ਦੇ ਨਿੱਤ ਨੇਮ ਅਤੇ ਪੰਜਾਂ ਕਕਾਰਾਂ ਦੇ ਧਾਰਨੀ ਸਨ। ਆਪ ਜੀ ਦਾ ਸਾਦਾ ਅਤੇ ਸਵੱਛ ਅਹਾਰ ਸੀ। ਪੰਜਾਬੀ ਬਾਣੇ ਵਿਚ ਸਿਰ 'ਤੇ ਖੱਦਰ ਦੀ ਨੀਲੀ ਦਸਤਾਰ, ਗਰਮੀਆਂ ਵਿਚ ਖੁੱਲਾ ਕਮੀਜ ਅਤੇ ਪਜਾਮਾ, ਸਰਦੀਆਂ ਵਿਚ ਚੂੜੀਦਾਰ ਪੰਜਾਬ ਅਤੇ ਅਚਕਨ, ਹਮੇਸ਼ਾ ਹਸਦਾ ਮੱਥਾ, ਖਿੜਿਆ ਚਿਹਰਾ, ਖੁੱਲਾ ਭਰਪੂਰ ਦਾੜਾ ਅਤੇ ਸਵੈਮਾਨ ਦੀਆਂ ਪ੍ਰਤੀਕ ਮੁੱਛਾਂ।

ਸ. ਦੁਸਾਂਝ ਦਾ ਜਨਮ 1915 ਵਿਚ ਹੋਇਆ। ਅਠਾਰਾਂ ਸਾਲ ਦੀ ਉਮਰ ਵਿਚ ਅੰਮ੍ਰਿਤਸਰ ਤੋਂ ਸਿੱਖ ਪੰਥ ਦੀ ਸੇਵਾ ਦਾ ਸੰਘਰਸ਼ ਸ਼ੁਰੂ ਕੀਤਾ। ਸਾਲ 1933 ਵਿਚ ਸਿੱਖ ਮਿਸ਼ਨਰੀ ਕਾਲਜ ਦੇ ਵਿਦਿਆਰਥੀ ਬਣੇ। ਉਨਾਂ ਨੇ ਦੋ ਸਾਲ ਦਾ ਕੋਰਸ ਪ੍ਰੋ. ਗੰਗਾ ਸਿੰਘ ਜੀ ਦੀ ਨਿਗਰਾਨੀ ਹੇਠ ਕੀਤਾ। ਆਪ ਪ੍ਰਚਾਰਕਾਂ ਵਿਚ ਨਿਵੇਕਲੀ ਥਾਂ ਰੱਖਦੇ ਸਨ। ਆਪ ਜੀ ਦੀ ਰਸੀਲੀ ਜੁਬਾਨ ਤੇ ਭਾਸ਼ਨ ਦੀ ਬੋਲੀ ਸਰਲ ਸੀ। ਆਪ ਪੰਜਾਬੀ ਤੋਂ ਇਲਾਵਾ ਉਰਦੂ, ਫਾਰਸੀ ਅਤੇ ਅੰਗਰੇਜੀ ਦੇ ਵੀ ਗਿਆਤਾ ਸਨ। ਉਨਾਂ ਦੇ ਨੁਕਤੇ ਨਿਗਾਹ ਵਿਚ ਗੋਸ਼ਟੀ ਰੂਪ ਵਿਚ ਆਪ ਹੀ ਸਵਾਲ ਸਮਝਣ ਦੇ ਯੋਗ ਹੁੰਦੇ। ਪੰਥਕ ਕਾਨਫਰੰਸਾਂ, ਸਿੱਖ ਦੀਵਾਨਾਂ, ਸਨਾਤਨ ਧਰਮ ਤੇ ਆਰੀਆ ਸਮਾਜ ਦੇ ਇਕੱਠਾਂ ਵਿਚ, ਸਕੂਲਾਂ, ਕਾਲਜਾਂ ਵਿਚ, ਗੁਰਪੁਰਬ ਅਤੇ ਹੋਰ ਕੌਮੀ ਤਿਓਹਾਰਾਂ ਤੇ ਸਿੱਖੀ ਦੇ ਸਰਵ ਸਾਂਝੇ ਸਿਧਾਂਤ ਦਾ ਪ੍ਰਚਾਰ ਕਰਦੇ। ਜਨਤਾ ਇਨਾਂ ਦੇ ਭਾਸ਼ਣ ਸੁਨਣ ਦੀ ਮੰਗ ਕਰਦੀ। ਆਪ ਅਕਾਲ ਤਖਤ ਸਾਹਿਬ ਦੇ ਪ੍ਰਚਾਰਕ ਰਹੇ। ਇਨਾਂ ਦੀ ਸਾਂਝ ਗਿਆਨੀ ਪ੍ਰਤਾਪ ਸਿੰਘ ਵਿਦਵਾਨ ਨਾਲ ਵੀ ਰਹੀ। ਆਪ ਨੇ ਮਰਦਮਸ਼ੁਮਾਰੀ ਵਿਭਾਗ ਵਿਚ ਵੀ ਸੇਵਾ ਕੀਤੀ। ਫਿਰ ਗੁਰਦੁਆਰਿਆਂ ਦੇ ਹਿਸਾਬ ਲਈ ਐਡੀਟਰ ਦੀ ਸੇਵਾ ਨਿਭਾਈ। ਗਿਆਨੀ ਕਰਤਾਰ ਸਿੰਘ ਜੀ ਦੀ ਪ੍ਰੇਰਨਾ ਅਤੇ ਸ. ਅਮਰ ਸਿੰਘ ਅੰਬਾਲਵੀ ਦੇ ਸਾਥ ਵਿਚ ਆਪ ਨੇ ਉਰਦੂ ਵਿਚ ਅਜੀਤ ਸਪਤਾਹਿਕ ਸ਼ੁਰੂ ਕੀਤਾ। ਸਾਲ 1944-45 ਵਿਚ ਆਪ ਸ਼੍ਰੋਮਣੀ ਕਮੇਟੀ ਦੇ ਕਾਰਜਕਾਰੀ ਮੈਂਬਰ ਬਣੇ। ਸਾਲ 1958 ਵਿਚ ਜਨਰਲ ਸਕੱਤਰ ਬਣੇ। ਪਾਕਿਸਤਾਨ ਦੀ ਵੰਡ ਸਮੇਂ ਮੁੜ ਵਸੇਬੇ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਯਤਨਾਂ ਵਿਚ ਵੀ ਸਰਗਰਮ ਰਹੇ। ਪੰਥ ਦਾ ਅਕਾਲੀ ਪੱਤ੍ਰਿਕਾ ਅਖ਼ਬਾਰ ਅਤੇ ਅਜੀਤ ਅਖ਼ਬਾਰ ਲਾਹੌਰ ਰਹਿ ਗਏ। ਆਪ ਨੇ ਵਿਅਕਤੀਗਤ ਤੌਰ 'ਤੇ 'ਅਜੀਤ' ਅੰਮ੍ਰਿਤਸਰ ਤੋਂ ਗਿਆਨੀ ਕਰਤਾਰ ਸਿੰਘ ਜੀ ਦੀ ਅਗਵਾਈ ਹੇਠ ਸ਼ੁਰੂ ਕੀਤਾ। ਗਿਆਨੀ ਸ਼ਾਦੀ ਸਿੰਘ ਜੀ ਨੂੰ ਵੀ ਨਾਲ ਰਲਾ ਲਿਆ। ਫਿਰ ਇਨਾਂ ਨੇ ਅਕਾਲੀ ਪੱਤ੍ਰਿਕਾ ਵੀ ਸ਼ੁਰੂ ਕਰ ਲਿਆ। ਅਜ਼ਾਦ ਭਾਰਤ ਵਿਚ ਗਿਆਨੀ ਸ਼ਾਦੀ ਸਿੰਘ ਜੀ ਨੂੰ ਬਾਨੀ ਐਡੀਟਰ ਅਤੇ ਸਰਦਾਰ ਦੁਸਾਂਝ ਜੀ ਨੂੰ ਬਾਨੀ ਸੰਚਾਲਕ ਮੰਨਿਆ ਜਾਂਦਾ ਹੈ। ਗਿਆਨੀ ਸ਼ਾਦੀ ਸਿੰਘ ਜੀ 1979 ਵਿਚ ਸਦੀਵੀ ਵਿਛੋੜਾ ਦੇ ਗਏ। ਸਰਦਾਰ ਦੁਸਾਂਝ 22 ਜੁਲਾਈ 1980 ਨੂੰ ਵਿਛੋੜਾ ਦੇ ਗਏ।

ਫਰਵਰੀ 1949 ਨੂੰ ਦਿੱਲੀ ਵਿਚ ਅਕਾਲੀ ਕਾਨਫਰੰਸ ਰੱਖੀ ਗਈ। ਸਰਕਾਰ ਨੇ ਗ੍ਰਿਫ਼ਤਾਰੀਆਂ ਕੀਤੀਆਂ ਤਾਂ ਸ. ਦੁਸਾਂਝ ਵੀ ਗ੍ਰਿਫਤਾਰ ਹੋਏ। ਪੰਜਾਬੀ ਸੂਬਾ ਅੰਦੋਲਨ ਵਿਚ ਤਿੰਨ ਵਾਰ ਗ੍ਰਿਫਤਾਰ ਹੋਏ। ਸਾਲ 1067 ਵਿਚ ਆਪ ਫਿਲੌਰ ਹਲਕੇ ਤੋਂ ਵਿਧਾਨ ਸਭਾ ਦੇ ਮੈਂਬਰ ਬਣੇ। ਪੰਜਾਬ ਦੀਆਂ ਵਿਕਾਸ ਸਰਗਰਮੀਆਂ ਵਿਚ ਵਧ ਚੜ ਕੇ ਹਿੱਸਾ ਲੈਂਦੇ। ਆਪ ਜੀ ਨੂੰ ਪਹਿਲਾਂ ਜਲੰਧਰ ਕੋਆਪ੍ਰੇਟਿਵ ਲੈਂਡ ਮਾਰਟਗੇਜ਼ ਬੈਂਕ ਦਾ ਚੇਅਰਮੈਨ ਥਾਪਿਆ ਫਿਰ, ਪੰਜਾਬ ਸਟੇਟ ਕੋਆਪ੍ਰੇਟਿਵ ਲੈਂਡ ਮਾਰਟਗੇਜ਼ ਬੈਂਕ ਚੰਡੀਗੜ ਤਾਇਨਾਤ ਕੀਤਾ। ਨਾਲ ਨਾਲ ਧਾਰਮਿਕ ਅਤੇ ਸਮਾਜਿਕ ਸੇਵਾ ਵਿਚ ਹਿੱਸਾ ਲੈਂਦੇ ਰਹੇ।

ਜਲੰਧਰ ਵਿਚ ਕਈ ਕਾਲੋਨੀਆਂ ਅਤੇ ਮਾਰਕੀਟਾਂ ਦਾ ਆਪ ਨੇ ਉਦਘਾਟਨ ਕੀਤਾ। ਪਾਕਿਸਤਾਨ ਦੀ ਯਾਤਰਾ ਤੇ ਗਏ ਤਾਂ ਨਨਕਾਣਾ ਸਾਹਿਬ ਤੋਂ ਆਪ ਦਾ ਵਿਦਦਤਾ ਭਰਪੂਰ ਭਾਸ਼ਣ ਪਾਕਿਸਤਾਨ ਅਤੇ ਜਲੰਧਰ ਰੇਡੀਓ ਤੋਂ ਪ੍ਰਸਾਰਤ ਹੋਇਆ। ਆਪ ਪਾਕਿਸਤਾਨ ਦੇ ਗੁਰਦੁਆਰਾ ਡੇਹਰਾ ਸਾਹਿਬ ਵੀ ਜੱਥਾ ਲੈ ਕੇ ਗਏ।

ਆਪ ਜੀ ਨੂੰ ਪੁਸਤਕਾਂ ਪੜਨ ਦਾ ਬੜਾ ਸ਼ੌਕ ਸੀ। ਹਮੇਸ਼ਾ ਨਵੀਂ ਆਈ ਪੁਸਤਕ ਜਿੱਥੋਂ ਵੀ ਮਿਲਦੀ ਹੋਵੇ, ਖਰੀਦ ਕੇ ਪੜਦੇ। ਭਾਰਤ ਸਰਕਾਰ ਦੀ ਸਾਹਿਤ ਅਕੈਡਮੀ ਕਮੇਟੀ ਪੰਜਾਬ ਦੇ ਮੈਂਬਰ ਸਨ। ਪੰਜਾਬ ਸਰਕਾਰ ਦੀ ਪ੍ਰੈਸ ਸਲਾਹਕਾਰ ਕਮੇਟੀ ਦੇ ਵੀ ਮੈਂਬਰ ਸਨ। ਆਪ ਲਿਖਤਾਂ ਰਾਹੀਂ ਨਰੋਈ ਸਿਹਤ ਲਈ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਦੇ। ਉਨਾਂ ਨਸ਼ਿਆਂ ਵਿਰੁਧ ਪ੍ਰਚਾਰ ਵੀ ਕੀਤਾ। ਦੇਸ਼ ਵਿਦੇਸ਼ ਦੇ ਦੌਰਿਆਂ ਵੇਲੇ ਸਿੱਖ ਪੰਥ, ਪੰਜਾਬ-ਪੰਜਾਬੀ ਦੀ ਛਾਪ ਛੱਡਦੇ। ਦੇਸ਼ ਵਿਦੇਸ਼ ਦੀਆਂ ਕਈ ਸੰਸਥਾਵਾਂ ਨੇ ਆਪ ਨੂੰ ਸਨਮਾਨਤ ਕੀਤਾ।

'ਮੇਰਾ ਹਮ ਜਮਾਤੀ ਸਰਦਾਰ ਦੁਸਾਂਝ' ਸਿਰਲੇਖ ਹੇਠ ਗਿਆਨੀ ਲਾਲ ਸਿੰਘ ਜੀ ਲਿਖਦੇ ਹਨ ਕਿ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਪ੍ਰਿੰ. ਗੰਗਾ ਸਿੰਘ ਜੀ ਬੋਲਣ ਕਲਾ ਦਾ ਅਭਿਆਸ ਬਹਿਸਾਂ ਰਾਹੀਂ ਕਰਵਾਉਂਦੇ ਸਨ। ਉਥੋਂ ਸ. ਦੁਸਾਂਝ ਨੂੰ ਭਾਸ਼ਨ ਦੀ ਚੇਟਕ ਲੱਗੀ। ਜੋ ਅੱਗੇ ਜਾ ਕੇ ਅਖ਼ਬਾਰ ਨਵੀਸੀ ਅਤੇ ਲੋਕ ਮੰਚ ਤੇ ਬੋਲਣ ਦੇ ਕੰਮ ਆਈ। ਉਨਾਂ ਨੇ ਜੋ ਜੀਵਨ ਆਦਰਸ਼ ਕਾਲਜ ਤੋਂ ਅਪਣਾਇਆ ਸੀ, ਉਸ ਨੂੰ ਕੇਸਾਂ ਸੁਆਸਾਂ ਨਾਲ ਨਿਭਾਇਆ। ਉਹ ਬੋਲਣ ਅਤੇ ਲਿਖਣ ਦੀ ਟਕਸਾਲ ਸਨ। ਉਨਾਂ ਨੇ ਪੰਥ ਅਤੇ ਸਮਾਜ ਲਈ ਜੋ ਸੇਵਾ ਕੀਤੀ ਯਾਦ ਰਹੇਗੀ।

ਸ. ਦੁਸਾਂਝ ਦੀ ਵੱਡੀ ਸਪੁੱਤਰੀ ਬੀਬੀ ਮਨਜੀਤ ਕੌਰ ਲਈ ਇਕ ਕੌੜੀ ਯਾਦ ਹੈ ਕਿ ਪਾਪਾ ਜੀ ਦੇ ਅਕਾਲ ਚਲਾਣੇ ਸਮੇਂ ਉਹ ਅਮਰੀਕਾ ਸੀ। ਸਪੁੱਤਰੀ ਦੀ ਭਾਵ ਪੂਰਨ ਸ਼ਰਧਾਂਜਲੀ ਵਿਚ ਬਾਬਲ ਦੇ ਵਿਛੋੜੇ ਦਾ ਅਥਾਹ ਦੁੱਖ ਅਤੇ ਵਿਛੋੜਾ ਹੈ। 'ਜਿਸ ਦਿਨ ਅਮਰੀਕਾ ਜਾਣਾ ਸੀ ਪਾਪਾ ਜੀ ਨੇ ਬੜੇ ਸ਼ਗਨਾਂ ਨਾਲ ਅਤੇ ਅਰਦਾਸ ਕਰਕੇ ਮੈਨੂੰ ਆਪਣੀਆਂ ਬਾਹਾਂ ਵਿਚ ਘੁੱਟ ਕੇ ਪਿਆਰ ਨਾਲ ਘਰੋਂ ਤੋਰਿਆ। ਇਹ ਉਨਾਂ ਦੀ ਆਖਰੀ ਗਲਵੱਕੜੀ ਹੋ ਗਈ। ਪਾਪਾਜੀ ਦੀ ਘਾਟ ਪਰਿਵਾਰ ਲਈ ਕਦੇ ਪੂਰੀ ਨਹੀਂ ਹੋ ਸਕਦੀ। ਪ੍ਰਮਾਤਮਾ ਬਲ ਬਖ਼ਸ਼ੇ ਕਿ ਉਨਾਂ ਦੇ ਪੂਰਨਿਆਂ ਤੇ ਚਲ ਸਕਾਂ।'

ਸ. ਦੁਸਾਂਝ ਜੀ ਦੇ ਸਪੁੱਤਰ ਹਰਭਜਨ ਸਿੰਘ ਜੀ ਦਾ ਇਕ ਤਰਲਾ ਹੈ ਕਿ ਵਾਹ! ਭਾਪਾ ਜੀ ਤੁਸੀਂ ਸੱਚਮੁੱਚ ਸਾਡੇ ਕੋਲੋਂ ਚਲੇ ਗਏ ਹੋ। ਭਾਪਾ ਜੀ ਸਚਮੁੱਚ ਇਕ ਦੇਵਤਾ ਸਨ। ਹਰਮਨ ਪਿਆਰਾ ਬਾਪ, ਸਭ ਦਾ ਭਰਾ, ਸਭ ਦਾ ਦੋਸਤ, ਸਦਾ ਲਈ ਵਿਛੜ ਗਿਆ। ਘਰ ਦਾ ਸ਼ਿੰਗਾਰ, ਸਟੇਜਾਂ ਦਾ ਸ਼ਿੰਗਾਰ, ਦੋਸਤਾਂ ਦੀ ਮਹਿਫ਼ਲ ਦਾ ਸ਼ਿੰਗਾਰ। ਅੱਜ ਸਟੇਜਾਂ ਸੁੰਨੀਆਂ ਹਨ। ਉਹ ਘਰ ਜਿੱਥੇ 24 ਘੰਟੇ ਚੁੱਲੇ ਕਦੇ ਅੱਗ ਨਹੀਂ ਸੀ ਮੁੱਕੀ, ਅੱਜ ਉਸ ਘਰ ਦੀਆਂ ਕੰਧਾਂ ਵੀ ਰੋ ਰਹੀਆਂ ਹਨ। ਉਨਾਂ ਨੇ ਸੇਵਾ ਦੇ ਹਰ ਖੇਤਰ ਵਿਚ ਉਚ ਪਦਵੀ ਪਾਈ, ਪਰ ਹਲੀਮੀ ਕੁੱਟ ਕੁੱਟ ਭਰੀ ਹੋਈ ਸੀ। ਅਕਾਲੀ ਪੱਤ੍ਰਿਕਾ ਦਾ ਥੰਮ ਛੱਡ ਕੇ ਚਲਾ ਗਿਆ।

ਲਾਲਾ ਜਗਤ ਨਰਾਇਣ ਸੰਪਾਦਕ ਲਿਖਦੇ ਹਨ ਕਿ ਉਨਾਂ ਨੇ ਸ. ਦੁਸਾਂਝ ਦਾ ਭਾਸ਼ਣ ਅਨੰਦਪੁਰ ਸਾਹਿਬ ਵਿਖੇ ਸੁਣਿਆ। ਜਦ ਮੈਂ ਤੁਰਨ ਲੱਗਾ ਤਾਂ ਕਿਸੇ ਨੇ ਪੁੱਛਿਆ ਕਿ ਕੀ ਸੁਣ ਕੇ ਆਏ ਹੋ ਤਾਂ ਮੈਂ ਕਿਹਾ ਕਿ ਅਕਾਲੀ ਦਲ ਵਿਚ ਸਰਦਾਰ ਦੁਸਾਂਝ ਹੈ ਜੋ ਆਪਣਾ ਪੱਖ ਬੜੀ ਮਜ਼ਬੂਤੀ ਨਾਲ ਪੇਸ਼ ਕਰਦਾ ਹੈ, ਉਹ ਆਪਣੇ ਭਾਸ਼ਣਾਂ ਵਿਚ ਸਾਰੇ ਧਰਮ ਦੇ ਚੰਗੇ ਉਪਦੇਸ਼ ਸੁਣਾਉਂਦੇ ਸਨ। ਉਹ ਦੋਸਤਾਂ ਦੇ ਦੋਸਤ ਸਨ ਅਤੇ ਆਪਣੇ ਅਕੀਦੇ ਦੇ ਪੱਕੇ ਸਨ।

ਸਾਧੂ ਸਿੰਘ ਹਮਦਰਦ, ਸੰਪਾਦਕ ਅਜੀਤ ਲਿਖਦੇ ਹਨ ਕਿ 1940-41 ਵਿਚ ਗੁਰਦੁਆਰਿਆਂ ਦੇ ਉਹ ਐਡੀਟਰ ਸਨ ਅਤੇ ਮੈਂ ਪ੍ਰੀ ਐਡੀਟਰ ਸਨ। ਫਿਰ ਉਹ ਭਾਸ਼ਨਕਾਰ ਬਣੇ, ਉਨਾਂ ਦੀ ਜ਼ੁਬਾਨ ਵਿਚ ਖਾਸ ਤਸੀਰ ਸੀ ਕਿ ਉਹ ਜਦੋਂ ਤਕਰੀਰ ਕਰਦੇ ਸਨ ਤਾਂ ਸਰੋਤੇ ਕੀਲੇ ਜਾਂਦੇ ਸਨ। ਸਚਮੁੱਚ ਉਹ ਸਟੇਜ਼ ਦਾ ਸ਼ਿੰਗਾਰ ਸਨ। ਉਹ ਸਿਆਸਤ ਵਿਚ ਵਿਚਰ ਕੇ ਅਲੇਪ ਅਤੇ ਉਪਰਾਮ ਰਹੇ। ਅਸਲ ਵਿਚ ਉਹ ਇਸ ਪਾਸੇ ਦੇ ਖਿਡਾਰੀ ਹੀ ਨਹੀਂ ਸਨ। ਉਹ ਤਾਂ ਮਹਾਨ ਗੁਰੂ ਗੋਬਿੰਦ ਸਾਹਿਬ ਜੀ ਦੇ ਧਾਰਮਿਕ ਪੱਖ ਨੂੰ ਉਜਾਗਰ ਕਰਨਾ ਚਾਹੁੰਦੇ ਸਨ।

ਬਾਕੀ ਸਫ਼ਾ 31 'ਤੇ

# ਸਾਹਿਤ ਅਕਾਦਮੀ ਦਿੱਲੀ ਦਾ ਪੰਜਾਬੀ ਸਾਹਿਤ ਨਾਲ ਪੱਖਪਾਤ

## ਆਪਣੇ ਉੱਤਮ ਸਾਹਿਤ ਨੂੰ ਦੇਸ਼ ਪੱਧਰ ’ਤੇ ਪ੍ਰਚਾਰਨ ਵਿੱਚ ਪੰਜਾਬੀ ਭਾਸ਼ਾ ਪਛੜੀ

**- ਮਿੱਤਰ ਸੈਨ ਮੀਤ**

ਅੱਧੀ ਸਦੀ ਪਹਿਲਾਂ ਸਾਹਿਤ ਅਕਾਦਮੀ, ਦਿੱਲੀ ਦੀ ਸਥਾਪਨਾ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਵਿਕਾਸ ਤੇ ਲੋਕਾਂ ਅੰਦਰ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਹੋਈ ਸੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਅਕਾਦਮੀ ਵੱਲੋਂ ਖੇਤਰੀ ਭਾਸ਼ਾਵਾਂ ਦੇ ਉੱਤਮ ਸਾਹਿਤ ਦਾ ਅਨੁਵਾਦ ਕਰਵਾ ਕੇ ਬਾਕੀ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਇੱਕ ਦਾਅਵੇ ਅਨੁਸਾਰ ਹੁਣ ਤਕ ਸਾਹਿਤ ਅਕਾਦਮੀ ਕਰੀਬ ਪੰਜ ਹਜ਼ਾਰ ਪੁਸਤਕਾਂ ਤੀਹ ਤੋਂ ਵੱਧ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰ ਚੁੱਕੀ ਹੈ। ਕੰਮ ਮਿਆਰੀ ਹੋਵੇ, ਇਸ ਵਾਸਤੇ ਸਲਾਹ-ਮਸ਼ਵਰੇ ਲਈ ਅਕਾਦਮੀ ਵੱਲੋਂ ਵੱਖ-ਵੱਖ ਭਾਸ਼ਾਵਾਂ ਦੇ ਸਲਾਹਕਾਰ ਬੋਰਡ ਗਠਿਤ ਕੀਤੇ ਜਾਂਦੇ ਹਨ। ਇਨ੍ਹਾਂ ਬੋਰਡਾਂ ਦੇ ਜ਼ਿੰਮੇ ਹੁੰਦਾ ਹੈ ਕਿ ਉਹ ਆਪਣੀ ਭਾਸ਼ਾ ਦੇ ਉੱਤਮ ਸਾਹਿਤ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਤੇ ਪ੍ਰਕਾਸ਼ਿਤ ਕਰਵਾਉਣ ਅਤੇ ਦੂਜੀਆਂ ਭਾਸ਼ਾਵਾਂ ਦੇ ਮਿਆਰੀ ਸਾਹਿਤ ਨੂੰ ਆਪਣੀ ਭਾਸ਼ਾ ਵਿੱਚ ਪ੍ਰਕਾਸ਼ਿਤ ਕਰਵਾਉਣ ਦੀ ਸਿਫ਼ਾਰਸ਼ ਕਰਨ।

ਸਾਹਿਤ ਅਕਾਦਮੀ ਵੱਲੋਂ ਹਰ ਸਾਲ ਭਾਰਤ ਦੀ ਹਰ ਮਾਨਤਾ ਪ੍ਰਾਪਤ ਭਾਸ਼ਾ ਦੀ ਇੱਕ ਉੱਤਮ ਸਾਹਿਤਕ ਕਿਰਤ ਨੂੰ ‘ਸਾਹਿਤ ਅਕਾਦਮੀ ਪੁਰਸਕਾਰ’ ਦਿੱਤਾ ਜਾਂਦਾ ਹੈ। ਪੰਜਾਬੀ ਵਿੱਚ ਪਹਿਲਾ ਪੁਰਸਕਾਰ 1955 ਵਿੱਚ ਭਾਈ ਵੀਰ ਸਿੰਘ ਦੇ ਕਾਵਿ-ਸੰਗ੍ਰਿਹ ‘ਮੇਰੇ ਸਾਈਆਂ ਜੀਓ’ ਨੂੰ ਮਿਲਿਆ। ਸਾਲ 2013 ਦਾ ਪੁਰਸਕਾਰ ਮਨਮੋਹਨ ਦੇ ਨਾਵਲ ‘ਨਿਰਵਾਣ’ ਨੂੰ ਪ੍ਰਾਪਤ ਹੋਇਆ। ਕੁਝ ਵਰ੍ਹੇ ਕਿਸੇ ਵੀ ਪੁਸਤਕ ਨੂੰ ਇਨਾਮ ਪ੍ਰਾਪਤ ਨਹੀਂ ਹੋਇਆ। ਹੁਣ ਤਕ ਕੁਲ 53 ਪੁਸਤਕਾਂ ਨੂੰ ਇਹ ਪੁਰਸਕਾਰ ਪ੍ਰਾਪਤ ਹੋਇਆ ਹੈ। ਅਕਾਦਮੀ ਦੇ ਨਿਯਮਾਂ ਅਨੁਸਾਰ ਪੁਰਸਕਾਰ ਨਾਲ ਸਨਮਾਨਿਤ ਪੁਸਤਕ ਭਾਰਤ ਦੀ ਹਰ ਭਾਸ਼ਾ ਵਿੱਚ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕਰਵਾਈ ਜਾਣੀ ਹੁੰਦੀ ਹੈ। ਪੁਰਸਕਾਰ ਵਿੱਚ ਮਿਲਦੀ ਰਕਮ ਨਾਲੋਂ ਵੀ ਇਹ ਇੱਕ ਉੱਤਮ ਪੁਰਸਕਾਰ ਹੈ।

ਇੱਕ ਨਿਯਮ ਅਨੁਸਾਰ ਜੇ ਖੇਤਰੀ ਭਾਸ਼ਾ ਦੀ ਕਿਸੇ ਪੁਸਤਕ ਨੂੰ ਦੂਸਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਇਆ ਜਾਣਾ ਹੋਵੇ ਤਾਂ ਪਹਿਲਾਂ ਉਸ ਭਾਸ਼ਾ ਦਾ ਸਲਾਹਕਾਰ ਬੋਰਡ ਪੁਸਤਕ ਨੂੰ ਅਨੁਵਾਦ ਕਰਵਾਉਣ ਦੀ ਸਿਫ਼ਾਰਸ਼ ਕਰਦਾ ਹੈ ਤੇ ਫਿਰ ਅਨੁਵਾਦ ਹੋਣ ਵਾਲੀ ਭਾਸ਼ਾ ਦਾ ਸਲਾਹਕਾਰ ਬੋਰਡ ਅਨੁਵਾਦ ਦੀ ਹਾਮੀ ਭਰਦਾ ਹੈ। ਦੋਹਾਂ ਪ੍ਰਕਿਰਿਆਵਾਂ ਵਿੱਚੋਂ ਲੰਘਣ ਉਪਰੰਤ ਹੀ ਪੁਸਤਕ ਦਾ ਅਨੁਵਾਦ ਸੰਭਵ ਹੈ।

ਪੰਜਾਬੀ ਭਾਸ਼ਾ ਦਾ ਦੁਖਾਂਤ ਹੈ ਕਿ ਅੱਜ ਤਕ ਜਿੰਨੇ ਵੀ ਪੰਜਾਬੀ ਭਾਸ਼ਾ ਸਲਾਹਕਾਰ ਬੋਰਡ ਬਣੇ, ਉਨ੍ਹਾਂ ਦੇ ਮੈਂਬਰਾਂ ਵੱਲੋਂ ਸਾਹਿਤ ਦੀ ਥਾਂ ਨਿੱਜੀ ਸਵਾਰਥ ਨੂੰ ਪਹਿਲ ਦਿੱਤੀ ਗਈ। ਇਸ ਲੇਖ ਵਿੱਚ ਪੰਜਾਬੀ ਦੀਆਂ ਕੇਵਲ ਉਨ੍ਹਾਂ ਪੁਸਤਕਾਂ ਦੇ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੋਣ ਦਾ ਲੇਖਾ-ਜੋਖਾ ਹੈ, ਜਿਨ੍ਹਾਂ ਨੂੰ ‘ਸਾਹਿਤ ਅਕਾਦਮੀ ਪੁਰਸਕਾਰ’ ਪ੍ਰਾਪਤ ਹੋਇਆ ਹੈ।

ਇਨਾਮ ਪ੍ਰਾਪਤ 53 ਲੇਖਕਾਂ ਦੀਆਂ ਪੁਸਤਕਾਂ ਵਿੱਚੋਂ ਸਿਰਫ਼ 22 ਲੇਖਕਾਂ ਦੀਆਂ ਪੁਸਤਕਾਂ ਨੂੰ ਦੂਸਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੋਣ ਦਾ ਮਾਣ ਮਿਲਿਆ ਹੈ। ਕਰਤਾਰ ਸਿੰਘ ਦੁੱਗਲ ਦੀ ਪੁਸਤਕ ‘ਇੱਕ ਛਿੱਟ ਚਾਨਣ ਦੀ’ 9 ਭਾਸ਼ਾਵਾਂ ਵਿੱਚ ਅਨੁਵਾਦ ਹੋਈ। ਨਰਿੰਦਰਪਾਲ ਸਿੰਘ ਦੀ ਪੁਸਤਕ ‘ਬਾ-ਮੁਲਾਹਜ਼ਾ ਹੋਸ਼ਿਆਰ’ 4 ਭਾਸ਼ਾਵਾਂ ਵਿੱਚ, ਅਜੀਤ ਕੌਰ ਦੀ ‘ਖ਼ਾਨਾਬਦੋਸ਼’ 3, ਮੋਹਨ ਭੰਡਾਰੀ ਦੀ ‘ਮੂਨ ਦੀ ਅੱਖ’ 3, ਨਿਰੰਜਨ ਤਸਨੀਮ ਦੀ ‘ਗੁਆਚੇ ਅਰਥ’ 3, ਸ਼ਿਵ ਕੁਮਾਰ ਬਟਾਲਵੀ ਦੀ ‘ਲੂਣਾ’ 2, ਮਨਜੀਤ ਟਿਵਾਣਾ ਦੀ ‘ਉਨੀਂਦਾ ਵਰਤਮਾਨ’ ਦੋ, ਮਹਿੰਦਰ ਸਿੰਘ ਸਰਨਾ ਦੀ ‘ਨਵੇਂ ਯੁਗ ਦਾ ਵਾਰਿਸ’ 2, ਭਾਈ ਵੀਰ ਸਿੰਘ ਦੀ ‘ਮੇਰੇ ਸਾਈਆਂ ਜੀਓ’ ਕੰਨੜ ਭਾਸ਼ਾ, ਅੰਮ੍ਰਿਤਾ ਪ੍ਰੀਤਮ ਦੀ ‘ਸੁਨੇਹੜੇ’ ਉਰਦੂ, ਪ੍ਰਭਜੋਤ ਕੌਰ ਦੀ ‘ਪੱਬੀ’ ਸਿੰਧੀ, ਕੁਲਵੰਤ ਸਿੰਘ ਵਿਰਕ ਦੀ ‘ਨਵੇਂ ਲੋਕ’ ਅੰਗਰੇਜ਼ੀ, ਹਰਿਭਜਨ ਸਿੰਘ ਦੀ ‘ਧੁੱਪੇ ਨਾ ਛਾਵੇਂ’ ਰਾਜਸਥਾਨੀ, ਗੁਰਦਿਆਲ ਸਿੰਘ ਦੀ ‘ਅੱਧ ਚਾਨਣੀ ਰਾਤ’ ਡੋਗਰੀ, ਗੁਲਜ਼ਾਰ ਸਿੰਘ ਸੰਧੂ ਦੀ ‘ਅਮਰਕਥਾ’ ਉਰਦੂ, ਰਾਮ ਸਰੂਪ ਅਣਖੀ ਦਾ ਨਾਵਲ ‘ਕੋਠੇ ਖੜਕ ਸਿੰਘ’ ਅੰਗਰੇਜ਼ੀ, ਪ੍ਰੇਮ ਪ੍ਰਕਾਸ਼ ਦੀ ‘ਕੁਝ ਅਣਕਿਹਾ ਵੀ’ ਉਰਦੂ, ਸੁਰਜੀਤ ਪਾਤਰ ਦੀ ‘ਹਨੇਰੇ ਵਿੱਚ ਸੁਲਗਦੀ ਵਰਣਮਾਲਾ’ ਉਰਦੂ, ਵਰਿਆਮ ਸਿੰਘ ਸੰਧੂ ਦੀ ‘ਚੌਥੀ ਕੂਟ’ ਹਿੰਦੀ, ਦੇਵ ਦੀ ‘ਸ਼ਬਦਾਂਤ’ ਅੰਗਰੇਜ਼ੀ, ਆਤਮਜੀਤ ਦੀ ‘ਤੱਤੀ ਤਵੀ ਦਾ ਸੱਚ’ ਹਿੰਦੀ ਤੇ ਵਨੀਤਾ ਦੀ ਪੁਸਤਕ ‘ਕਾਲ ਪਹਿਰ ਘੜੀਆਂ’ ਕੋਂਕਣੀ ਭਾਸ਼ਾ ਵਿੱਚ, ਭਾਵ ਇੱਕ-ਇੱਕ ਭਾਸ਼ਾ ਵਿੱਚ ਅਨੁਵਾਦ ਹੋਈਆਂ।

ਕਰਤਾਰ ਸਿੰਘ ਦੁੱਗਲ ਵੱਲੋਂ ਉਰਦੂ ਵਿੱਚ, ਮਨਜੀਤ ਟਿਵਾਣਾ ਵੱਲੋਂ ਹਿੰਦੀ ਵਿੱਚ, ਨਿਰਜਨ ਤਸਨੀਮ ਵੱਲੋਂ ਅੰਗਰੇਜ਼ੀ ਅਤੇ ਪ੍ਰੇਮ ਪ੍ਰਕਾਸ਼ ਵੱਲੋਂ ਉਰਦੂ ਵਿੱਚ ਆਪਣੀਆਂ ਪੁਸਤਕਾਂ ਖ਼ੁਦ ਅਨੁਵਾਦ ਕੀਤੀਆਂ ਗਈਆਂ। ਇਨਾਮ ਯਾਫ਼ਤਾ 31 ਲੇਖਕਾਂ ਦੀਆਂ ਪੁਸਤਕਾਂ ਦਾ ਕਿਸੇ ਵੀ ਦੂਸਰੀ ਭਾਸ਼ਾ ਵਿੱਚ ਅਨੁਵਾਦ ਨਹੀਂ ਹੋਇਆ। 14 ਭਾਸ਼ਾਵਾਂ ਵਿੱਚ ਸਿਰਫ਼ ਇੱਕ-ਇੱਕ ਪੁਸਤਕ ਛਪੀ। 8 ਭਾਸ਼ਾਵਾਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਕੋਈ ਵੀ ਪੁਸਤਕ ਅਨੁਵਾਦ ਨਹੀਂ ਹੋਈ।

ਅੰਗਰੇਜ਼ੀ ਤੇ ਹਿੰਦੀ ਨੂੰ ਸੰਪਰਕ ਭਾਸ਼ਾਵਾਂ ਮੰਨਿਆ ਜਾਂਦਾ ਹੈ। ਪਹਿਲਾਂ ਪੁਸਤਕ ਇਨ੍ਹਾਂ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਈ ਜਾਂਦੀ ਹੈ, ਫਿਰ ਉਨ੍ਹਾਂ ਅਨੁਵਾਦਾਂ ਦੇ ਆਧਾਰ ’ਤੇ ਪੁਸਤਕ ਬਾਕੀ ਭਾਸ਼ਾਵਾਂ ਵਿੱਚ ਅਨੁਵਾਦ ਹੁੰਦੀ ਹੈ। ਉਰਦੂ ਨੂੰ ਕਦੇ-ਕਦੇ ਸੰਪਰਕ ਭਾਸ਼ਾ ਵਜੋਂ ਵਰਤ ਲਿਆ ਜਾਂਦਾ ਹੈ। ਇਨ੍ਹਾਂ ਸੰਪਰਕ ਭਾਸ਼ਾਵਾਂ ਵਿੱਚ ਪੰਜਾਬੀ ਦੀਆਂ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਅੰਗਰੇਜ਼ੀ ਵਿੱਚ 10, ਹਿੰਦੀ ਵਿੱਚ 3 ਅਤੇ ਉਰਦੂ ਵਿੱਚ 6 ਹੈ। ਸਾਲ 2013 ਵਿੱਚ ਬਣੇ ਪੰਜਾਬੀ ਭਾਸ਼ਾ ਸਲਾਹਕਾਰ ਬੋਰਡ ਵੱਲੋਂ ਜੂਨ 2013 ਵਿੱਚ ਪੁਰਸਕਾਰ ਪ੍ਰਾਪਤ ਪੁਸਤਕਾਂ ਦਰਸ਼ਨ ਬੁੱਟਰ ਦੀ ‘ਮਹਾ ਕੰਬਣੀ’ ਨੂੰ ਹਿੰਦੀ, ਬਲਦੇਵ ਸਿੰਘ ਦੀ ‘ਢਾਵਾਂ ਦਿੱਲੀ ਦੇ ਕਿੰਗਰੇ’ ਨੂੰ ਹਿੰਦੀ ਅਤੇ ਡੋਗਰੀ, ਮਿੱਤਰ ਸੈਨ ਮੀਤ ਦੀ ‘ਸੁਧਾਰ ਘਰ’ ਨੂੰ ਹਿੰਦੀ ਤੇ ਅੰਗਰੇਜ਼ੀ, ਗੁਲਜ਼ਾਰ ਸੰਧੂ ਦੀ ‘ਅਮਰ ਕਥਾ’ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਅਨੁਵਾਦ ਕਰਵਾਏ ਜਾਣ ਦਾ ਫ਼ੈਸਲਾ ਲਿਆ ਗਿਆ।

ਦੂਜੇ ਪਾਸੇ, ਪੰਜਾਬੀ ਵਿੱਚ ਪ੍ਰਕਾਸ਼ਿਤ ਹੋਈਆਂ ਦੂਜੀਆਂ ਭਾਸ਼ਾਵਾਂ ਦੀਆਂ ਪੁਸਤਕਾਂ ਦੀ ਗਿਣਤੀ ਪੰਜਾਬੀ ਦੀਆਂ ਅਨੁਵਾਦਿਤ ਪੁਸਤਕਾਂ ਨਾਲੋਂ ਦੁੱਗਣੀ ਹੈ। ਦੂਜੀਆਂ ਭਾਸ਼ਾਵਾਂ ਦੀਆਂ ਪੰਜਾਬੀ ਵਿੱਚ ਕੁਲ 45 ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਜਿਨ੍ਹਾਂ ਵਿੱਚ 29 ਨਾਵਲ, ਇੱਕ ਨਾਟਕ, 8 ਕਵਿਤਾ ਤੇ 7 ਕਹਾਣੀਆਂ ਦੀਆਂ ਕਿਤਾਬਾਂ ਹਨ। ਪੰਜਾਬੀ ਦੀ ਪਹਿਲੀ ਪੁਸਤਕ ਨੂੰ 1955 ਵਿੱਚ ਪੁਰਸਕਾਰ ਪ੍ਰਾਪਤ ਹੋਇਆ ਜਦਕਿ ਇਸਦਾ ਪਹਿਲਾ ਅਨੁਵਾਦ ਸੰਨ 2000 ਵਿੱਚ, ਪੁਰਸਕਾਰ ਮਿਲਣ ਤੋਂ 45 ਸਾਲ ਬਾਅਦ ਪ੍ਰਕਾਸ਼ਿਤ ਹੋਇਆ। ਪੰਜਾਬੀ ਦੀ ਪਹਿਲੀ ਅਨੁਵਾਦ ਹੋਈ ਪੁਸਤਕ (ਕਰਨਲ ਨਰਿੰਦਰ ਪਾਲ ਸਿੰਘ ਦਾ ਨਾਵਲ) 1990 ਵਿੱਚ ਪ੍ਰਕਾਸ਼ਿਤ ਹੋਈ, ਭਾਵ 1955 ਵਿੱਚ ਪੁਰਸਕਾਰ ਪ੍ਰਾਪਤ ਕਰਨ ਵਾਲੀ ਪਹਿਲੀ ਪੁਸਤਕ ਤੋਂ 35 ਸਾਲ ਬਾਅਦ।

ਸਾਹਿਤ ਅਕਾਦਮੀ ਵੱਲੋਂ ਪੁਸਤਕਾਂ ਦੀ ਚੋਣ ਸਮੇਂ ਕਿਸ ਤਰ੍ਹਾਂ ਸਿੱਟੇ ਕੱਢੇ ਗਏ, ਇਸਦਾ ਅੰਦਾਜ਼ਾ ਇਨ੍ਹਾਂ ਤੱਥਾਂ ਤੋਂ ਲਾਇਆ ਜਾ ਸਕਦਾ ਹੈ ਕਿ ਅਕਾਦਮੀ ਵੱਲੋਂ ਭਾਈ ਵੀਰ ਸਿੰਘ, ਗੁਰਮੁਖ ਸਿੰਘ ਮੁਸਾਫਿਰ, ਕੁਲਵੰਤ ਸਿੰਘ ਵਿਰਕ ਤੇ ਪ੍ਰੀਤਮ ਸਿੰਘ ਸਫ਼ੀਰ ਨੂੰ ‘ਭਾਰਤੀ ਸਾਹਿਤ ਦੇ ਨਿਰਮਾਤਾ’ ਮੰਨ ਕੇ ਇਨ੍ਹਾਂ ਦੇ ਯੋਗਦਾਨ ਬਾਰੇ ਪੁਸਤਕਾਂ ਛਾਪੀਆਂ ਗਈਆਂ ਪਰ ਅਫ਼ਸੋਸ ਕਿ ਸਾਹਿਤ ਦੇ ਇਨ੍ਹਾਂ ਨਿਰਮਾਤਾਵਾਂ ਵਿੱਚੋਂ ਕੇਵਲ ਦੋ ਸਾਹਿਤਕਾਰਾਂ, ਭਾਈ ਵੀਰ ਸਿੰਘ ਤੇ ਕੁਲਵੰਤ ਸਿੰਘ ਵਿਰਕ ਦੀ ਹੀ ਇੱਕ-ਇੱਕ ਪੁਸਤਕ ਦੂਸਰੀ ਇੱਕ-ਇੱਕ ਭਾਸ਼ਾ ਵਿੱਚ ਅਨੁਵਾਦ ਕੀਤੀ ਗਈ। ਗੁਰਮੁਖ ਸਿੰਘ ਮੁਸਾਫਿਰ ਤੇ ਪ੍ਰੀਤਮ ਸਿੰਘ ਸਫ਼ੀਰ ਨੂੰ ਇਹ ਮਾਣ ਪ੍ਰਾਪਤ ਨਹੀਂ ਹੈ। ਪੰਜਾਬੀ ਦੇ ਕਲਾਸੀਕਲ ਸਾਹਿਤਕਾਰਾਂ ਪ੍ਰੋ. ਮੋਹਨ ਸਿੰਘ, ਨਾਨਕ ਸਿੰਘ, ਬਲਵੰਤ ਗਾਰਗੀ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਸੋਹਣ ਸਿੰਘ ਸੀਤਲ, ਕਪੂਰ ਸਿੰਘ ਘੁੰਮਣ, ਸੁਜਾਨ ਸਿੰਘ, ਜਗਤਾਰ, ਸੰਤੋਖ ਸਿੰਘ ਧੀਰ, ਜਸਵੰਤ ਸਿੰਘ ਕੰਵਲ ਤੇ ਅਜਮੇਰ ਸਿੰਘ ਔਲਖ ਦੀ ਪੁਸਤਕ ਨੂੰ ਇੱਕ ਵੀ ਭਾਸ਼ਾ ਵਿੱਚ ਅਨੁਵਾਦ ਨਹੀਂ ਕੀਤਾ ਗਿਆ।

ਪੰਜਾਬੀ ਦੇ ਦੋ ਲੇਖਕਾਂ ਅੰਮ੍ਰਿਤਾ ਪ੍ਰੀਤਮ ਤੇ ਗੁਰਦਿਆਲ ਸਿੰਘ ਨੂੰ ਗਿਆਨਪੀਠ ਪੁਰਸਕਾਰ ਅਤੇ ਦੋ ਲੇਖਕਾਂ ਦਲੀਪ ਕੌਰ ਟਿਵਾਣਾ ਤੇ ਸੁਰਜੀਤ ਪਾਤਰ ਨੂੰ ਸਰਸਵਤੀ ਐਵਾਰਡ ਪ੍ਰਾਪਤ ਹੋਏ। ਦਲੀਪ ਕੌਰ ਟਿਵਾਣਾ ਦੀ ਇਨਾਮ ਪ੍ਰਾਪਤ ਪੁਸਤਕ ਨੂੰ ਹਾਲੇ ਤਕ ਇੱਕ ਵੀ ਭਾਸ਼ਾ ਵਿੱਚ ਅਨੁਵਾਦ ਨਹੀਂ ਕੀਤਾ ਗਿਆ। ਬਾਕੀ ਤਿੰਨਾਂ ਲੇਖਕਾਂ ਦੀ ਪੁਸਤਕ ਵੀ ਕੇਵਲ ਇੱਕ-ਇੱਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਹੈ। ਦੂਜੇ ਪਾਸੇ ਕਰਤਾਰ ਸਿੰਘ ਦੁੱਗਲ ਦੀ ਪੁਸਤਕ ਨੂੰ 9 ਭਾਸ਼ਾਵਾਂ ਵਿੱਚ ਅਨੁਵਾਦ ਹੋਣ ਦਾ ਮਾਣ ਪ੍ਰਾਪਤ ਹੈ।

ਦੇਵਨਾਗਰੀ, ਗੁਜਰਾਤੀ, ਕਸ਼ਮੀਰੀ, ਮੈਥਿਲੀ, ਮਣੀਪੁਰੀ, ਸੰਸਕ੍ਰਿਤ ਭਾਸ਼ਾ ਵਿੱਚ ਹਾਲੇ ਤਕ ਪੰਜਾਬੀ ਦੀ ਇੱਕ ਵੀ ਪੁਸਤਕ ਅਨੁਵਾਦ ਹੋ ਕੇ ਨਹੀਂ ਛਪੀ। ਅਸਮੀ, ਨੇਪਾਲੀ, ਮਰਾਠੀ ਤੇ ਸਿੰਧੀ ਭਾਸ਼ਾ ਵਿੱਚ ਕੇਵਲ ਇੱਕ-ਇੱਕ ਪੁਸਤਕ ਅਨੁਵਾਦ ਹੋਈ ਹੈ। 49 ਪੁਸਤਕਾਂ ਪ੍ਰਕਾਸ਼ਿਤ ਹੋਣੀਆਂ ਬਾਕੀ ਹਨ। ਸਾਲ 2009 ਵਿੱਚ ਇਨਾਮ ਪ੍ਰਾਪਤ ਕਰਨ ਵਾਲੀ ਆਤਮਜੀਤ ਅਤੇ 2010 ਵਿੱਚ ਇਨਾਮ ਪ੍ਰਾਪਤ ਕਰਨ ਵਾਲੀ ਵਨੀਤਾ ਦੀ ਪੁਸਤਕ ਇੱਕ-ਇੱਕ ਭਾਸ਼ਾ ਵਿੱਚ ਅਨੁਵਾਦ ਹੋ ਚੁੱਕੀਆਂ ਹਨ। ਜਸਵੰਤ ਦੀਦ ਦੀ 2007 ਦੀ ਪੁਰਸਕਾਰ ਪ੍ਰਾਪਤ ਪੁਸਤਕ ਅੰਗਰੇਜ਼ੀ ਤੇ ਰਾਜਸਥਾਨੀ ਭਾਸ਼ਾ ਵਿੱਚ ਅਤੇ ਵਨੀਤਾ ਦੀ ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋ ਰਹੀਆਂ ਹਨ। ਬਲਦੇਵ ਸਿੰਘ (ਸੜਕਨਾਮਾ) 2013 ਵਿੱਚ ਬਣੇ ‘ਪੰਜਾਬੀ ਭਾਸ਼ਾ ਸਲਾਹਕਾਰ ਬੋਰਡ’ ਦਾ ਮੈਂਬਰ ਹੈ। ਉਸ ਦੇ ਨਾਵਲ ‘ਢਾਵਾਂ ਦਿੱਲੀ ਦੇ ਕਿੰਗਰੇ’ ਨੂੰ 2011 ਵਿੱਚ ਪੁਰਸਕਾਰ ਮਿਲਿਆ। ਬੋਰਡ ਦੀ ਪਹਿਲੀ ਮੀਟਿੰਗ ਵਿੱਚ ਹੀ ਉਸ ਵੱਲੋਂ ਆਪਣੇ ਨਾਵਲ ਨੂੰ ਹਿੰਦੀ ਤੇ ਡੋਗਰੀ ਵਿੱਚ ਅਨੁਵਾਦ ਕਰਵਾਏ ਜਾਣ ਦੀ ਸਿਫ਼ਾਰਸ਼ ਕਰਵਾ ਲਈ ਗਈ।

ਆਪਣੇ ਉੱਤਮ ਸਾਹਿਤ ਨੂੰ ਦੇਸ਼ ਪੱਧਰ ’ਤੇ ਪ੍ਰਚਾਰਨ ਵਿੱਚ ਪੰਜਾਬੀ ਭਾਸ਼ਾ ਕਿੰਨੀ ਪਛੜੀ ਹੋਈ ਹੈ, ਇਸਦਾ ਅੰਦਾਜ਼ਾ ਬੰਗਾਲੀ ਤੇ ਹਿੰਦੀ ਦੀ ਸਥਿਤੀ ਨਾਲ ਤੁਲਨਾ ਤੋਂ ਲੱਗ ਸਕਦਾ ਹੈ। ਬੰਗਾਲੀ ਭਾਸ਼ਾ ਵੱਲੋਂ ਪੰਜਾਬੀ ਨਾਲੋਂ ਤਿੰਨ ਗੁਣਾ ਤੇ ਹਿੰਦੀ ਭਾਸ਼ਾ ਵੱਲੋਂ ਕਰੀਬ ਦੋ ਗੁਣਾ ਟਾਈਟਲ ਦੂਜੀਆਂ ਭਾਸ਼ਾਵਾਂ ਵਿੱਚ ਛਪਵਾਏ ਗਏ ਹਨ। ਇਸ ਸਥਿਤੀ ਵਿੱਚ ਇਹ ਸਵਾਲ ਉੱਠਦੇ ਹਨ ਕਿ ਕੀ ਸਲਾਹਕਾਰ ਬੋਰਡ ਦੇ ਮੈਂਬਰ ਆਪਣੇ ਫਰਜ਼ਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਚੁੱਕੇ ਹਨ? ਕੀ ਉਨ੍ਹਾਂ ਕੋਲ ਆਪਣੇ ਅਤੇ ਆਪਣੇ ਮਿੱਤਰ ਪਿਆਰਿਆਂ ਦੀਆਂ ਝੋਲੀਆਂ ਭਰਨ ਤੋਂ ਬਿਨਾਂ ਕੋਈ ਕੰਮ ਨਹੀਂ ਰਹਿ ਗਿਆ?

ਪੰਜਾਬੀ ਦੇ ਪੱਛੜਨ ਦਾ ਇੱਕ ਕਾਰਨ ਇਹ ਵੀ ਹੈ ਕਿ ਪੰਜਾਬੀ ਭਾਸ਼ਾ ਦੇ ਸਲਾਹਕਾਰ ਬੋਰਡ ’ਤੇ ਕਾਬਜ਼ ਮੈਂਬਰ ਸਾਹਿਤ ਦੀ ਥਾਂ ਨਿੱਜੀ ਹਿਤਾਂ ਦੀ ਪੂਰਤੀ ਲਈ ਯਤਨਸ਼ੀਲ ਰਹੇ। ਇਸਦਾ ਸਬੂਤ ਦਿੱਲੀ ਸਰਕਾਰ ਵਿੱਚ ਰਸੂਖ ਰੱਖਣ ਵਾਲੇ ਕਰਤਾਰ ਸਿੰਘ ਦੁੱਗਲ ਵੱਲੋਂ ਆਪਣੀ ਪੁਸਤਕ ਨੂੰ 9 ਭਾਸ਼ਾਵਾਂ, ਕਰਨਲ ਨਰਿੰਦਰ ਪਾਲ ਸਿੰਘ ਵੱਲੋਂ 4, ਅਜੀਤ ਕੌਰ ਵੱਲੋਂ 3 ਅਤੇ ਮਹਿੰਦਰ ਸਿੰਘ ਸਰਨਾ ਵੱਲੋਂ 2 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਵਾ ਲੈਣਾ ਹੈ। ਹੁਣ ਵੀ ਦਿੱਲੀ ਵਾਲੇ ਬਾਜ਼ੀ ਮਾਰ ਰਹੇ ਹਨ। ਸਾਲ 2011 ਵਿੱਚ ਪੁਰਸਕਾਰ ਪ੍ਰਾਪਤ ਕਰਨ ਵਾਲੀ ਡਾ. ਵਨੀਤਾ ਦੀ ਪੁਸਤਕ ਪੁਰਸਕਾਰ ਦੇ ਪਹਿਲੇ ਵਰ੍ਹੇ ਹੀ ਕੋਂਕਣੀ ਭਾਸ਼ਾ ਵਿੱਚ ਪ੍ਰਕਾਸ਼ਿਤ ਹੋ ਗਈ।

ਇਸ ਦਰਮਿਆਨ 1990 ਤੋਂ 2001 ਤਕ ਦੇ ਸਮੇਂ ਨੂੰ ਸੁਨਹਿਰਾ ਦੌਰ ਵੀ ਕਿਹਾ ਜਾ ਸਕਦਾ ਹੈ। ਹੁਣ ਤਕ ਪ੍ਰਕਾਸ਼ਿਤ 41 ਟਾਈਟਲਾਂ ਵਿੱਚੋਂ 13 ਇਸ ਸਮੇਂ ਦੌਰਾਨ ਪ੍ਰਕਾਸ਼ਿਤ ਹੋਏ, ਭਾਵੇਂ ਇਨ੍ਹਾਂ ਵਿੱਚੋਂ ਬਹੁਤੇ ਦਿੱਲੀ ਵਿੱਚ ਰਹਿੰਦੇ ਪ੍ਰਭਾਵਸ਼ਾਲੀ ਸਾਹਿਤਕਾਰਾਂ ਦੇ ਸਨ। ਇਨ੍ਹਾਂ ਸਾਲਾਂ ਵਿੱਚ ਕਰਨਲ ਨਰਿੰਦਰ ਪਾਲ ਸਿੰਘ ਦੇ 4 ਤੇ ਕਰਤਾਰ ਸਿੰਘ ਦੁੱਗਲ ਦੇ 2 ਟਾਈਟਲ ਪ੍ਰਕਾਸ਼ਿਤ ਹੋਏ। ਇੱਕ-ਇੱਕ ਟਾਈਟਲ ਪ੍ਰਭਜੋਤ ਕੌਰ, ਹਰਿਭਜਨ ਸਿੰਘ ਤੇ ਗੁਲਜ਼ਾਰ ਸਿੰਘ ਸੰਧੂ ਦਾ ਸੀ, ਬਾਕੀ ਟਾਈਟਲ ਪ੍ਰੇਮ ਪ੍ਰਕਾਸ਼, ਮਨਜੀਤ ਟਿਵਾਣਾ, ਭਾਈ ਵੀਰ ਸਿੰਘ ਤੇ ਸੁਰਜੀਤ ਪਾਤਰ ਦੇ ਸਨ।

ਡਾ. ਸਤਿੰਦਰ ਸਿੰਘ ਨੂਰ 2002 ਤੋਂ 2007 ਤਕ ‘ਪੰਜਾਬੀ ਭਾਸ਼ਾ ਸਲਾਹਕਾਰ ਬੋਰਡ’ ਦੇ ਕਨਵੀਨਰ ਤੇ ਫਿਰ 2010 ਤਕ ਅਕਾਦਮੀ ਦੇ ਵਾਈਸ ਚੇਅਰਮੈਨ ਰਹੇ। ਇਸ ਦੌਰਾਨ 41 ਟਾਈਟਲਾਂ ਵਿੱਚੋਂ 28 ਟਾਈਟਲ ਪ੍ਰਕਾਸ਼ਿਤ ਹੋਏ। ਉਨ੍ਹਾਂ ਤੋਂ ਪਿੱਛੋਂ ਪ੍ਰਕਾਸ਼ਿਤ ਹੋਏ ਬਹੁਤੇ ਟਾਈਟਲ ਉਹ ਸਨ ਜਿਨ੍ਹਾਂ ਦੀ ਮਨਜ਼ੂਰੀ ਉਨ੍ਹਾਂ ਵੱਲੋਂ ਦਿੱਤੀ ਗਈ ਸੀ। ਪੰਜਾਬੀ ਦੀਆਂ ਉੱਤਮ ਪੁਸਤਕਾਂ ਲਈ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਪ੍ਰਕਾਸ਼ਿਤ ਹੋਣ ਦੇ ਇਸ ਸਮੇਂ ਨੂੰ ‘ਪੰਜਾਬੀ ਸਾਹਿਤ ਦਾ ਸੁਨਹਿਰੀ ਸਮਾਂ’ ਆਖਣਾ ਅਣਉਚਿਤ ਨਹੀਂ ਹੋਵੇਗਾ।

ਇਨਾਮ ਪ੍ਰਾਪਤ ਪੁਸਤਕਾਂ ਦੇ ਅਨੁਵਾਦ ਵਿੱਚ ਕਿਸੇ ਵੀ ਭਾਸ਼ਾ ਦੇ ਸਲਾਹਕਾਰ ਬੋਰਡ ਦੀ ਰਾਏ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ। ਅਜਿਹੀਆਂ ਪੁਸਤਕਾਂ ਨੂੰ ਸਿੱਧੇ ਹੀ ਅਨੁਵਾਦ ਲਈ ਭੇਜਣਾ ਚਾਹੀਦਾ ਹੈ। ਕੇਂਦਰ ਸਰਕਾਰ ਦੇ ਮਨੁੱਖੀ ਵਸੀਲੇ ਵਿਕਾਸ ਮੰਤਾਰਲੇ ਨੂੰ ਚਾਹੀਦਾ ਹੈ ਕਿ ਅਕਾਦਮੀ ਨੂੰ ਨਿਰਦੇਸ਼ ਜਾਰੀ ਕਰੇ ਕਿ ਉਹ ਨਿਸ਼ਚਿਤ ਸਮਾਂ ਹੱਦ ਵਿੱਚ ਦੇਸ਼ ਦੀਆਂ ਸਾਰੀਆਂ ਭਾਸ਼ਾਵਾਂ ਦੀਆਂ ਇਨਾਮ ਪ੍ਰਾਪਤ ਪੁਸਤਕਾਂ ਨੂੰ ਬਾਕੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕਰਵਾਏ ਤਾਂ ਜੋ ਸਾਹਿਤ ਪ੍ਰੇਮੀ ਭਾਰਤ ਦੇ ਸਮੁੱਚੇ ਮਿਆਰੀ ਸਾਹਿਤ ਤੋਂ ਜਾਣੂ ਹੋ ਸਕਣ।

# ਬਾਪੂ ਗੀਤ ਨਾਲ ਇੱਕ ਵਾਰ ਫਿਰ ਚਰਚਾ ਵਿੱਚ ਢਾਡੀ ਰਛਪਾਲ ਸਿੰਘ ਖੁਸ਼ਦਿਲ

**- ਗੁਰਿੰਦਰਜੀਤ ਸਿੰਘ “ਨੀਟਾ ਮਾਛੀਕੇ”**

ਅੱਜ-ਕੱਲ ਅਜੋਕੀ ਗਾਇਕੀ ਵਿੱਚ ਜੋ ਕੁਝ ਚੱਲ ਰਿਹਾ ਹੈ ਆਪਾ ਸਾਰੇ ਉਸਤੋਂ ਭਲੀ-ਭਾਂਤ ਜਾਣੂ ਹੀ ਹਾਂ ਕਿ ਕਿਵੇਂ ਗੀਤਕਾਰੀ ਅਤੇ ਗਾਇਕੀ ਦੇ ਨਾਮ ਤੇ ਲੱਚਰਤਾ ਪਰੋਸ ਪਰੋਸ ਕੇ ਅਸ਼ਲੀਲ ਵੀਡੀਓ ਰਾਹੀਂ, ਟੀਵੀ ਚੈਨਲਾਂ ਜ਼ਰੀਏ ਸਾਡੇ ਘਰਾਂ ਵਿੱਚ ਪਹੁੰਚਾਈ ਜਾ ਰਹੀ ਹੈ। ਹਥਿਆਰਾਂ, ਗੈਂਗ ਕਲਚਰ ਅਤੇ ਨਸ਼ਿਆਂ ਨੂੰ ਉਤਸ਼ਾਹਿਤ ਕਰਦੇ ਅਖੌਤੀ ਗਾਇਕ ਸੰਗਾ-ਸ਼ਰਮਾਂ ਦੀਆ ਸਭ ਹੱਦਾਂ ਟੱਪ ਜਾਂਦੇ ਹਨ। ਅਜਿਹੇ ਖਤਰਨਾਕ ਰੁਝਾਨ ਦੌਰਾਨ ਜਦੋਂ ਕਿਤੇ ਕੋਈ ਪਰਿਵਾਰਕ ਰਿਸ਼ਤਿਆਂ ਦੀ ਬਾਤ ਪਾਉਂਦਾ ਮਿਆਰੀ ਗੀਤ ਮਾਰਕੀਟ ਵਿੱਚ ਆਉਦਾ ਹੈ ਤਾਂ ਸਾਡਾ ਸਾਰਿਆਂ ਦਾ ਅਜਿਹੇ ਗੀਤ ਦੀ ਸਪੋਰਟ ਕਰਨ ਦਾ ਨਿੱਜੀ ਫਰਜ਼ ਬਣਦਾ ਹੈ। ਜੀ ਹਾਂ ਮੈ ਗੱਲ ਕਰਨ ਜਾ ਰਿਹਾ ਹਾਂ ਬੁਲੰਦ ਅਵਾਜ਼ ਦੇ ਮਾਲਕ ਢਾਡੀ ਰਛਪਾਲ ਸਿੰਘ ਦੀ ਜਿੰਨਾ ਨੇ ਢਾਡੀ ਕਲਾ ਤੋਂ ਹਟਕੇ ਇੱਕ ਵੱਖਰੇ ਅੰਦਾਜ਼ ਵਿੱਚ ਪੰਜਾਬੀ ਗੀਤ “ਧੁੰਮਾ ਖਾਲਸਾ ਏਡ ਦੀਆਂ ਪੈਂਦੀਆਂ” ਰਾਹੀਂ ਪੰਜਾਬੀ ਗਾਇਕੀ ਦੇ ਵਿਹੜੇ ਦਸਤਕ ਦਿੱਤੀ ਸੀ, ਅਤੇ ਇਸ ਗੀਤ ਨੂੰ ਪੰਜਾਬੀਆਂ ਨੇ ਮਣਾਂ ਮੂੰਹੀ ਪਿਆਰ ਦਿੱਤਾ। ਹੁਣ ਇੱਕ ਵਾਰ ਫੇਰ ਢਾਡੀ ਰਛਪਾਲ ਸਿੰਘ ਆਪਣੇ ਗੀਤ “ਬਾਪੂ” ਰਾਹੀਂ ਚਰਚਾ ਵਿੱਚ ਹੈ।

ਇਹ ਗੀਤ ਸਿੱਖ ਅੰਪਾਇਰ ਕੰਪਨੀ ਦੁਆਰਾ ਰਲੀਜ਼ ਕੀਤਾ ਗਿਆ ਹੈ। ਇਸ ਗੀਤ ਦੇ ਬੋਲ ਹਰਦੀਪ ਸਿੰਘ ਖਹਿਰਾ ਨੇ ਬਾਕਮਾਲ ਲਿਖੇ ਨੇ। ਇਸ ਗੀਤ ਦਾ ਸੰਗੀਤ ਜੁਆਏ ਅਤੁੱਲ ਬ੍ਰਦ੍ਰਜ਼ ਨੇ ਦਿੱਤਾ ਹੈ। ਇਸ ਗੀਤ ਦੀ ਵੀਡੀਓ ਬੜੇ ਸੁਚੱਜੇ ਢੰਗ ਨਾਲ ਸਟਾਲਿਨਵੀਰ ਨੇ ਬਣਾਈ ਹੈ। ਇਸ ਗੀਤ ਨੂੰ ਢਾਡੀ ਰਛਪਾਲ ਸਿੰਘ ਨੇ ਆਪਣੇ ਪਿਤਾ ਉੱਘੇ ਢਾਡੀ, ਲੇਖਕ ਤੇ ਵਿਦਵਾਨ ਸਵ. ਸਰਦਾਰ ਬੂਟਾ ਸਿੰਘ ਖੁਸ਼ਦਿਲ ਜੀ ਨੂੰ ਸਮਰਪਿਤ ਕੀਤਾ ਹੈ।




ਇਸ ਗੀਤ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਇਨਸਾਨ ਜ਼ਿੰਦਗੀ ਵਿੱਚ ਬਾਪ ਦੀ ਉਂਗਲ ਫੜਕੇ ਜ਼ਿੰਦਗੀ ਦੀਆਂ ਪੁਲਾਘਾਂ ਪੱਟਦਾ ਹੋਇਆ ਦੁਨੀਆਦਾਰੀ ਸਿੱਖਦਾ ਹੈ, ਅਤੇ ਕਿਵੇਂ ਬਾਪ ਆਪਣਾ ਢਿੱਡ ਬੰਨ ਬੰਨਕੇ ਆਪਣੀ ਔਲਾਦ ਲਈ ਦਿਨ ਰਾਤ ਇੱਕ ਕਰਕੇ ਉਹਨਾਂ ਦੀਆਂ ਖੁਆਇਸ਼ਾਂ ਪੂਰੀਆਂ ਕਰਦਾ ਹੈ। ਬਾਪੂ ਦੇ ਇਸ ਜਹਾਨ ਤੋਂ ਤੁਰ ਜਾਣ ਬਾਅਦ ਉਸਦੀ ਦਿੱਤੀ ਸਿੱਖਿਆ ਅੱਖਾਂ ਮੂਹਰੇ ਘੁੰਮਦੀ ਹੈ। ਇਹ ਮੌਕਾ ਹੈ ਜਿਉਂਦੇ ਜੀਅ ਮਾਪਿਆਂ ਦੀ ਸੰਭਾਲ ਕਰੋ, ਨਹੀਂ ਫਿਰ ਪਛਤਾਵਾ ਪੱਲ੍ਹੇ ਰਹਿ ਜਾਂਦਾ ਹੈ।

ਢਾਡੀ ਰਛਪਾਲ ਸਿੰਘ ਨੇ ਗਾਇਕੀ ਅਤੇ ਢਾਡੀ ਕਲਾ ਦੇ ਗੁਣ ਸ. ਸੁਖਨਰੰਜਨ ਸਿੰਘ ਸੁੰਮਨ ਨੂੰ ਉਸਤਾਦ ਧਾਰਕੇ ਸਿੱਖੇ ਅਤੇ ਪੰਜਾਬੀ ਮਾਂ ਬੋਲੀ ਦੀ ਗਾਇਕੀ ਰਾਹੀਂ ਆਪਣੀ ਬੁਲੰਦ ਅਵਾਜ਼ ਨਾਲ ਸੇਵਾ ਕਰ ਰਿਹਾ ਹੈ। ਆਸ ਕਰਦੇ ਹਾਂ ਕਿ ਇਹ ਅਵਾਜ਼ ਪੰਜਾਬੀ ਗਾਇਕੀ ਦੀਆਂ ਫਿਜ਼ਵਾਂ ਵਿੱਚ ਗੂੰਜਦੀ ਬੁਲੰਦੀਆਂ ਛੂਹਦੀ ਰਹੇਗੀ।

**ਫਰਿਜ਼ਨੋ ਕੈਲੀਫੋਰਨੀਆਂ**
559-333-5776

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 7**

– ਕਰਮ ਸਿੰਘ ਜ਼ਖ਼ਮੀ

'ਇਹ ਠੀਕ ਨਹੀਂ ਹੈ।' ਗਫ਼ੂਰ ਖਾਨ ਨੇ ਰਤਾ ਕੁ ਗੁਸੇ ਦਾ ਪ੍ਰਗਟਾਵਾ ਕਰਦੇ ਹੋਏ ਆਖਿਆ।

'ਠੀਕ ਹੋਵੇ ਜਾਂ ਗਲਤ ਮੈਂ ਤਾਂ ਇਹਨਾਂ ਦੇ ਨਾਲ ਹੀ ਰਹਾਂਗੀ। ਤੁਸੀਂ ਆਪਣਾ ਪੜਿਆ ਵਿਚਾਰ ਲਓ।' ਨੂਰ ਜਹਾਨ ਨੇ ਗਫ਼ੂਰ ਖਾਨ ਨੂੰ ਉਤਰ ਦਿੱਤਾ।

ਵੇਖ ਓਏ ਗਫ਼ੂਰ ਇਸ ਹੁਸੀਨਾ ਨੂੰ ਤੂੰ ਧੋਖੇ ਨਾਲ ਅਗਵਾ ਕਰਕੇ ਲੈ ਜਾ ਰਿਹਾ ਏ, ਜਦ ਇਹ ਤੇਰੇ ਨਾਲ ਨਹੀਂ ਜਾਣਾ ਚਾਹੁੰਦੀ ਤਾਂ ਚਲਦਾ ਹੋ, ਅਸੀਂ ਆਪੇ ਹੀ ਇਸ ਨੂੰ ਜਿਥੇ ਕਹੇਗੀ ਪਹੁੰਚਾ ਦਿਆਂਗੇ।' ਮੁਰਾਦ ਖਾਨ ਨੇ ਆਖਿਆ ਤੇ ਆਪਣੀ ਤਲਵਾਰ ਮਿਆਨ ਵਿਚੋਂ ਕੱਢ ਲਈ।

'ਵੇਖੋ ਖਾਨ ਸਾਹਿਬ, ਮੈਂ ਲੜਨਾ ਨਹੀਂ ਚਾਹੁੰਦਾ, ਜੇਕਰ ਇਹ ਤੁਹਾਡੇ ਪਾਸ ਹੀ ਰਹਿਣਾ ਚਾਹੁੰਦੀ ਹੈ ਤਾਂ ਰਹੇ ਮੈਂ ਚਲਿਆ ਜਾਂਦਾ ਹਾਂ।' ਗਫ਼ੂਰ ਖਾਨ ਨੇ ਕਿਹਾ।

ਮੁਰਾਦ ਖਾਨ ਨੇ ਤਲਵਾਰ ਮਿਆਨ ਵਿਚ ਪਾ ਲਈ, ਪਰੰਤੂ ਇਸ ਦੇ ਨਾਲ ਹੀ ਉਹ ਕੰਬਲ ਤੇ ਲੁੜਕ ਗਿਆ ਮੁਮਤਾਜ਼ ਖਾਨ ਪਹਿਲਾਂ ਹੀ ਲੇਟਿਆ ਹੋਇਆ ਸੀ। ਗਫ਼ੂਰ ਖਾਨ ਤੇ ਨੂਰ ਜਹਾਨ ਇਕ ਦੂਜੇ ਵਲ ਵੇਖ ਕੇ ਮੁਸਕਰਾਏ। ਬਰਫੀ ਵਿਚ ਧਤੂਰਾ ਮਿਲਿਆ ਹੋਇਆ ਸੀ ਤੇ ਉਹ ਦੋਵੇਂ ਬੇਹੋਸ਼ ਹੋ ਚੁੱਕੇ ਸਨ।

'ਨਾਟਕ ਖਤਮ ਹੋਇਆ ਕਰਤਾਰ ਸਿੰਘ ਜੀ ਹੁਣ ਚਲੀਏ।' ਤਾਰਾ ਨੇ ਕਿਹਾ।

'ਚਲੋ ਤਾਰਾ ਜੀ।' ਕਹਿੰਦਾ ਹੋਇਆ ਕਰਤਾਰ ਸਿੰਘ ਉਠਿਆ। ਮੁਮਤਾਜ਼ ਦੇ ਪਾਸ ਪਿਆ ਕਾਗਜ਼ਾਂ ਦਾ ਪਲੰਦਾ ਚੁੱਕਿਆ। ਉਹਨਾਂ ਦੇ ਕਪੜਿਆਂ ਦੀ ਤਲਾਸ਼ੀ ਲੈ ਕੇ ਜੋ ਕੁਝ ਮਿਲਿਆ ਸੰਭਾਲ ਲਿਆ ਦੋਵੇਂ ਘੋੜੇ ਖੋਹਲੇ ਕੇ ਉਹਨਾਂ ਤੇ ਸਵਾਰ ਹੋ ਕੇ ਸਰਹੰਦ ਵਲ ਤੁਰ ਪਏ। ਉਹਨਾਂ ਦੇ ਘੋੜੇ ਹਵਾ ਨਾਲ ਗੱਲਾਂ ਕਰਦੇ ਹੋਏ ਕਿਲੇ ਵਿਚ ਦਾਖਲ ਹੋਏ ਤਾਂ ਰਾਤ ਕੋਈ ਪਹਿਰ ਭਰ ਜਾ ਚੁੱਕੀ ਸੀ ਤੇ ਸਰਦੀ ਦਾ ਜ਼ੋਰ ਵਧਦਾ ਜਾ ਰਿਹਾ ਸੀ।

(੬)

ਕਰਤਾਰ ਸਿੰਘ ਤੇ ਤਾਰਾ ਕਿਲੇ ਵਿਚ ਪੁਜ ਕੇ ਸਿੱਧੇ ਸਰਦਾਰ ਸ਼ਾਮ ਸਿੰਘ ਪਾਸ ਪੁੱਜਾ। ਉਹ ਹਾਲਾਂ ਤੱਕ ਦੀਵਾਨ ਖਾਨੇ ਵਿਚ ਬੈਠੇ ਸਲਾਹ ਮਸ਼ਵਰਾ ਕਰ ਰਹੇ ਸਨ।

ਦੋਵੇਂ ਦੋਹਾਂ ਸਰਦਾਰਾਂ ਦੇ ਗੋਡਿਆਂ ਨੂੰ ਹੱਥ ਲਾ ਕੇ ਤੇ ਗੁਰ ਫਤਹਿ ਬੁਲਾ ਕੇ ਉਹਨਾਂ ਦੇ ਸਾਹਮਣੇ ਬੈਠ ਗਏ ਤੇ ਕਾਗਜ਼ਾਂ ਦਾ ਉਹ ਪੁਲੰਦਾ ਉਹਨਾਂ ਦੇ ਸਾਹਮਣੇ ਰੱਖ ਦਿੱਤਾ ਜੋ ਉਹ ਲੁਟ ਕੇ ਲੈ ਆਏ ਸਨ।

ਤਾਰਾ ਨੇ ਕਿਹਾ—"ਪਿਤਾ ਜੀ ਪਹਿਲਾ ਸ਼ਾਹਬਾਦ, ਮੁਸਤਫਾਬਾਦ ਤੇ ਸਢੋਰੇ 'ਤੇ ਹਮਲਾ ਹੋਵੇਗਾ। ਇਸ ਹਮਲੇ ਦੀ ਕਮਾਨ ਫਿਰੋਜ਼ਖਾਨ ਮੁਵਾਤੀ ਕਰ ਰਹੇ ਹਨ।"

ਧੀਏ ਠੀਕ ਹੈ, ਇਹ ਭੀ ਇਕ ਪ੍ਰੀਖਿਆ ਹੈ ਕਲਗੀਆਂ ਵਾਲਾ ਸਤਿਗੁਰੂ ਜ਼ਰੂਰ ਇਸ ਵਿਚੋਂ ਭੀ ਆਪਣੇ ਪੰਥ ਨੂੰ ਚੜਦੀਆਂ ਕਲਾਂ ਬਖਸ਼ੇਗਾ ਸੋਨਾ ਭੱਠੀ ਵਿਚ ਪੈ ਕੇ ਹੀ ਕੁੰਦਨ ਬਣਦਾ ਹੈ, ਸਿੱਖ ਸ਼ਹੀਦੀਆਂ ਤੋਂ ਨਹੀਂ ਡਰਦੇ।" ਸਰਦਾਰ ਸੁੱਖਾ ਸਿੰਘ ਦੇ ਬੋਲ ਚੜਦੀਆਂ ਕਲਾਂ ਦੇ ਸੂਚਕ ਸਨ।

"ਅਸਾਨੂੰ ਇਸ ਪਹਿਲੀ ਟੱਕਰ ਵਿਚ ਕੁਝ ਧੰਨ ਭੀ ਲੱਭ ਲਗਿਆ ਹੈ ਤੇ ਉਹ ਹਾਲਾਂ ਘੋੜਿਆਂ ਦੀ ਖੁਰਜੀਆਂ ਵਿਚ ਹੀ ਹੈ। ਘੋੜੇ ਸੇਵਾਦਰ ਲੈ ਗਏ ਹਨ। ਉਹਨਾਂ ਨੂੰ ਕਿਹਾ ਸੀ ਕਿ ਜੋ ਕੁਝ ਹੈ। ਉਹ ਏਥੇ ਤੁਹਾਡੇ ਪਾਸ ਲੈ ਆਉਣ।" ਕਰਤਾਰ ਸਿੰਘ ਨੇ ਦੱਸਿਆ।

ਇਹ ਗੱਲਾਂ ਹਾਲਾਂ ਹੋ ਹੀ ਰਹੀਆਂ ਸਨ ਕਿ ਦੋ ਸੇਵਾਦਾਰ ਚਾਰ ਥੈਲੀਆਂ ਚੁੱਕ ਅੰਦਰ ਆਏ ਤੇ ਉਹ ਉਹਨਾਂ ਨੇ ਦੋਹਾਂ ਸਰਦਾਰਾਂ ਦੇ ਸਾਹਮਣੇ ਰੱਖ ਦਿੱਤੀਆਂ। ਇਹ ਸਾਰੀਆਂ ਥੈਲੀਆਂ ਬੰਦ ਕਰਕੇ ਇਹਨਾਂ ਤੇ ਲਾਖ ਉਤੇ ਸ਼ਾਹੀ ਖਜਾਨੇ ਦੀਆਂ ਮੋਹਰਾਂ ਲੱਗੀਆਂ ਹੋਈਆਂ ਸਨ। ਉਪਰ ਪਰਚੀਆਂ ਤੇ ਰਕਮਾਂ ਵੀ ਲਿਖੀਆਂ ਹੋਈਆਂ ਸਨ। ਕੁਲ ਮਿਲਾ ਕੇ ਚਹੁੰਆਂ ਹੀ ਥੈਲੀਆਂ ਵਿਚ ਕੋਈ ਇਕ ਲੱਖ ਸੋਨੇ ਦੀਆਂ ਮੋਹਰਾਂ ਸਨ।

"ਸ਼ਾਬਾਸ਼ ਬੱਚਿਓ, ਵੈਰੀ ਦਾ ਇਕ ਬਹੁਤ ਵੱਡਾ ਹਥਿਆਰ ਖੋਹ ਲਿਆਏ ਹੋ, ਇਹ ਧੰਨ ਅਸਾਡੇ ਵਿਰੁਧ ਜੰਗ ਵਿਚ ਹੀ ਵਰਤਿਆ ਜਾਣਾ ਸੀ।" ਸਰਦਾਰ ਸ਼ਾਮ ਸਿੰਘ ਨੇ ਦੋਹਾਂ ਦੀਆਂ ਪਿੱਠਾਂ 'ਤੇ ਥਾਪੀ ਦੇਂਦੇ ਹੋਏ ਕਿਹਾ, ਉਹ ਉਹਨਾਂ ਦੀ ਵਓਧ ਤੋਂ ਵਧ ਹੌਂਸਲਾ ਅਫਜ਼ਾਈ ਕਰਨਾ ਚਾਹੁੰਦੇ ਹਨ।

"ਇਹ ਸਭ ਤੁਹਾਡੇ ਅਸ਼ੀਰਵਾਦ ਅਤੇ ਦਸ਼ਮੇਸ਼ ਪਿਤਾ ਦੀਆਂ ਮੇਹਰਾਂ ਦਾ ਹੀ ਸਦਕਾ ਹੈ ਪਿਤਾ ਜੀ।" ਤਾਰਾ ਨੇ ਕਿਹਾ।

"ਰਾਤ ਬਹੁਤ ਚਲੀ ਗਈ ਹੈ, ਹੁਣ ਤੁਸੀਂ ਆਪਣੇ ਕਮਰੇ ਵਿਚ ਜਾ ਕੇ ਆਰਾਮ ਕਰੋ। ਤੁਹਾਡਾ ਖਾਣਾ ਤੁਹਾਡੀ ਉਥੇ ਹੀ ਉਡੀਕ ਕਰ ਰਿਹਾ ਹੈ।" ਸਰਦਾਰ ਸੁੱਖਾ ਸਿੰਘ ਨੇ ਕਿਹਾ ਅਸੀਂ ਤੁਹਾਡੇ ਲਿਆਏ ਕਾਗਜ਼ ਪਤਰ ਆਪੇ ਹੀ ਪੜਤਾਲ ਲੈਂਦੇ ਹਾਂ।'




'ਸਤਿ ਬਚਨ' ਕਹਿੰਦੇ ਹੋਏ ਉਹ ਦੋਵੇਂ ਉਠ ਖੜੇ ਹੋਏ। ਦੋਹਾਂ ਸਰਦਾਰਾਂ ਦੇ ਗੋਡਿਆਂ ਨੂੰ ਹੱਥ ਲਾ ਕੇ ਉਹਨਾਂ ਨੇ ਇਕ ਵਾਰ ਫੇਰ ਉਹਨਾਂ ਨੂੰ ਫਤਹਿ ਬੁਲਾਈ ਤੇ ਬਾਹਰ ਨਿਕਲ ਕੇ ਆਪਣੇ ਕਮਰੇ ਵਿਚ ਪੁੱਜ ਗਏ। ਉਹਨਾਂ ਦੇ ਕਮਰ ੇਵਿਚ ਦੋਹਾਂ ਮੰਜਿਆਂ ਤੇ ਦੋ ਨਵੇਂ ਨਕੋਰ ਬਿਸਤਰੇ ਲੱਗੇ ਸਨ, ਦੋਨਾਂ ਦੇ ਵਿਚਕਾਰ ਇਕ ਚੌਂਕੀ ਪਈ ਸੀ।

ਜਿਸ 'ਤੇ ਖਾਨੇ ਦੇ ਦੋ ਥਾਲ ਤੇ ਪਾਣੀ ਦੇ ਇਕ ਗੜਵੇ ਦੇ ਨਾਲ ਦੋ ਗਿਲਾਸ ਭੀ ਪਏ ਸਨ, ਉਹ ਆਪਣੇ ਮੰਜਿਆਂ 'ਤੇ ਬੈਠ ਗਏ। ਤਾਰਾ ਨੇ ਹੱਥ ਵਧਾਕੇ ਵੇਖਿਆ ਰੋਟੀਆਂ ਦਾਲ ਤੇ ਸਬਜ਼ੀ ਸਭ ਕੁਝ ਹਾਲਾਂ ਗਰਮ ਸੀ। ਨਾਲ ਹੀ ਅੰਬ ਦਾ ਅਚਾਰ ਤੇ ਪਿਆਜ਼ ਚੀਰ ਕੇ ਰਖਿਆ ਹੋਇਆ ਸੀ। ਉਸ ਨੇ ਕਰਤਾਰ ਸਿੰਘ ਵਲ ਵੇਖਿਆ। ਥੋੜਾ ਜਿਹਾ ਮੁਸਕਰਾਈ ਤੇ ਫੇਰ ਬੋਲੀ—ਏਥੇ ਬੜੀਆਂ ਖਾਤਰਾਂ ਹੋ ਰਹੀਆਂ ਹਨ ਤੁਹਾਡੀਆਂ।"

"ਮੇਰੀਆਂ ਨਹੀਂ ਤੁਹਾਡੀਆਂ, ਮੈਂ ਤਾਂ ਜਿਤਨੇ ਦਿਨ ਤੁਸੀਂ ਨਹੀਂ ਆਏ ਲੰਗਰ ਵਿਚ ਜਾ ਕੇ ਰੋਟੀ ਖਾਂਦਾ ਰਿਹਾ ਹਾਂ।" ਕਰਤਾਰ ਸਿੰਘ ਨੇ ਦਸਿਆ।

'ਮੇਰੀਆਂ ਕਿਉਂ?' ਉਹਦੀਆਂ ਅੱਖਾਂ ਵਿਚ ਅੱਖਾਂ ਪਾਉਂਦੇ ਹੋਏ ਤਾਰਾ ਨੇ ਪੁਛਿਆ।

ਹਾਲਾਂ ਉਹਨਾਂ ਨੇ ਖਾਣਾ ਨਹੀਂ ਸੀ ਸ਼ੁਰੂ ਕੀਤਾ ਕਿ ਇਕ ਮੁਟਿਆਰ ਅੰਦਰ ਆਈ। ਉਸਦੇ ਹੱਥ ਵਿਚ ਗਰਮ ਗਰਮ ਫੁਲਕੇ ਫੜੇ ਹੋਏ ਸਨ। ਉਸ ਨੇ ਆਉਂਦੇ ਹੀ ਕਿਹਾ—"ਹਾਲਾਂ ਤੁਸੀਂ ਰੋਟੀ ਖਾਣੀ ਨਹੀਂ ਸ਼ੁਰੂ ਕੀਤੀ?"

"ਭੈਣ ਜੀ ਬੈਠੋ, ਅਸੀਂ ਹਾਲਾਂ ਸਰਦਾਰਾਂ ਪਾਸੋਂ ਆ ਹੀ ਰਹੇ ਹਾਂ, ਤੁਸੀਂ ਇਤਨੀ ਖੇਚਲ ਕਿਉਂ ਕਰ ਰਹੇ ਹੋ।" ਕਰਤਾਰ ਸਿੰਘ ਨੇ ਆਖਿਆ।

"ਖੇਚਲ ਦੀ ਗੱਲ ਨਹੀਂ ਵੀਰਾ, ਤੁਸੀਂ ਪੰਥ ਦੀ ਬੜੀ ਸੇਵਾ ਕਰ ਰਹੇ ਹੋ ਸਰਦਾਰ ਬਾਜ ਸਿੰਘ ਮਾਝੇ ਨੂੰ ਜਾਂਦੇ ਹੋਏ, ਇਹ ਫਰਜ਼ ਮੇਰੇ ਜ਼ੁੰਮੇ ਲਾ ਗਏ ਹਨ ਕਿ ਤੁਹਾਡੇ ਰੋਟੀ ਟੁਕ ਦਾ ਖਿਆਲ ਰੱਖਾਂ ਮੇਰਾ ਨਾਮ ਪਰੇਮ ਕੌਰ ਹੈ ਮੇਰਾ ਪਤੀ ਹਰਨਾਮ ਸਿੰਘ ਲੰਗਰ ਦਾ ਜਥੇਦਾਰ ਹੈ।' ਕਹਿੰਦੀ ਹੋਈ ਉਹ ਤਾਰਾ ਦੇ ਨਾਲ ਮੰਜੇ 'ਤੇ ਬੈਠ ਗਈ ਤੇ ਬੋਲੀ ਤੁਸੀਂ ਖਾਓ ਨਾ ਰਾਤ ਕਿਤਨੀ ਚਲੀ ਗਈ ਹੈ, ਥੱਕੇ ਆਏ ਹੋ ਸੌਣਾ ਭੀ ਤਾਂ ਹੈ।

ਦੋਹਾਂ ਨੇ ਰੋਟੀ ਖਾਣੀ ਸ਼ੁਰੂ ਕਰ ਦਿੱਤੀ।

"ਕਿਉਂ ਵੀਰ ਜੀ ਸੁਣਿਆ ਹੈ ਮੁਗਲ ਫੇਰ ਹਮਲਾ ਕਰਨ ਵਾਲੇ ਹਨ?" ਪਰੇਮ ਕੌਰ ਨੇ ਪੁਛਿਆ।

"ਫੇਰ ਕੀ ਹੋਇਆ ਭੈਣ ਜੀ ਕਰ ਵੇਖਣ ਅਸੀਂ ਸਿੰਘਾਂ ਭੀ ਤਾਂ ਤਹੱਈਆ ਕਰ ਰਖਿਆ ਹੈ ਕਿ ਉਹਨਾਂ ਦੇ ਰਾਜ ਦੀਆਂ ਜੜਾਂ ਪੁੱਟ ਕੇ ਖਾਰੇ ਸਾਗਰ ਵਿਚ ਸੁੱਟ ਕੇ ਦਮ ਲੈਣਗੇ।" ਤਾਰਾ ਨੇ ਉਸ ਦੀ ਗੱਲ ਦਾ ਉਤਰ ਦਿੱਤਾ।

"ਤੁਹਾਡੀ ਸਾਰੇ ਕਿਲੇ ਵਿਚ ਬੜੀ ਪ੍ਰਸ਼ੰਸਾ ਹੋ ਰਹੀ ਹੈ।" ਪਰੇਮ ਕੌਰ ਨੇ ਕਿਹਾ।

"ਕਿਉਂ ਕਾਹਦੇ ਲਈ, ਅਸੀਂ ਤਾਂ ਹਾਲਾਂ ਕੋਈ ਭੀ ਸੇਵਾ ਨਹੀਂ ਕਰ ਸਕੇ।" ਤਾਰਾ ਨੇ ਹੀ ਉਸ ਦੀ ਗੱਲ ਦਾ ਉਤਰ ਦਿੱਤਾ।

"ਅੱਜ ਸਰਦਾਰ ਸ਼ਾਮ ਸਿੰਘ ਆਖਦੇ ਆਏ ਸਨ ਕਿ ਤਾਰਾ ਇਕ ਬਹੁਤ ਵੱਡੇ ਘਰਾਣੇ ਦੀ ਕੁੜੀ ਹੈ ਤੇ ਕਰਤਾਰ ਸਿੰਘ ਨਾਲ ਇਸ ਦਾ ਵਿਆਹ ਕੀਤਾ ਜਾਵੇਗਾ।

ਸੱਚ ਕਹਿੰਦੀ ਹਾਂ ਕਿ ਤੁਹਾਡੀ ਜਿਹੀ ਸੋਹਣੀ ਜੋੜੀ ਮੈਂ ਇਸ ਤੋਂ ਪਹਿਲਾਂ ਕਦੇ ਕਿਤੇ ਭੀ ਨਹੀਂ ਵੇਖੀ।" ਪਰੇਮ ਕੌਰ ਨੇ ਕਿਹਾ। ਤਾਰਾ ਦੇ ਮੂੰਹ ਤੇ ਹਯਾ ਦੀ ਲਾਲੀ ਫਿਰ ਗਈ। ਉਹਨੇ ਸ਼ਰਮਾ ਕੇ ਆਪਣੀਆਂ ਅੱਖਾਂ ਨੀਵੀਆਂ ਪਾ ਲਈਆਂ।

"ਨਹੀਂ ਭੈਣ ਜੀ ਇਸ ਤਰਾਂ ਦੀ ਹਾਲਾਂ ਕੋਈ ਗੱਲ ਨਹੀਂ, ਮੁੜ ਜੰਗ ਦੇ ਭਾਂਬੜ ਬਲਣ ਲੱਗੇ ਹਨ, ਇਹਨਾਂ ਵਿਚ ਤਾਂ ਪੰਥ ਦੀ ਸੇਵਾ ਕਰਨ ਤੋਂ ਬਿਨਾਂ ਕੋਈ ਹੋਰ ਗਲ ਸੋਚਣੀ ਭੀ ਨਹੀਂ ਚਾਹੀਦੀ—ਵਿਆਹ ਦੇ ਭਲਾ ਇਹ ਕਿਹੜੇ ਦਿਨ ਹਨ।' ਕਰਤਾਰ ਸਿੰਘ ਨੇ ਆਖਿਆ।

"ਇਉਂ ਨਾ ਆਖੋ ਵੀਰ ਕਲਗੀਆਂ ਵਾਲੇ ਨੇ ਬੜਾ ਸੋਹਣਾ ਮੇਲ ਮਿਲਾਇਆ ਹੈ, ਇਹ ਕਾਰਜ ਹੋ ਹੀ ਜਾਣਾ ਚਾਹੀਦਾ ਹੈ।" ਪਰੇਮ ਕੌਰ ਨੇ ਕਿਹਾ।

"ਇਹ ਨਹੀਂ ਮੰਨਦੀ।" ਕਰਤਾਰ ਸਿੰਘ ਨੇ ਤਾਰਾ ਵਲ ਇਸ਼ਾਰਾ ਕਰਦੇ ਹੋਏ ਕਿਹਾ। ਪਰੇਮ ਕੌਰ ਹੱਸ ਪਈ। ਉਸ ਨੇ ਕਿਹਾ—ਵੀਰਾ ਇਸ ਨੂੰ ਇਸ ਤਰਾਂ ਕਿਉਂ ਆਖਦਾ ਏਂ, ਜੇਕਰ ਇਹ ਨਾ ਚਾਹੁੰਦੀ ਹੁੰਦੀ ਤਾਂ ਦਿੱਲੀ ਤੋਂ ਤੁਰਕੇ ਏਥੇ ਕਿਉਂ ਆਉਂਦੀ।"

"ਏਹੋ ਹੀ ਬੜੇ ਉਹ ਹਨ।" ਹੌਲੀ ਜਿਹੀ ਤਾਰਾ ਨੇ ਆਖਿਆ—"ਪਤਾ ਨਹੀਂ ਕਿਤਨੇ ਦਿਨ ਦੀ ਜ਼ਿੰਦਗੀ ਹੈ।

"ਭਲਾ ਤਾਰਾ ਜੀ ਮੈਂ ਵਿਆਹ ਕਰਕੇ ਤੁਹਾਨੂੰ ਧੋਖਾ ਕਿਉਂ ਦਿਆਂ?"

"ਇਸ ਤਰਾਂ ਦੀਆਂ ਗੱਲਾਂ ਨਾ ਕਰੋ, ਇਹਨਾਂ ਤੋਂ ਮੈਨੂੰ ਇਉਂ ਲੱਗਦਾ ਹੈ ਕਿ ਤੁਸੀਂ ਮੈਨੂੰ ਉੱਕਾ ਹੀ ਪਿਆਰ ਨਹੀਂ ਕਰਦੇ।" ਤਾਰਾ ਨੇ ਲੰਮੀ ਪਈ ਹੀ ਕਿਹਾ।

"ਪਿਆਰ ਮੈਂ ਤੁਹਾਨੂੰ ਨਹੀਂ ਕਰਦਾ। ਇਹ ਤੁਹਾਨੂੰ ਕਿਸ ਨੇ ਦੱਸਿਆ ਹੈ?" ਕਰਤਾਰ ਸਿੰਘ ਨੇ ਉਹ ਦਾ ਹੱਥ ਆਪਣੇ ਹੱਥ ਵਿਚ ਲੈ ਕੇ ਉਸ ਨੂੰ ਆਪਣੇ ਵਲ ਖਿਚਦੇ ਹੋਏ ਕਿਹਾ। ਉਹ ਚੁਪ ਚਾਪ ਉਠ ਕੇ ਉਸ ਦੇ ਮੰਜੇ 'ਤੇ ਚਲੀ ਗਈ। ਦੋਹਾਂ ਦੇ ਦਿਲਾਂ ਦੀ ਹਰਕਤ ਇਸ ਸਮੇਂ ਤੇਜ਼ ਸੀ, ਉਹ ਧੱਕ ਧੱਕ ਕਰਕੇ ਵਜ ਰਹੇ ਸਨ, , ਪਰੂੰ ਗੱਲ ਇਸ ਤੋਂ ਅੱਗੇ ਨਾ ਵਧੀ। ਤਾਰਾ ਨੇ ਕਰਤਾਰ ਸਿੰਘ ਤੋਂ ਆਪਣੀ ਬਾਂਹ ਛੁਡਾਈ ਤੇ ਉਠ ਕੇ ਆਪਣੇ ਮੰਜੇ 'ਤੇ ਵਾਪਸ ਆ ਗਈ। ਉਸ ਨੇ ਕਿਹਾ—ਅਸਾਨੂੰ ਕੋਈ ਭੀ ਗਲ ਅਜੇਹੀ ਨਹੀਂ ਕਰਨੀ ਚਾਹੀਦੀ ਕਿ ਜਿਸ ਦੀ ਧਰਮ 'ਤੇ ਸਮਾਜ ਆਗਿਆ ਨਹੀਂ ਦਿੰਦਾ।"

"ਮੈਂ ਭੀ ਤਾਂ ਇਹੋ ਹੀ ਕਹਿ ਰਿਹਾ ਹਾਂ ਕਿ ਜੰਗ ਵਿਚ ਵਿਆਹ ਦੀ ਗੱਲ ਨਹੀਂ ਛਿੜਨੀ ਚਾਹੀਦੀ—ਸੱਚਮੁਚ ਹੀ ਸਮਾਜ ਤੇ ਧਰਮ ਦੇ ਅਸੂਲਾਂ ਦੀ ਪਾਲਣਾ ਹੋਣੀ ਹੀ ਚਾਹੀਦੀ ਹੈ।" ਕਰਤਾਰ ਸਿੰਘ ਨੇ ਕਿਹਾ।

ਮੈਂ ਇਹ ਗੱਲ ਨਹੀਂ ਮੰਨਦੀ ਕਿ ਇਸ ਸਮੇਂ ਵਿਆਹ ਨਹੀਂ ਹੋਣਾ ਚਾਹੀਦਾ। ਜੇਕਰ ਸਰਦਾਰ ਕਹਿਣਗੇ ਤਦ ਮੈਂ ਤਾਂ ਇਨਕਾਰ ਨਹੀਂ ਕਰਾਂਗੀ ਤੇ ਤੁਹਾਨੂੰ ਭੀ ਨਹੀਂ ਕਰਨ ਦਿਆਂਗੀ। ਇਕੱਠੇ ਰਹਿਣ ਲਈ ਮੈਂ ਤਾਂ ਇਹ ਜ਼ਰੂਰੀ ਸਮਝਦੀ ਹਾਂ। ਬਾਕੀ ਇਕਠਿਆਂ ਜੀਉਣ ਤੇ ਇਕਠਿਆਂ ਮਰਨ ਦਾ ਆਪਣਾ ਪ੍ਰਣ ਤਾਂ ਹੈ ਈ।"

ਤਾਰਾ ਬੜੀ ਸਿਆਣਪ ਨਾਲ ਆਪਣੇ ਜਜ਼ਬੇ ਦਾ ਪ੍ਰਗਟਾਵਾ ਕਰ ਰਹੀ ਸੀ, ਇਸ ਸਮੇਂ ਉਹ ਦੋਵੇਂ ਹੀ ਬੇਹੱਦ ਗੰਭੀਰ ਸਨ।

"ਚਲੋ ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇਗਾ, ਹੋ ਜਾਵੇਗਾ। ਕਲ ਭਲਾ ਆਪਾਂ ਕੀ ਕਰਨਾ ਹੈ?" ਕਰਤਾਰ ਸਿੰਘ ਨੇ ਗਲ ਦਾ ਰੁਖ ਬਦਲਣ ਲਈ ਇਹ ਨਵੀਂ ਗੱਲ ਕਹਿ ਦਿੱਤੀ।

"ਅੱਜ ਦੀ ਸਫਲਤਾ ਨਾਲ ਮੇਰਾ ਹੌਂਸਲਾ ਵਧ ਗਿਆ ਹੈ। ਕੱਲ ਭੀ ਇਸੇ ਤਰਾਂ ਕੋਈ ਸ਼ਿਕਾਰ ਮਾਰਨ ਲਈ ਨਿਕਲਾਂਗੇ।"

ਤਾਰਾ ਨੇ ਕਿਹਾ ਉਸ ਦੇ ਬੁਲਾਂ ਤੇ ਇਸ ਸਮੇਂ ਇਕ ਜੇਤੂ ਮੁਸਕਰਾਹਟ ਸੀ।

ਸਰੋਂ ਦੇ ਤੇਲ ਦੇ ਦੀਵੇ ਦੀ ਨਿੰਮੀ ਨਿੰਮੀ ਰੌਸ਼ਨੀ ਵਿਚ ਉਸਦਾ ਗੋਰਾ ਗੁਲਾਬੀ ਰੰਗ ਹੋਰ ਚਮਕ ਰਿਹਾ ਸੀ। ਉਹ ਪਹਿਲਾਂ ਨਾਲੋਂ ਭੀ ਵਧੇਰੇ ਹੁਸੀਨ ਨਜ਼ਰ ਆ ਰਹੀ ਸੀ।

"ਮੈਂ ਕਹਿੰਦਾ ਹਾਂ ਕਿ ਤੁਹਾਨੂੰ ਕਿਤੇ ਨਜ਼ਰ ਹੀ ਨਾ ਲੱਗ ਜਾਵੇ।" ਕਰਤਾਰ ਸਿੰਘ ਨੇ ਆਖਿਆ।

"ਤਾਰਾ ਨੇ ਫੇਰ ਨੀਵੀਂ ਪਾਈ। ਉਸ ਨੇ ਕਿਹਾ—ਮੈਂ ਤਾਂ ਸਗੋਂ ਇਹ ਸੋਚਦੀ ਹਾਂ ਕਿ ਤੁਹਾਨੂੰ ਕਿਤੇ ਮੇਰੀ ਨਜ਼ਰ ਨਾ ਲਗ ਜਾਵੇ। ਪਿਤਾ ਜੀ ਆਖਿਆ ਕਰਦੇ ਸਨ ਕਿ ਤੁਸੀਂ ਮੈਥੋਂ ਵਧੇਰੇ ਸੋਹਣੇ ਹੋ।" ਤਾਰਾ ਨੇ ਕਿਹਾ।

"ਉਹ ਪਤਾ ਨਹੀਂ ਕਿਸ ਹਾਲਤ ਵਿਚ ਹੋਣ, ਮੈਨੂੰ ਤਾਂ ਉਹਨਾਂ ਬਾਰੇ ਚਿੰਤਾ ਹੋ ਰਹੀ ਹੈ।" ਕਰਤਾਰ ਸਿੰਘ ਨੇ ਕਿਹਾ।

"ਨਹੀਂ ਉਹਨਾਂ ਲਈ ਚਿੰਤਾ ਵਾਲੀ ਕੋਈ ਗੱਲ ਨਹੀਂ, ਬਾਦਸ਼ਾਹ ਉਹਨਾਂ 'ਤੇ ਬਹੁਤ ਭਰੋਸਾ ਕਰਦਾ ਹੈ ਤੇ ਵਜ਼ੀਰ ਮਿਰਜਾ ਖਾਨ ਭੀ ਨਾਲੋਂ ਉਹ ਕਹਿੰਦੇ ਸਨ ਕਿ ਹਾਲਤ ਵਿਗੜਦੀ ਦਿਸੀ ਤਾ ਉਹ ਭੀ ਸਰਹੰਦ ਆ ਜਾਣਗੇ।" ਤਾਰਾ ਨੇ ਕਿਹਾ।

(ਚਲਦਾ...)

# ਪੀਲੀਭੀਤ ਫ਼ਰਜ਼ੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰ ਕਾਨੂੰਨੀ ਲੜਾਈ ਜਿੱਤ ਕੇ ਵੀ ਮਾਯੂਸ

**✪ ਸ਼ਹੀਦ ਹੋਏ ਸਿੱਖ ਨੌਜਵਾਨਾਂ ਦੇ ਪਰਿਵਾਰ ਹੰਢਾ ਰਹੇ ਹਨ ਗੁਰਬਤ ਵਾਲੀ ਜ਼ਿੰਦਗੀ ✪ ਤਰਨਤਾਰਨ, ਬਟਾਲਾ ਆਦਿ ਵਿਖੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵਲੋਂ ਲੱਖਾਂ ਰੁਪਏ ਅਤੇ ਇਕ ਪਰਿਵਾਰਕ ਮੈਂਬਰ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਪਰ ਤਖ਼ਤ ਹਜ਼ੂਰ ਸਾਹਿਬ ਦੇ ਦਰਸ਼ਨ ਕਰ ਕੇ ਆ ਰਹੇ 10 ਬੇਕਸੂਰ ਸ਼ਰਧਾਲੂਆਂ ਨੂੰ ਕਤਲ ਕਰਨ ਉਪਰੰਤ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਪੀੜਤ ਪਰਿਵਾਰਾਂ ਦੀ ਸਾਰ ਨਾ ਲਈ**

**ਪਰਗਟ ਸਿੰਘ/ਜੰਡਿਆਲਾ ਗੁਰੂ:** 29 ਸਾਲ ਪਹਿਲਾਂ ਪੀਲੀਭੀਤ ਵਿਖੇ ਹੋਏ ਫਰਜ਼ੀ ਪੁਲਿਸ ਮੁਕਾਬਲੇ ਵਿਚ ਮਾਰੇ ਗਏ 10 ਸਿੱਖਾਂ ਦੇ ਪਰਿਵਾਰਕ ਮੈਂਬਰ 25 ਸਾਲ ਲੰਬੀ ਲੜਾਈ ਵਿਚ ਜਿੱਤ ਪ੍ਰਾਪਤ ਕਰਨ ਉਪਰੰਤ ਵੀ ਸਰਕਾਰਾਂ ਵਲੋਂ ਮਿਲੀ ਨਿਰਾਸ਼ਾ ਕਰ ਕੇ ਮਾਯੂਸੀ ਦੇ ਆਲਮ ਵਿਚ ਬੈਠੇ ਹਨ। ਉੱਤਰ ਪ੍ਰਦੇਸ਼ ਦੀ ਪੁਲਿਸ ਵਲੋਂ 1991 ਵਿਚ ਕੀਤੀ ਗਈ ਇਸ ਕਾਰਵਾਈ ਦੀ ਚਸ਼ਮਦੀਦ ਗਵਾਹ ਤੇ ਮਾਰੇ ਗਏ ਨੌਜਵਾਨ ਹਰਮਿੰਦਰ ਸਿੰਘ ਮਿੰਟਾ ਦੀ ਪਤਨੀ ਸਵਰਨਜੀਤ ਕੌਰ ਨੇ ਪ੍ਰੈੱਸ ਨੂੰ ਦੱਸਿਆ ਕਿ 1991 ਵਿਚ ਉਹ ਆਪਣੇ ਵਿਆਹ ਦੇ 6 ਮਹੀਨਿਆਂ ਬਾਅਦ ਸਿੱਖ ਸ਼ਰਧਾਲੂਆਂ ਨਾਲ ਇਕ ਬੱਸ ਰਾਹੀਂ ਤਖਤ ਹਜ਼ੂਰ ਸਾਹਿਬ ਦੀ ਯਾਤਰਾ ਕਰ ਕੇ ਵਾਪਸ ਪਰਤ ਰਹੇ ਸਨ ਕਿ ਗੁਰਦੁਆਰਾ ਬੰਦੀਛੋੜ ਸਾਹਿਬ ਗਵਾਲੀਅਰ ਤੋਂ ਜਦੋਂ ਉਹ ਚੱਲੇ ਤਾਂ ਉਨਾਂ ਦੀ ਬੱਸ ਨੂੰ ਯੂ.ਪੀ. ਪੁਲਿਸ ਨੇ ਕਚਲਾ ਘਾਟ ਨਜ਼ਦੀਕ ਰੋਕ ਲਿਆ ਅਤੇ ਬੱਸ ਵਿਚ ਸਵਾਰ 25 ਦੇ ਕਰੀਬ ਬਜ਼ੁਰਗ, ਬੱਚੇ, ਔਰਤਾਂ ਅਤੇ ਮਰਦਾਂ ਵਿਚੋਂ ਮੇਰੇ ਪਤੀ ਹਰਮਿੰਦਰ ਸਿੰਘ ਸਮੇਤ 10 ਵਿਅਕਤੀਆਂ ਕਰਤਾਰ ਸਿੰਘ, ਜਸਵੰਤ ਸਿੰਘ, ਸੁਖਵਿੰਦਰ ਸਿੰਘ ਸਾਰੇ ਵਾਸੀ ਰਾਊਵਾਲ, ਬਲਜੀਤ ਸਿੰਘ ਅਤੇ ਜਸਵੰਤ ਸਿੰਘ ਜੱਸਾ ਵਾਸੀ ਅਰਜਨਪੁਰ, ਸੁਰਜਨ ਸਿੰਘ ਵਾਸੀ ਮਾਨੇਪੁਰ, ਰਣਧੀਰ ਸਿੰਘ ਵਾਸੀ ਮੀਰਕਚਾਣਾ ਲਖਵਿੰਦਰ ਸਿੰਘ ਅਤੇ ਤਲਵਿੰਦਰ ਸਿੰਘ ਵਾਸੀ ਪੀਲੀਭੀਤ ਨੂੰ ਉਤਾਰ ਲਿਆ, ਜਿਨਾਂ ਨੂੰ ਪੁਲਿਸ ਨੇ ਰਾਤ ਵੇਲੇ ਤਿੰਨ ਵੱਖ-ਵੱਖ ਫਰਜ਼ੀ ਮੁਕਾਬਲਿਆਂ ਵਿਚ ਮਾਰ ਦਿੱਤਾ।

ਇਸ ਸਬੰਧੀ ਹਰਮਿੰਦਰ ਸਿੰਘ ਮਿੰਟਾ ਦੇ ਪਿਤਾ ਅਜੀਤ ਸਿੰਘ ਕਾਹਲੋਂ ਵਾਸੀ ਸਤਕੋਹਾ ਨੇ ਦੱਸਿਆ ਕਿ ਉਨਾਂ ਤੇ ਉਕਤ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਵਲੋਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕਾਨੂੰਨੀ ਲੜਾਈ ਲੜੀ ਗਈ, ਜਿਸ ਵਿਚ ਸੀ.ਬੀ.ਆਈ. ਵਲੋਂ ਵੀ ਜਾਂਚ ਕੀਤੀ ਗਈ ਅਤੇ 2016 ਵਿਚ 25 ਸਾਲ ਬਾਅਦ ਫ਼ਰਜ਼ੀ ਮੁਕਾਬਲੇ ਨਾਲ ਸਬੰਧਿਤ 47 ਪੁਲਿਸ ਕਰਮਚਾਰੀਆਂ ਨੂੰ ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਪਰ ਸਾਡੇ ਪਰਿਵਾਰਾਂ ਨੂੰ ਜੋ ਘਾਟਾ ਪਿਆ, ਉਹ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕੇਗਾ, ਕਿਉਂਕਿ ਸਾਡੇ ਕਮਾਉਣ ਵਾਲਿਆਂ ਨੂੰ ਪੁਲਿਸ ਵਲੋਂ ਮਾਰ ਦਿੱਤੇ ਜਾਣ ਉਪਰੰਤ ਪਰਿਵਾਰਾਂ ਨੂੰ ਗੁਰਬਤ ਭਰੀ ਜ਼ਿੰਦਗੀ ਬਿਤਾਉਣੀ ਪੈ ਰਹੀ ਹੈ। ਉਨਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਪਿਛਲੇ ਦਿਨੀਂ ਤਰਨਤਾਰਨ, ਬਟਾਲਾ ਆਦਿ ਵਿਖੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਪੰਜਾਬ ਸਰਕਾਰ ਵਲੋਂ ਲੱਖਾਂ ਰੁਪਏ ਅਤੇ ਇਕ ਪਰਿਵਾਰਕ ਮੈਂਬਰ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਗਿਆ, ਜਦੋਂ ਕਿ ਪੁਲਿਸ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਮੇਤ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰ ਕੇ ਆ ਰਹੇ 10 ਬੇਕਸੂਰਾਂ ਨੂੰ ਮਾਰਨ ਉਪਰੰਤ ਨਾ ਤਾਂ ਕਿਸੇ ਵੀ ਕੇਂਦਰ ਤੇ ਨਾ ਹੀ ਕਿਸੇ ਰਾਜ ਸਰਕਾਰ ਵਲੋਂ ਪੀੜਤ ਪਰਿਵਾਰਾਂ ਦੀ ਸਾਰ ਲਈ ਗਈ। ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੁਰਜ਼ੋਰ ਅਪੀਲ ਕਰਦਿਆਂ ਅਜੀਤ ਸਿੰਘ ਸਤਕੋਹਾ, ਸਵਰਨਜੀਤ ਕੌਰ, ਬਲਵਿੰਦਰ ਕੌਰ, ਸੰਤੋਖ ਸਿੰਘ ਰੋੜ ਖਹਿਰਾ ਤੇ ਕਰਨੈਲ ਸਿੰਘ ਮਾਨੇਪੁਰ ਕਿਹਾ ਕਿ ਪੰਜਾਬ ਸਰਕਾਰ ਸਾਡੇ ਪਰਿਵਾਰਾਂ ਨੂੰ ਮੁਆਵਜ਼ੇ ਵਜੋਂ ਵਿੱਤੀ ਸਹਾਇਤਾ ਅਤੇ ਇਨਾਂ ਮਾਰੇ ਗਏ ਵਿਅਕਤੀਆਂ ਦੇ ਬੱਚਿਆਂ ਨੂੰ ਨੌਕਰੀਆਂ ਦੇਵੇ।

ਕੀ ਸੀ ਪੂਰੀ ਦੁਖਾਂਤਕ ਕਥਾ ?

ਸੀਬੀਆਈ ਦੀ ਅਦਾਲਤ ਵੱਲੋਂ ਪੀਲੀਭੀਤ ਵਿੱਚ ਫਰਜੀ ਸਿੱਖ ਮੁਕਾਬਲੇ ਵਿੱਚ ਸ਼ਾਮਲ ਸਾਰੇ 47 ਪੁਲਿਸ ਕਰਮੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਕੋਰਟ ਨੇ ਐੱਸ. ਐੱਚ.ਓ. ਤੇ ਅਧਿਕਾਰੀਆਂ ਨੂੰ 11 ਲੱਖ, ਦੋਸ਼ੀ ਇੰਸਪੈਕਟਰਾਂ ਨੂੰ 8 ਲੱਖ ਅਤੇ ਸਿਪਾਹੀਆਂ ਨੂੰ 2.75 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਸੀ। ਯਾਦ ਰਹੇ ਕਿ 12 ਜੁਲਾਈ 1991 ਨੂੰ ਨਾਨਕ ਮਤਾ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਹੋਰ ਤੀਰਥ ਸਥਾਨਾਂ ਦੀ ਯਾਤਰਾ ਕਰਦੇ ਹੋਏ 25 ਸਿੱਖ ਤੀਰਥ ਯਾਤਰੀਆਂ ਦਾ ਜੱਥਾ ਵਾਪਸ ਆ ਰਿਹਾ ਸੀ, ਤਾਂ ਸਵੇਰੇ ਕਰੀਬ 11 ਵਜੇ ਪੀਲੀਭੀਤ ਜ਼ਿਲੇ ਦੇ ਕਛਾਲਾਘਾਟ ਪੁਲ ਦੇ ਕੋਲ ਪੁਲਿਸ ਨੇ ਇਨਾਂ ਯਾਤਰੀਆਂ ਦੀ ਬੱਸ ਰੋਕ ਲਈ ਸੀ। ਇਸ ਵਿੱਚ 11 ਸਿੱਖ ਯਾਤਰੀਆਂ ਨੂੰ ਬੱਸ ਤੋਂ ਉਤਾਰ ਦਿੱਤਾ, ਜਿਨਾਂ ਨੂੰ ਬਾਅਦ ਵਿੱਚ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ। ਲਾਸ਼ਾਂ ਪੀੜਤਾਂ ਦੇ ਪਰਿਵਾਰਾਂ ਨੂੰ ਦੇਣ ਦੀ ਥਾਂ ਲਾਵਾਰਸ ਆਖ ਕੇ ਸਾੜ ਦਿੱਤੀਆਂ। ਸੀਬੀਆਈ ਜਾਂਚ ਵਿੱਚ ਮੁਕਾਬਲੇ ਫਰਜ਼ੀ ਪਾਏ ਗਏ। ਇਸ ਦੇ ਬਾਅਦ 57 ਪੁਲਿਸ ਕਰਮੀਆਂ ਦੇ ਖਿਲਾਫ ਅਗਵਾ, ਹੱਤਿਆ ਤੇ ਸਾਜਸ਼ ਰਚਣ ਆਦਿ ਦੀਆਂ ਸੰਗੀਨ ਧਾਰਾਵਾਂ ਲਾ ਕੇ ਚਾਰਜਸ਼ੀਟ ਦਾਖਲ ਕੀਤੀ ਗਈ ਸੀ। 25 ਸਾਲਾਂ ਦੇ ਦੌਰਾਨ ਇਸ ਵਿੱਚ 10 ਪੁਲਿਸ ਵਾਲਿਆਂ ਦੀ ਮੌਤ ਹੋ ਚੁੱਕੀ ਸੀ। ਬਾਕੀ ਬਚੇ 47 ਮੁਲਜਮਾਂ ਨੂੰ ਸੀਬੀਆਈ ਕੋਰਟ ਨੇ ਦੋਸ਼ੀ ਕਰਾਰ ਦਿੱਤਾ ਸੀ।

### ਜਾਰੀ ਹਨ ਝੂਠੇ ਪੁਲੀਸ ਮੁਕਾਬਲੇ

ਇਹ ਝੂਠਾ ਪੁਲਸ ਮੁਕਾਬਲਾ ਨਾ ਪਹਿਲਾ ਸੀ ਅਤੇ ਨਾ ਹੀ ਆਖਰੀ। ਝੂਠੇ ਪੁਲਸ ਮੁਕਬਲਿਆਂ ਦਾ ਇਹ ਸਿਲਸਿਲਾ ਅਖੌਤੀ ਆਜ਼ਾਦ ਭਾਰਤ ਅੰਦਰ 1947 ਤੋਂ ਲੈ ਕੇ ਅੱਜ ਤੱਕ ਬਾਦਸਤੂਰ ਜਾਰੀ ਹੈ। ਭਾਰਤ ਵਿੱਚ ਜੇਕਰ ਝੂਠੇ ਪੁਲਸ ਮੁਕਾਬਲਿਆਂ ਦੀ ਹਕੀਕਤ ਜਾਨਣੀ ਹੋਵੇ ਤਾਂ ਇਹ ਸਿਲਸਿਲਾ 1947 ਵਿੱਚ ਤਿਲੰਗਾਨਾ ਦੀ ਕਮਿਊਨਿਸਟ ਇਨਕਲਾਬੀ ਲਹਿਰ ਵੇਲੇ ਤੋਂ ਹੀ ਜਾਰੀ ਹੈ। ਇਹ ਸਿਲਸਿਲਾ ਉੱਤਰ-ਪੂਰਬ ਦੀਆਂ ਉਹਨਾਂ ਕੌਮੀਅਤਾਂ ਨਾਲ ਲਗਾਤਾਰ ਵਾਪਰਦਾ ਆ ਰਿਹਾ ਹੈ, ਜਿਹੜੀਆਂ ਆਪਣੀ ਆਜ਼ਾਦੀ ਤੇ ਖੁਦਮੁਖਤਾਰੀ ਵਾਸਤੇ ਭਾਰਤੀ ਹਕੂਮਤਾਂ ਦੇ ਖਿਲਾਫ ਆਪਣੀ ਜੰਗੇ-ਆਜ਼ਾਦੀ ਲੜ ਰਹੀਆਂ ਹਨ। ਝੂਠੇ ਪੁਲਸ ਮੁਕਾਬਲਿਆਂ ਦਾ ਇਹ ਸਿਲਸਿਲਾ ਭਾਰਤ ਦੀਆਂ ਉਹਨਾਂ ਧਾਰਮਿਕ ਘੱਟ-ਗਿਣਤੀਆਂ, ਦਲਿਤਾਂ, ਪਛੜੀਆਂ ਜਾਤਾਂ ਦੇ ਖਿਲਾਫ ਜਾਰੀ ਹੈ, ਜਿਹੜੀਆਂ ਵੀ ਭਾਰਤੀਤੰਤਰ ਤੋਂ ਨਾਬਰ ਹੋ ਕੇ ਇਸ ਨਾਲ ਟਕਰਾਉਂਦੀਆਂ ਹਨ। ਝੂਠੇ ਪੁਲਸ ਮੁਕਾਬਲਿਆਂ ਦਾ ਸਿਲਸਿਲਾ ਉਹਨਾਂ ਵਿਅਕਤੀਆਂ 'ਤੇ ਵੀ ਲਾਗੂ ਹੁੰਦਾ ਰਹਿੰਦਾ ਹੈ, ਜਿਹੜੇ ਸਥਾਨਕ ਚੌਧਰੀਆਂ ਲਈ



ਚੁਣੌਤੀ ਬਣਦੇ ਹੋਏ ਆਪਣੀ ਹੀ ਪੁੱਗਤ ਸਥਾਪਤ ਕਰਨ ਦਾ ਭਰਮ ਪਾਲ ਬੈਠਦੇ ਹਨ।

ਝੂਠੇ ਮੁਕਾਬਲਿਆਂ ਲਈ ਅਕਾਲੀ ਤੇ ਕਾਂਗਰਸੀ ਇਕੋ ਜਿਹੇ ਪੰਜਾਬ ਵਿੱਚ ਝੂਠੇ ਪੁਲਸ ਮੁਕਾਬਲਿਆਂ ਦਾ ਸਿਲਸਿਲਾ ਬਾਦਲ ਹਕੂਮਤ ਨੇ 1970-71 ਦੇ ਸਮਿਆਂ ਵਿੱਚ ਕਾਂਗਰਸ ਦੀ ਕੇਂਦਰ ਵਿੱਚ ਇੰਦਰਾ ਹਕੂਮਤ ਵੱਲੋਂ ਨਕਸਲੀ ਲਹਿਰ ਨੂੰ ਖਤਮ ਕਰਨ ਲਈ ਕੰਘਾ-ਕਰੂ ਮੁਹਿੰਮ ਤਹਿਤ ਸ਼ੁਰੂ ਕੀਤਾ ਸੀ, ਜਿਸ ਵਿੱਚ 70-80 ਸਾਲਾਂ ਦੇ ਬਾਬਾ ਬੂਝਾ ਸਿੰਘ ਤੇ ਬਾਬਾ ਹਰੀ ਸਿੰਘ ਮਰਗਿੰਦਪੁਰੀ ਵਰਗਿਆਂ ਨੂੰ ਅੰਤਾਂ ਦੇ ਤਸੀਹੇ ਦੇਣ ਉਪਰੰਤ ਪੁਲਸ ਮੁਕਾਬਲਿਆਂ ਦਾ ਢਕਵੰਜ ਰਚਿਆ ਗਿਆ ਸੀ। ਇਸ ਤੋਂ ਬਾਅਦ ਵਿੱਚ ਇਹ ਸਿਲਸਿਲਾ ਕਾਂਗਰਸ ਹਕੂਮਤ ਨੇ ਵੀ ਜਾਰੀ ਰੱਖਿਆ ਸੀ। 1983 ਵਿੱਚ ਬੇਅੰਤ ਸਿੰਘ ਨੇ ਆਪਣੇ ਪਾਇਲ ਹਲਕੇ ਵਿੱਚ 4 ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲੇ ਵਿੱਚ ਮਰਵਾ ਕੇ ਉਹਨਾਂ 'ਤੇ ਬੈਂਕ ਡਕੈਤੀ ਦਾ ਕੇਸ ਪੁਆ ਦਿੱਤਾ ਸੀ। ਇਸ ਤੋਂ ਬਾਅਦ ਵਿੱਚ ਤਾਂ ਪੰਜਾਬ ਵਿੱਚ ਹਕੂਮਤ ਕਾਂਗਰਸ ਦੀ ਆਉਂਦੀ ਰਹੀ ਜਾਂ ਅਕਾਲੀਆਂ ਦੀ, ਇਹਨਾਂ ਨੇ ਝੂਠੇ ਪੁਲਸ ਮੁਕਾਬਲਿਆਂ ਵਿੱਚ ਨੌਜਵਾਨਾਂ ਨੂੰ ਮਾਰਨ ਦਾ ਸਿਲਸਿਲਾ ਜਾਰੀ ਹੀ ਨਹੀਂ ਰੱਖਿਆ ਬਲਕਿ ਇਹਨਾਂ ਵਿੱਚ ਤੇਜੀ ਵੀ ਲਿਆਂਦੀ। ਪੰਜਾਬ ਵਿੱਚ ਝੂਠੇ ਪੁਲਸ ਮੁਕਾਬਲਿਆਂ ਦਾ ਸਿਲਸਿਲਾ ਆਪਣੇ ਸਿਖਰਾਂ 'ਤੇ ਉਦੋਂ ਪੁੱਜਿਆ ਸੀ, ਜਦੋਂ ਪੰਜਾਬ ਦੀ ਕਿਸਾਨੀ ਹਰੇ-ਇਨਕਲਾਬ ਦੀ ਝੰਬੀ ਹੋਈ ਸੜਕਾਂ 'ਤੇ ਆ ਕੇ ਹਕੂਮਤੀ ਮੰਤਰੀ-ਸੰਤਰੀਆਂ ਨੂੰ ਘੇਰਨ ਦੇ ਰਾਹ ਪੈ ਰਹੀ ਸੀ। ਨੌਜਵਾਨਾਂ ਦਾ ਇੱਕ ਹਿੱਸਾ ਖਾਲਿਸਤਾਨੀ ਹਥਿਆਰਬੰਦ ਲਹਿਰ ਵਿਚ ਸ਼ਾਮਲ ਹੋ ਹੋ ਗਿਆ ਸੀ।

ਜਿਸ ਸਮੇਂ ਸਿੱਖ ਆਪਣੀ ਜਮਾਤੀ ਲੜਾਈ ਦੇ ਰਾਹ ਧਰਮ ਯੁੱਧ ਲਈ ਸੰਘਰਸ਼ ਕਰ ਰਹੇ ਸਨ, ਉਸੇ ਹੀ ਸਮੇਂ ਭਾਰਤੀ ਹਕੂਮਤ ਨੇ ਦੇਸ਼ ਦੀ ਏਕਤਾ-ਅਖੰਡਤਾ ਦੇ ਨਾਂ ਹੇਠ ਦੇਸ਼ਭਗਤੀ, ਫਿਰਕੂ ਸਦਭਾਵਨਾ ਦੇ ਨਾਮ ਹੇਠ ਝੂਠੇ ਪੁਲੀਸ ਮੁਕਾਬਲੇ ਸ਼ੁਰੂ ਕਰ ਦਿੱਤੇ। ਦੇਸ਼ ਦੀ ਏਕਤਾ-ਅਖੰਡਤਾ ਅਤੇ ਅਮਨ-ਸ਼ਾਂਤੀ ਦੀ ਰਾਖੀ ਦੇ ਨਾਂ ਹੇਠ ਹਾਕਮਾਂ ਵੱਲੋਂ ਜਬਰ ਦਾ ਤਾਂਡਵ ਨਾਚ ਸਾਲਾਂ ਬੱਧੀ ਜਾਰੀ ਰੱਖਿਆ ਗਿਆ।

ਅਜਿਹੇ ਸਮੇਂ ਵਿੱਚ ਭਾਰਤ ਵਿੱਚ ਜਿੱਥੇ ਕਾਂਗਰਸ ਹਕੂਮਤ ਏਕਤਾ-ਅਖੰਡਤਾ ਦੇ ਨਾਹਰੇ ਲਗਾ ਰਹੀ ਸੀ, ਉੱਥੇ ਭਾਜਪਾ ਨੇ ਹਿੰਦੂਤਵ ਦਾ ਪੱਤਾ ਖੇਡਦੇ ਹੋਏ, ਮੁਸਲਮਾਨ ਭਾਈਚਾਰੇ ਨੂੰ ਆਪਣੇ ਨਿਸ਼ਾਨੇ ਦੀ ਮਾਰ ਹੇਠ ਲਿਆਉਣ ਲਈ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਦਾ ਮੁੱਦਾ ਉਭਾਰਨਾ ਸ਼ੁਰੂ ਕੀਤਾ। ਅਜਿਹੇ ਸਮੇਂ ਵਿੱਚ ਜਿੱਥੇ ਦੇਸ਼ ਭਰ ਵਿੱਚ ਅਡਵਾਨੀ ਆਪਣੀ ਰੱਥ-ਯਾਤਰਾ ਕੱਢ ਰਿਹਾ ਸੀ, ਉੱਥੇ ਯੂ.ਪੀ. ਵਿਚਲੀ ਭਾਜਪਾ ਦੀ ਕਲਿਆਣ ਸਿੰਘ ਹਕੂਮਤ ਨੇ ਖਾਲਿਸਤਾਨੀਆਂ ਦੇ ਵਿਰੋਧੀ ਹੋਣ ਦਾ ਗੁਰਜ਼ ਚੁੱਕਿਆ ਹੋਇਆ ਸੀ। ਇਸੇ ਦੀ ਕੜੀ ਵਜੋਂ ਹੀ ਉਸ ਨੇ ਪੀਲੀਭੀਤ ਵਾਲਾ ਇਹ ਕਾਂਡ ਰਚਿਆ।

ਪਰ ਜਦੋਂ ਲੋਕਾਂ ਵਿੱਚ ਇਸਦੀ ਬਹੁਤੀ ਹੀ ਤੋਏ ਤੋਏ ਹੋਣ ਲੱਗੀ ਤਾਂ ਇਸਨੇ ਕੇ.ਐਨ. ਸਿੰਘ ਕਮਿਸ਼ਨ ਬਿਠਾਉਣ ਦਾ ਢਕਵੰਜ ਵੀ ਰਚਿਆ ਸੀ ਅਤੇ ਸਾਰੇ ਹੀ ਪੁਲਸ ਅਫਸਰਾਂ ਨੂੰ ਬਰੀ ਹੀ ਨਹੀਂ ਸੀ ਕੀਤਾ ਗਿਆ ਬਲਕਿ ਉਹਨਾਂ ਦੀ ਤਾਂ ਬੱਲੇ ਬੱਲੇ ਕਰਦੇ ਹੋਏ ਪਿੱਠ ਵੀ ਥਾਪੜੀ ਗਈ ਸੀ।

ਇੱਕ ਸਾਬਕਾ ਸਿੱਖ ਜਸਟਿਸ ਕੁਲਦੀਪ ਸਿੰਘ ਵੱਲੋਂ ਪਾਈ ਗਈ ਜਨ-ਹਿੱਤ ਸੁਣਵਾਈ ਤਹਿਤ ਸੁਪਰੀਮ ਕੋਰਟ ਵੱਲੋਂ ਫੇਰ ਇਹ ਕੇਸ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤਾ ਗਿਆ। ਪਰ ਕੇਂਦਰ ਵਿੱਚ ਹਕੂਮਤ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸੀ ਜਾਂ ਭਾਜਪਾ ਪਾਰਟੀ ਦੀ ਅਗਵਾਈ ਵਾਲੀ, ਨੇ ਸੀ.ਬੀ.ਆਈ. ਦੀ ਕਾਰਵਾਈ ਨੂੰ ਢਾਈ ਦਹਾਕੇ ਨੁੱਕਰੇ ਹੀ ਲਾਈ ਰੱਖਿਆ। ਹੁਣ ਜਦੋਂ ਯੂ.ਪੀ. ਵਿੱਚ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਾਲੀ ਸਮਾਜਵਾਦੀ ਪਾਰਟੀ ਦੀ ਸਰਕਾਰ ਬਣੀ ਤਾਂ ਇਸ ਨੇ ਆਪਣੇ ਸਿਆਸੀ ਵਿਰੋਧੀਆਂ ਨੂੰ ਰਗੜ-ਮਾਂਜਾ ਲਾਉਣ ਲਈ ਇਸ ਕੇਸ ਨੂੰ ਨਸ਼ਰ ਕਰ ਦਿੱਤਾ ਸੀ। ਪਰ ਇਸਨੇ ਵੀ ਆਪਣੀ ਮਾਰ ਹੇਠ ਹੇਠਲੇ ਦਰਜ਼ੇ ਦੇ ਮੁਲਾਜਮਾਂ ਅਤੇ ਅਫਸਰਾਂ ਨੂੰ ਲਿਆਂਦਾ ਹੈ, ਉੱਪਰਲੇ ਮਗਰਮੱਛਾਂ ਨੂੰ ਹੱਥ ਨਹੀਂ ਪਾਇਆ।

ਝੂਠੇ ਪੁਲਸ ਮੁਕਾਬਲੇ ਦਾ ਇਹ ਮਾਮਲਾ ਤਰੱਕੀਆਂ ਅਤੇ ਸਨਮਾਨ ਹਾਸਲ ਕਰਨ ਲਈ ਹੇਠਲੇ ਪੱਧਰ ਦੇ ਅਫਸਰਾਂ ਵੱਲੋਂ ਕੀਤਾ ਗਿਆ ਕਾਰਾ ਨਹੀਂ ਬਲਕਿ ਪੂਰੀਆਂ ਗਿਣਤੀਆਂ-ਮਿਣਤੀਆਂ ਤਹਿਤ ਕੀਤੇ ਗਏ ਸਿਆਸੀ-ਕਤਲ ਸਨ।

## ਸਿੱਖ ਰਾਜ ਦੀ ਵਿਰਾਸਤ ਬੁੰਗਾ ਰਾਮਗੜੀਆ

ਅੰਮ੍ਰਿਤਸਰ ਜੇਲ ਵਿੱਚ ਜਿਹੜੇ ਸਿੰਘਾਂ ਦੀ ਮੁਲਾਕਾਤ ਨਹੀਂ ਸੀ ਹੁੰਦੀ ਉਨਾਂ ਲਈ ਸਵਰਨ ਸਿੰਘ ਨੇ ਘਰੋਂ ਦਸਤਾਰਾਂ, ਕਛਹਿਰੇ, ਸਵੈਟਰ ਜਾਂ ਜਿਹੜੀ ਵੀ ਚੀਜ਼ ਦੀ ਲੋੜ ਹੋਣੀ ਮੰਗਵਾ ਦੇਣੀ। ਇਸ ਤਰਾਂ ਸੇਵਾ ਕਰਨ ਨਾਲ ਭਾਈ ਸਵਰਨ ਸਿੰਘ ਦਾ ਸਾਰੇ ਸਿੰਘਾਂ ਨਾਲ ਬਹੁਤ ਪਿਆਰ ਪੈ ਗਿਆ। ਪੰਜ ਛੇ ਮਹੀਨਿਆਂ ਬਾਅਦ ਜੇਲ ਵਿੱਚੋਂ ਜਮਾਨਤ ਤੇ ਰਿਹਾਅ ਹੋਇਆ। ਭਾਈ ਸਵਰਨ ਸਿੰਘ ਰਿਹਾਅ ਹੋਣ ਤੋਂ ਬਾਅਦ ਗੁਪਤ ਤੌਰ ਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਨਾਲ ਸੇਵਾ ਵਿੱਚ ਲੱਗ ਗਿਆ। ਸ਼ਹੀਦ ਭਾਈ ਅਵਤਾਰ ਸਿੰਘ, ਸ਼ਹੀਦ ਭਾਈ ਰਘਬੀਰ ਸਿੰਘ ਨਿਮਾਣਾ, ਸ਼ਹੀਦ ਭਾਈ ਸਤਪਾਲ ਸਿੰਘ ਢਿੱਲੋਂ, ਸ਼ਹੀਦ ਭਾਈ ਜਸਪਾਲ਼ ਸਿੰਘ ਪੱਡਾ, ਸ਼ਹੀਦ ਭਾਈ ਨਿਰਮਲ ਸਿੰਘ ਨਿੰਮਾ 'ਛੋਟੂ', ਸ਼ਹੀਦ ਭਾਈ ਬਲਵੀਰ ਸਿੰਘ, ਸ਼ਹੀਦ ਭਾਈ ਮਨਜੀਤ ਸਿੰਘ ਫੂਲੇਵਾਲ, ਸ਼ਹੀਦ ਭਾਈ ਸੋਹਣ ਸਿੰਘ ਸੋਨੀ, ਸ਼ਹੀਦ ਭਾਈ ਸੁਰਿੰਦਰ ਸਿੰਘ ਮੱਲੇਵਾਲ, ਸ਼ਹੀਦ ਭਾਈ ਸੁਰਜੀਤ ਸਿੰਘ ਲਿਟਾ ਤੇ ਹੋਰ ਸਿੰਘਾਂ ਨਾਲ ਰਲ ਕੇ ਸਿੱਖ ਸੰਘਰਸ਼ ਦੀਆਂ ਸਰਗਰਮੀਆਂ ਵਿੱਚ ਹਿੱਸਾ ਪਾਉਂਦਾ ਰਿਹਾ। ਭਾਈ ਸਵਰਨ ਸਿੰਘ ਨੇ ਆਪਣੇ ਸਾਥੀਆਂ ਨਾਲ ਰਲ ਕੇ ਜਦੋਂ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਦੇ ਟਾਊਟ ਦਾ ਸੋਧਾ ਲਾਇਆ ਤੇ ਉਸੇ ਦਿਨ ਪੁਲਿਸ ਨੇ ਆਪ ਦੇ ਘਰ ਛਾਪਾ ਮਾਰਿਆ । ਆਪ ਨੂੰ ਰਿਸ਼ਵਤ ਤੇ ਫਰਮਾਇਸ ਰਾਹੀਂ ਕਪੂਰਥਲੇ ਸਵਰਨੇ ਘੋਟਨੇ ਕੋਲ ਪੇਸ਼ ਕਰਵਾਇਆ ਗਿਆ ਜਿੱਥੇ ਪੁਲਿਸ ਵੱਲੋ ਅੰਨਾ ਤਸ਼ੱਦਦ ਕੀਤਾ ਗਿਆ ਪਰ ਇਸਨੇ ਪੁਲਿਸ ਨੂੰ ਕੁਝ ਵੀ ਨਾ ਦੱਸਿਆ। ਹਫਤੇ ਬਾਅਦ ਛੁਡਵਾ ਲਿਆ। ਮਹੀਨੇ ਦੋ ਮਹੀਨੇ ਬਾਅਦ ਹੀ ਕਿਸੇ ਨੇ ਪੁਲਿਸ ਕੋਲ ਭਾਈ ਸਵਰਨ ਸਿੰਘ ਦਾ ਨਾਮ ਲੈ ਦਿੱਤਾ ਤੇ ਫਿਰ ਰਿਸ਼ਵਤ ਦੇ ਕੇ ਪੇਸ਼ ਕਰਵਾਇਆ ਤੇ ਪੁਲਿਸ ਨੇ ਤਸ਼ੱਦਦ ਦੀ ਕੋਈ ਕਸਰ ਨਾ ਛੱਡੀ। ਜਦੋ ਆਪ ਨੇ ਬੇਹੋਸ਼ ਹੋ ਜਾਣਾ ਛੱਡ ਦੇਣਾ ਤੇ ਹੋਸ਼ ਆਉਣ ਤੇ ਫਿਰ ਸ਼ੁਰੂ ਹੋ ਜਾਣਾ। ਉਸ ਟਾਇਮ ਇੱਕ ਬਜੁਰਗ ਵੀ ਪੁਲਿਸ ਨੇ ਫੜਿਆ ਹੋਇਆ ਸੀ। ਜਿਸ ਨੇ ਬਾਅਦ ਵਿੱਚ ਪਰਿਵਾਰ ਕੋਲ ਗੱਲ ਕੀਤੀ ਕਿ ਸਵਰਨ ਬਹੁਤ ਦਲੇਰ ਤੇ ਚੜਦੀ ਕਲਾ ਦਾ ਸਿੰਘ ਸੀ। ਪੁਲਿਸ ਭਾਈ ਸਵਰਨ ਸਿੰਘ ਨੂੰ ਇੰਨੇ ਜਿਆਦਾ ਤਸੀਹੇ ਦਿੰਦੀ ਸੀ ਮੇਰੇ ਕੋਲੋ ਦੇਖ ਨਹੀਂ ਸੀ ਹੁੰਦਾ ਤੇ ਮੈਂ ਕਿਹਾ 'ਪੁੱਤ ਜੋ ਤੈਨੂੰ ਪੁੱਛਦੇ ਦੱਸਦੇ ਮੇਰੇ ਕੋਲੋਂ ਤੇਰੀ ਹਾਲਤ ਦੇਖ ਨਹੀ ਹੁੰਦੀ' ਤੇ ਸਵਰਨ ਨੇ ਅੱਗੋਂ ਜੁਆਬ ਦਿੱਤਾ 'ਬਾਪੂ ਜੀ ਜੋ ਇਹ ਮੇਰੇ ਕੋਲੋ ਪੁੱਛਣਾ ਚਾਹੁੰਦੇ ਇਸ ਜਨਮ ਵਿੱਚ ਕੀ ਅਗਲੇ ਜਨਮ ਵਿੱਚ ਵੀ ਨਹੀਂ ਪੁੱਛ ਸਕਦੇ।' ਪੁਲਿਸ ਨੇ ਵਾਰ ਵਾਰ ਫੜ ਕੇ ਅੰਤਾਂ ਦੇ ਤਸੀਹੇ ਦਿੱਤੇ ਪਰ ਭਾਈ ਸਵਰਨ ਸਿੰਘ ਨੇ ਜੁਲਮ ਅੱਗੇ ਹਾਰ ਨਹੀਂ ਮੰਨੀ। ਪੁਲਿਸ ਦੇ ਢਾਹੇ ਜਾਂਦੇ ਜੁਲਮ ਦੇ ਕਰਕੇ ਹੀ ਮਜਬੂਰ ਹੋ ਕੇ ਘਰ ਛੱਡ ਕੇ ਅਪਣੇ ਰਿਸ਼ਤੇਦਾਰਾਂ ਕੋਲ ਮੱਖੂ ਚਲਾ ਗਏ। ਜਿੱਥੇ ਸ਼ਹੀਦ ਭਾਈ ਗੁਰਬਚਨ ਸਿੰਘ ਆਲਹਾ ਦੇ ਗਰੁੱਪ ਨਾਲ ਸਿੱਖ ਕੌਮ ਦੇ ਹੱਕਾਂ ਲਈ ਆਪਣਾ ਯੋਗਦਾਨ ਪਾਉਣ ਲੱਗਾ।

ਉੱਥੇ ਵਿਚਰਦਿਆਂ ਹੀ ਭਾਈ ਸਵਰਨ ਸਿੰਘ ਤੇ ਨਾਲ ਦੇ ਸਾਥੀ ਕਿਸੇ ਮਿਸ਼ਨ ਤੇ ਜਾ ਰਹੇ ਸੀ ਕਿ ਪੁਲਿਸ ਦਾ ਘੇਰਾ ਪੈ ਗਿਆ ਤੇ ਕਈ ਘੰਟੇ ਜਬਰਦਸਤ ਮੁਕਾਬਲਾ ਚੱਲਿਆ ਜਿਸ ਵਿੱਚੋ ਆਪ ਬਚ ਕੇ ਨਿਕਲ ਗਏ। ਉਥੇ ਜਦੋਂ ਮਾਤਾ ਜੀ ਨੇ ਮਿਲਣ ਜਾਣਾ ਤੇ ਆਪ ਨੇ ਕਹਿਣਾ 'ਬੀਬੀ ਮੈਂ ਤੇ ਸ਼ਹੀਦ ਹੀ ਹੋਣਾ, ਤੂੰ ਸ਼ਹੀਦ ਦੀ ਮਾਂ ਕਹਾਂਵੇਗੀ।' ਜਦੋਂ ਆਪ ਦੇ ਕਰੀਬੀ ਸਾਥੀ ਸ਼ਹੀਦ ਭਾਈ ਜੋਗਿੰਦਰ ਸਿੰਘ ਨਿੱਕੂ, ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਭਾਈ ਜਗਤਾਰ ਸਿੰਘ ਤੇ ਹੋਰ ਨਾਲ ਦੇ ਸਿੰਘ ਸ਼ਹੀਦ ਹੋ ਗਏ ਤੇ ਫਿਰ 1990 ਵਿੱਚ ਸ਼ਹੀਦ ਭਾਈ ਜਸਪਾਲ ਸਿੰਘ ਪਾਲੇ ਕੋਲ ਆਪਣੇ ਇਲਾਕੇ ਦੇ ਸਿੰਘਾਂ ਕੋਲ ਆ ਗਿਆ। ਮੱਖੂ ਦੇ ਇਲਾਕੇ ਵਿੱਚ ਵਿਚਰਦਿਆਂ ਹੋਇਆ ਭਾਈ ਸਵਰਨ ਸਿੰਘ ਸ਼ਹੀਦ ਭਾਈ ਜਸਪਾਲ ਸਿੰਘ ਪਾਲੇ ਦਾ ਵੀ ਪੂਰਾ ਸਾਥ ਦਿੰਦਾ ਸੀ। ਜਲੰਧਰ ਵਿੱਚ ਫੈਡਰੇਸ਼ਨ ਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਦੀ ਮੀਟਿੰਗ ਹੋਈ। ਜਿਸ ਵਿੱਚ ਕਿਸੇ ਕੰਮ ਦੀ ਜੁੰਮੇਵਾਰੀ ਭਾਈ ਸਵਰਨ ਸਿੰਘ ਨੇ ਲਈ ਤੇ ਉਸੇ ਕੰਮ ਬਾਰੇ ਜਾਣਕਾਰੀ ਇੱਕਠੀ ਕਰਨ ਲਈ ਭਾਈ ਸਵਰਨ ਸਿੰਘ ਤੇ ਇਸ ਦਾ ਸਾਥੀ ਭਾਈ ਜਸਵਿੰਦਰ ਸਿੰਘ ਜਲੰਧਰ ਡੀ.ਏ.ਵੀ. ਕਾਲਜ ਕੋਲ ਪੈਦਲ ਤੁਰੇ ਜਾਂਦੇ ਸੀ। ਜਿੱਥੋ ਪੁਲਿਸ ਦੇ ਟਾਊਟ ਨੇ ਮੁਖਬਰੀ ਕਰਕੇ 12 ਸਤੰਬਰ 1990 ਨੂੰ ਫੜਾ ਦਿੱਤਾ। ਭਾਈ ਸਵਰਨ ਸਿੰਘ ਨੇ ਸਾਈਨਾਇਡ ਦਾ ਕੈਪਸੂਲ ਖਾ ਲਿਆ ਪਰ ਉਸ ਨੇ ਅਸਰ ਨਾ ਕੀਤਾ। ਪੁਲਿਸ ਭਾਈ ਸਵਰਨ ਸਿੰਘ ਨੂੰ ਜਲੰਧਰ 32 ਬਟਾਲੀਅਨ ਵਿੱਚ ਲੈ ਗਈ। ਜਿੱਥੇ ਭਾਈ ਸਵਰਨ ਸਿੰਘ ਤੇ ਅੰਨਾ ਤਸ਼ੱਦਦ ਕੀਤਾ ਗਿਆ। ਜਦੋਂ ਸਵਰਨ ਸਿੰਘ ਕੁਝ ਵੀ ਨਾ ਮੰਨਿਆ ਤੇ ਨਕੋਦਰ ਦੀ ਪੁਲਿਸ ਨੂੰ ਦੇ ਦਿੱਤਾ। ਉੱਥੇ ਉਸ ਟਾਇਮ ਇੰਨਸਪੈਕਟਰ ਚਰਨਜੀਤ ਸ਼ਰਮਾ ਸੀ ਜੋ ਬਰਗਾੜੀ ਕਾਂਡ ਵਿੱਚ ਵੀ ਸ਼ਾਮਲ ਸੀ। ਉਸ ਨੇ 15 ਸਤੰਬਰ 1990 ਨੂੰ ਰਾਤ ਅੱਠ ਵਜੇ ਨਕੋਦਰ ਕੋਲ ਜੀਵਨ ਨੰਗਲ ਪਿੰਡ ਦੇ ਨਹਿਰ ਦੇ ਸੂਏ ਕੋਲ ਝੂਠਾ ਪੁਲਿਸ ਮੁਕਾਬਲਾ ਬਣਾ ਸ਼ਹੀਦ ਕਰ ਦਿੱਤਾ ਤੇ ਸਵੇਰੇ ਅੱਠ ਵਜੇ ਅਣਪਛਾਤਾ ਕਹਿ ਕੇ ਸੰਸਕਾਰ ਵੀ ਕਰ ਦਿੱਤਾ। ਭਾਈ ਸਵਰਨ ਸਿੰਘ ਨੂੰ ਤਸੀਹੇ ਦੇਣ ਤੇ ਸ਼ਹੀਦ ਕਰਨ ਵਿੱਚ ਸ਼ਹੀਦ ਭਾਈ ਗੁਰਦੇਵ ਸਿੰਘ ਦੇਬੂ ਦੇ ਸੋਧੇ ਟਾਊਟ ਦੇ ਭਰਾ ਦਾ ਵੀ ਹੱਥ ਸੀ। ਕਿਉਂਕਿ ਉਹ ਉਸ ਟਾਇਮ ਜਲੰਧਰ ਥਾਣੇ ਵਿੱਚ ਹੀ ਨੌਕਰੀ ਕਰਦਾ ਸੀ। ਪਰਿਵਾਰ ਨੂੰ 16 ਸਤੰਬਰ ਸ਼ਾਮ ਨੂੰ ਫੜੇ ਜਾਣ ਦਾ ਪਤਾ ਲੱਗਾ। ਪੁਲਿਸ ਨੇ ਇੱਕ ਸਾਲ ਕੁਝ ਵੀ ਨਾ ਦੱਸਿਆ ਸਗੋ ਪੈਸੇ ਲੈ ਕੇ ਕਹਿ ਦੇਣਾ ਫਲਾਣੇ ਥਾਣੇ ਵਿੱਚ ਹੈ ਫਲਾਣੀ ਜੇਲ ਵਿੱਚ ਹੈ। ਪੂਰੇ ਸਾਲ ਬਾਅਦ ਦੱਸਿਆ ਕਿ ਉਸ ਨੂੰ ਇੱਕ ਝੂਠੇ ਪੁਲਿਸ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਹੈ। ਭਾਈ ਸਵਰਨ ਸਿੰਘ ਦੀ ਨਾ ਕੋਈ ਫੋਟੋ ਤੇ ਨਾ ਹੀ ਕੱਪੜੇ ਦਿੱਤੇ ਗਏ। ਸਾਲ ਬਾਅਦ ਭੋਗ ਪਾਇਆ ਗਿਆ। ਹਰ ਸਾਲ 15 ਸਤੰਬਰ ਨੂੰ ਸ਼ਹੀਦ ਭਾਈ ਸਵਰਨ ਸਿੰਘ ਦੀ ਬਰਸੀ ਉਨਾਂ ਦੇ ਪਿੰਡ ਹਮੀਰਾ ਵਿਖੇ ਮਨਾਈ ਜਾਂਦੀ ਹੈ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਸਵਰਨ ਸਿੰਘ ਦੀ ਕੁਰਬਾਨੀ ਨੂੰ ਕੇਸਰੀ ਪ੍ਰਣਾਮ ਕਰਦੇ ਹਾਂ।




# ਪਾਠਕਾਂ ਦਾ ਨਜ਼ਰੀਆ

## ਕੀ ਅੱਜ ਭਾਰਤ ਦੀ ਔਰਤ ਆਜ਼ਾਦ ਹੈ ?

ਕੀ ਅੱਜ ਭਾਰਤ ਦੀ ਔਰਤ ਆਜ਼ਾਦ ਹੈ ? ਉਸ ਨੂੰ ਘਰੇਲੂ ਮਸਲਿਆਂ ਵਿਚ ਸਲਾਹ ਮਸ਼ਵਰਾ ਦੇਣ ਦਾ ਮਰਦਾਂ ਵਾਂਗ ਹੱਕ ਹੈ। ਰਾਜਨੀਤੀ ਵਿਚ ਉਸ ਦੀ ਸ਼ਮੂਲੀਅਤ 50 ਪ੍ਰਤੀਸ਼ਤ ਦੀ ਥਾਂ 33 ਪ੍ਰਤੀਸ਼ਤ ਹੀ ਕਿਉਂ ਮੰਗੀ ਜਾਂਦੀ ਹੈ। ਕਾਨੂੰਨੀ ਵਿਵਸਥਾ ਹੋਣ ਦੇ ਬਾਵਜੂਦ ਔਰਤ ਵਿਰੁੱਧ ਹਿੰਸਾ/ਘਰੇਲੂ ਹਿੰਸਾ ਦੇ ਕੇਸ ਲਗਾਤਾਰ ਕਿਉਂ ਵਧ ਰਹੇ ਹਨ। ਪਿਤਾ ਪੁਰਖੀ ਜਾਇਦਾਦ ਵਿਚੋਂ ਲੜਕੀਆਂ ਨੂੰ ਬਰਾਬਰ ਦਾ ਹਿੱਸਾ ਨਹੀਂ ਮਿਲਦਾ। ਜੇ ਘਰ ਦੀ ਧੀ ਇਸ ਬਾਰੇ ਗੱਲ ਵੀ ਕਰੇ ਤਾਂ ਉਸ ਨਾਲ ਰਿਸ਼ਤੇ ਨਾਤੇ ਤੋੜਨ ਦੀ ਧਮਕੀ ਦਿੱਤੀ ਜਾਂਦੀ ਹੈ। ਹਾਲਾਤ ਇਥੋਂ ਤੱਕ ਨਿੱਘਰ ਚੁੱਕੇ ਹਨ ਕਿ ਔਰਤ ਦਾ ਆਪਣੇ ਸਰੀਰ ਉੱਪਰ ਵੀ ਆਪਣਾ ਹੱਕ ਨਹੀਂ। ਇਹ ਕੇਵਲ ਲਿਖਤੀ ਰੂਪ ਵਿਚ ਹੀ ਹੈ। ਅਮਲੀ ਤੌਰ ਤੇ ਇਸ ਦੀ ਵਰਤੋਂ ਨਾਮਾਤਰ ਹੀ ਕਿਤੇ ਹੁੰਦੀ ਹੋਵੇਗੀ! ਭਰੂਣ ਹਤਿਆਵਾਂ ਤਾਂ ਔਰਤ ਕੋਲੋਂ ਉਸ ਦੇ ਪੈਦਾ ਹੋਣ ਦਾ ਹੱਕ ਵੀ ਖੋਹ ਰਹੀਆਂ ਹਨ। ਬੱਜਟ ਨਾਲ ਸੰਬੰਧਿਤ ਨੀਤੀਆਂ ਬਣਾਉਣ ਵੇਲੇ ਕਿਹਾ ਜਾਂਦਾ ਹੈ ਕਿ ਇਤਨੀ ਰਕਮ ‘ਔਰਤਾਂ ਅਤੇ ਬੱਚਿਆਂ ਦੇ ਵਿਕਾਸ’ ਵਾਸਤੇ ਰੱਖੀ ਗਈ ਹੈ। ਕਦੇ ਇਹ ਰਕਮ ਅਲਾਟ ਕਰਨ ਵੇਲੇ ਇਸ ਨੂੰ ਔਰਤ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਹੈ ਕਿ ਔਰਤ ਕਿਸ ਤਰਾਂ ਦਾ ਵਿਕਾਸ ਚਾਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਔਰਤ ਹਰ ਉਸ ਖੇਤਰ ਵਿਚ ਸੇਵਾਵਾਂ ਨਿਭਾਅ ਰਹੀ ਹੈ ਜੋ ਕੁਝ ਦਹਾਕੇ ਪਹਿਲਾਂ ਉਸ ਲਈ ਵਰਜਿਤ ਸਨ। ਇਹ ਆਰਥਿਕ ਪੱਖੋਂ ਕੁਝ ਹੱਦ ਤੱਕ ਸੌਖੀ ਹੋ ਰਹੀ ਹੈ ਪਰ ਅਜੇ ਵੀ ਔਰਤ ਦੇ ਮੁਕਾਬਲੇ ਮਰਦ ਨੂੰ ਰੁਜ਼ਗਾਰ ਦੇਣ ਦੇ ਮਾਮਲੇ ਵਿਚ ਪਹਿਲ ਦਿੱਤੀ ਜਾਂਦੀ ਹੈ। ਕਈ ਵਾਰ ਉਸ ਨੂੰ ਆਪਣੀ ਲਿਆਕਤ ਦੇ ਮੇਚ ਦਾ ਕੰਮ ਪ੍ਰਾਪਤ ਕਰਨ ਵਾਸਤੇ ਘੱਟ ਤਨਖ਼ਾਹ ਲਈ ਰਾਜ਼ੀ ਹੋਣਾ ਪੈਂਦਾ ਹੈ। ਪ੍ਰਾਈਵੇਟ ਅਤੇ ਅਸੰਗਠਿਤ ਅਦਾਰਿਆਂ ਵਿਚ ਮਰਦ ਔਰਤ ਦੀ ਤਨਖ਼ਾਹ ਵਿਚ ਅੰਤਰ ਆਮ ਹੀ ਦੇਖਣ ਨੂੰ ਮਿਲਦਾ ਹੈ। ਭਾਰਤ ਵਰਗੇ ਮਰਦ ਪ੍ਰਧਾਨ ਸਮਾਜਿਕ ਢਾਂਚੇ ਵਿਚ ਔਰਤ ਨੂੰ ਆਪਣੀ ਤਨਖ਼ਾਹ/ਆਮਦਨ ਆਪਣੀ ਮਰਜ਼ੀ ਅਨੁਸਾਰ ਖ਼ਰਚਣ ਦਾ ਬਹੁਤੇ ਪਰਿਵਾਰਾਂ ਵਿਚ ਅਧਿਕਾਰ ਨਹੀਂ ਹੈ। ਜੇ ਰਾਜਨੀਤਕ ਕੰਮਾਂ ਵਿਚ ਸ਼ਮੂਲੀਅਤ ਦੀ ਗੱਲ ਕਰੀਏ ਤਾਂ ਭਾਵੇਂ ਰਾਖਵੇਂ ਕੋਟੇ ਵਿਚੋਂ ਪੰਚ ਸਰਪੰਚ ਬਣ ਜਾਵੇ ਪਰ ਇੱਥੇ ਵੀ ਉਹ ਫ਼ੈਸਲੇ ਆਜ਼ਾਦ ਰੂਪ ਵਿਚ ਜਾਂ ਘਰਦਿਆਂ ਦੀ ਸਹਿਮਤੀ ਤੋਂ ਬਾਹਰੀ ਹੋ ਕੇ ਨਹੀਂ ਕਰ ਸਕਦੀ। ਔਰਤ ਚਾਹੁੰਦੀ ਹੋਈ ਵੀ ਆਪਣੇ ਇਸ ਅਧਿਕਾਰ ਨੂੰ ਅਮਲੀ ਰੂਪ ਨਹੀਂ ਦੇ ਸਕਦੀ। ਘਰੇਲੂ ਹਿੰਸਾ ਤੋਂ ਔਰਤ ਦੀ ਸੁਰੱਖਿਆ ਬਾਰੇ ਐਕਟ-2005 ਦਾ ਮਕਸਦ ਔਰਤਾਂ ਦੇ ਅਧਿਕਾਰਾਂ ਦੀ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਆ ਕਰਨ ਦੀ ਗਰੰਟੀ ਦੇਣਾ ਹੈ ਪਰ ਕਾਨੂੰਨੀ ਵਿਵਸਥਾ ਹੋਣ ਦੇ ਬਾਵਜੂਦ ਕੀ ਔਰਤਾਂ ਪ੍ਰਤੀ ਹਿੰਸਾ ਵਿਚ ਕੋਈ ਤਬਦੀਲੀ ਆਈ ਹੈ ? ਨੈਸ਼ਨਲ ਕਮਿਸ਼ਨ ਫਾਰ ਵਿਮੈੱਨ ਦੇ ਅੰਕੜਿਆਂ ਅਨੁਸਾਰ 23 ਮਾਰਚ 2020 ਤੋਂ 10 ਅਪਰੈਲ 2020 ਤੱਕ ਦੇ ਲੌਕਡਾਊਨ ਦੇ ਸਮੇਂ ਦੌਰਾਨ ਔਰਤਾਂ ਨਾਲ ਸਬੰਧਿਤ ਕੁਲ 370 ਸ਼ਿਕਾਇਤਾਂ ਦਰਜ ਹੋਈਆਂ। ਇਨਾਂ ਵਿਚੋਂ 123 ਘਰੇਲੂ ਹਿੰਸਾ ਦੀਆਂ ਸਨ। 117 ਸ਼ਿਕਾਇਤਾਂ ਮਾਣ-ਮਰਿਆਦਾ ਨਾਲ ਜ਼ਿੰਦਗੀ ਜਿਊਣ ਦੇ ਹੱਕ ਨਾਲ ਸਬੰਧਿਤ ਸਨ। ਇਹੋ ਜਿਹੀਆਂ ਘਟਨਾਵਾਂ ਬਾਰੇ ਆਮ ਤੌਰ ਤੇ ਪੀੜਤ ਔਰਤ ਸ਼ਿਕਾਇਤ ਵੀ ਨਹੀਂ ਕਰਦੀ। ਡਰਦੀ ਹੈ ਕਿ ਸ਼ਿਕਾਇਤ ਕਰਨ ਨਾਲ ਪਰਿਵਾਰਕ ਝਗੜਾ ਹੋਰ ਵਧੇਗਾ ਤੇ ਹਿੰਸਾ ਹੋਰ ਵੀ ਭਿਆਨਕ ਰੂਪ ਵਿਚ ਹੋਵੇਗੀ। ਸੁਆਲ ਹੈ: ਕੀ ਲੌਕਡਾਊਨ ਦਾ ਮਾਰੂ ਪ੍ਰਭਾਵ ਕੇਵਲ ਮਰਦਾਂ ਉੱਪਰ ਹੀ ਪਿਆ ਹੈ ਜੋ ਆਪਣੀ ਭੜਾਸ/ਨਿਰਾਸ਼ਤਾ ਔਰਤ ਉੱਪਰ ਕੱਢਦੇ ਹਨ। ਇਨਾਂ ਹਾਲਾਤ ਵਿਚ ਔਰਤ ਕਿਹੜੇ ਕਾਨੂੰਨ ਅਤੇ ਸੰਵਿਧਾਨ ਉੱਪਰ ਵਿਸ਼ਵਾਸ ਕਰੇ।

ਕੰਵਲਜੀਤ ਕੌਰ ਗਿੱਲ

**ਪ੍ਰੋਫੈਸਰ (ਰਿਟਾਇਰਡ),**
**ਅਰਥ ਸ਼ਾਸਤਰ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ।**

## ਆਰਥਿਕ ਸੰਕਟ ਵਿਚ ਮੋਦੀ ਸਰਕਾਰ

ਸਰਕਾਰੀ ਅੰਕੜਿਆਂ ਮੁਤਾਬਕ ਜੋ ਬੁਰਾ ਹਾਲ ਸਰਕਾਰ ਦਾ ਇਨੀਂ ਦਿਨੀਂ ਹੋਇਆ ਹੈ, ਉਸ ਨੇ ਸਭ ਪਿਛਲੇ ਰਿਕਾਰਡ ਤੋੜ ਦਿੱਤੇ ਹਨ। ਦੇਸ਼ ਦੀ ਆਰਥਿਕਤਾ ਨਾਪਣ ਲਈ ਜੀ ਡੀ ਪੀ ਇੱਕ ਗਜ਼ ਬਣਿਆ ਹੋਇਆ ਹੈ, ਜਿਸ ਨਾਲ ਅਸੀਂ ਸਲਾਨਾ ਜੀ ਡੀ ਪੀ ਦਾ ਹਿਸਾਬ-ਕਿਤਾਬ ਕਰਦੇ ਹਾਂ ਅਤੇ ਉਸ ਮੁਤਾਬਕ ਆਪਣਾ ਰਿਕਾਰਡ ਵੀ ਰੱਖਦੇ ਹਾਂ। ਉਂਜ ਇਸਦਾ ਹਿਸਾਬ ਤਿਮਾਹੀ ਹੀ ਰੱਖਿਆ ਜਾਂਦਾ ਹੈ। ਇਸ ਹਫ਼ਤੇ ਜੋ ਅੰਕੜੇ ਪ੍ਰਕਾਸ਼ਤ ਹੋਏ ਹਨ, ਉਸ ਮੁਤਾਬਕ ਕੋਰੋਨਾ ਨਾਲ ਨਜਿੱਠਣ ਲਈ ਲਾਗੂ ਤਾਲਾਬੰਦੀ ਦਾ ਜੀ ਡੀ ਪੀ ਗ੍ਰੋਥ ’ਤੇ ਬਹੁਤ ਹੀ ਉਲਟ ਅਸਰ ਦੇਖਣ ਨੂੰ ਮਿਲਿਆ ਹੈ।

ਦੇਸ਼ ਦੀ ਜੀ ਡੀ ਪੀ ਜੂਨ ਤਿਮਾਹੀ ਵਿੱਚ 26.9 ਲੱਖ ਕਰੋੜ ਰੁਪਏ ਰਹੀ ਹੈ, ਜਦ ਕਿ ਬੀਤੇ ਸਾਲ ਇਸੇ ਵਕਫ਼ੇ ਵਿੱਚ ਇਹ ਅੰਕੜਾ 35.35 ਲੱਖ ਕਰੋੜ ਰੁਪਏ ਸੀ। ਇਸ ਤਰਾਂ ਬੀਤੇ ਸਾਲ ਦੇ ਮੁਕਾਬਲੇ ਵਿੱਚ ਜੀ ਡੀ ਪੀ ਗ੍ਰੋਥ ਵਿੱਚ 23.9 ਫ਼ੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਪਿਛਲੇ ਚੌਵੀ ਸਾਲਾਂ ਵਿੱਚ ਯਾਨਿ 1996 ਤੋਂ ਬਾਅਦ ਤੋਂ ਇਹ ਪਹਿਲਾ ਮੌਕਾ ਹੈ ਕਿ ਜੀ ਡੀ ਪੀ ਦੇ ਤਿਮਾਹੀ ਨਤੀਜਿਆਂ ਵਿੱਚ ਇੰਨੀ ਵੱਡੀ ਗਿਰਾਵਟ ਦੇਖਣ ਨੂੰ ਮਿਲੀ ਹੈ। ਜੀ ਡੀ ਪੀ ਦੇ ਤਿਮਾਹੀ ਨਤੀਜੇ ਐਲਾਨਣ ਦਾ ਰਿਵਾਜ ਵੀ ਸ਼ਾਇਦ 1996 ਤੋਂ ਹੀ ਹੈ। ਕੋਰੋਨਾ ਕਰਕੇ ਹਾਲੇ ਆਉਣ ਵਾਲੇ ਸਮੇਂ ਵਿੱਚ ਆਰਥਿਕਤਾ ਦੀ ਕਮੀ ਦਾ ਕਹਿਰ ਅਜੇ ਜਾਰੀ ਰਹਿਣ ਦੀ ਪੂਰੀ ਸੰਭਾਵਨਾ ਹੈ। ਕੋਈ ਮੰਨੇ ਜਾਂ ਨਾ ਮੰਨੇ, ਸਰਕਾਰ ਪਿਛਲੇ ਸਮੇਂ ਵਿੱਚ ਹਰ ਤਰਾਂ ਦਾ ਕੰਟਰੋਲ ਕਰਨ ਵਿੱਚ ਪੂਰੀ ਤਰਾਂ ਫੇਲ ਹੋਈ ਹੈ ਕਿਉਂਕਿ ਅਮਲ ਨੇ ਦੱਸਿਆ ਹੈ ਕਿ ਥਾਲੀਆਂ, ਕੌਲੀਆਂ ਖੜਕਾਉਣ, ਮੋਮਬੱਤੀਆਂ ਜਗਾਉਣ ਜਾਂ ਮੋਬਾਇਲ ਫੋਨਾਂ ਜਾਂ ਫੌਜੀਆਂ ਵੱਲੋਂ ਦੀਵਾਲੀ ਵਰਗਾ ਕੁਝ ਕਰਨ ’ਤੇ ਕੁਝ ਨਹੀਂ ਬਣਨਾ। ਹਰ ਤਰਾਂ ਪ੍ਰਹੇਜ਼ ਹੀ ਕੋਰੋਨਾ ਦਾ ਇਲਾਜ ਸੀ ਅਤੇ ਹੈ ਵੀ। ਬਹੁਤੇ ਦੇਸ਼ਾਂ ਵਾਂਗ ਸਾਡੇ ਦੇਸ ਨੇ ਤਾਂ ਡਬਲਯੂ ਐੱਚ ਓ ਦੀਆਂ ਹਦਾਇਤਾਂ ਦਾ ਵੀ ਪੂਰਾ-ਪੂਰਾ ਪਾਲਣ ਨਹੀਂ ਕੀਤਾ। ਉਸ ਨੇ ਕਦੇ ਵੀ ਅੱਜ ਤਕ ਤਾਲਾਬੰਦੀ ਦੀ ਅਪੀਲ ਜਾਂ ਹਦਾਇਤ ਨਹੀਂ ਕੀਤੀ। ਬੀਮਾਰੀ ’ਤੇ ਕਾਬੂ ਪਿਆ ਨਹੀਂ, ਉਲਟਾ ਦੇਸ਼ ਦੀ ਆਰਥਿਕਤਾ ਬਰਬਾਦ ਹੋ ਗਈ ਹੈ। ਲੱਖਾਂ, ਕਰੋੜਾਂ ਨੌਕਰੀਆਂ ਖ਼ਤਮ ਹੋ ਗਈਆਂ ਹਨ ਜਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਬਦ-ਇੰਤਜ਼ਾਮੀ ਕਰਕੇ ਅਨਾਜ ਗੋਦਾਮਾਂ ਵਿੱਚ ਸੜ ਰਿਹਾ ਹੈ। ਗਰੀਬ ਭੁੱਖ ਨਾਲ ਮਰ ਰਿਹਾ ਹੈ, ਉਨਾਂ ਨੂੰ ਅਨਾਜ ਉਹ ਦਿੱਤਾ ਜਾ ਰਿਹਾ ਹੈ, ਜੋ ਜਾਨਵਰਾਂ, ਪਸ਼ੂਆਂ ਦੇ ਖਾਣ ਦੇ ਵੀ ਕਾਬਲ ਨਹੀਂ ਹੈ।

ਦੇਸ਼ ਦੀ ਜੀ ਡੀ ਪੀ ਮਾਇਨਸ 23.9 ਫ਼ੀਸਦੀ ਹੋ ਗਈ, ਜੋ ਤਕਰੀਬਨ ਸੰਸਾਰ ਵਿੱਚ ਪਹਿਲੇ ਨੰਬਰ ’ਤੇ ਹੈ, ਪਰ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਆਪਣੇ ਮਹੀਨਾਵਾਰ ‘ਮਨ ਕੀ ਬਾਤ’ ਵਿੱਚ ਦੇਸੀ ਕੁੱਤੇ ਪਾਲਣ, ਬੱਚਿਆਂ ਦੇ ਖਿਡਾਉਣੇ ਬਣਾਉਣ ਆਦਿ ਵਿੱਚ ਆਪਣਾ ਸਮਾਂ ਬਰਬਾਦ ਕਰ ਰਹੇ ਹਨ। ਇਸ ਮੰਦਹਾਲੀ ਦੀ ਕੋਈ ਜ਼ਿੰਮੇਵਾਰੀ ਲੈਣ ਲਈ ਅੱਗੇ ਨਹੀਂ ਆ ਰਿਹਾ। ਦੇਸ਼ ਨੂੰ ਇਸ ਮੰਦਵਾੜੇ ਵਿੱਚੋਂ ਕਿਵੇਂ ਕੱਢਣਾ ਹੈ, ਕੋਈ ਠੋਸ ਸੁਝਾਅ ਪੇਸ਼ ਨਹੀਂ ਕਰ ਰਿਹਾ, ਸਭ ਰੱਬ ਆਸਰੇ ਚੱਲ ਰਿਹਾ ਹੈ। ਗਿਰਾਵਟ ਦੀ ਇਹ ਸ਼ੁਰੂਆਤ ਹੈ। ਅੱਗੇ-ਅੱਗੇ ਦੇਖੋ ਕੀ-ਕੀ ਹੁੰਦਾ ਹੈ। ਅਜੇ ਤਕ ਤਾਂ ਇੰਨੀ ਗਿਰਾਵਟ ਹੈ ਜਿੰਨੀ ਪਿਛਲੇ ਚਾਰ ਦਹਾਕਿਆਂ ਵਿੱਚ ਨਹੀਂ ਹੋਈ।

ਉਪਰੋਕਤ ਆਰਥਿਕ ਸੰਕਟ ਦੇ ਚੱਲਦਿਆਂ, ਖ਼ੁਸ਼ੀ ਵਾਲੀ ਗੱਲ ਇਹ ਹੋਈ ਹੈ ਕਿ ਖੇਤੀ ਵਿੱਚ ਇਸ ਮਿਆਦ ਵਿੱਚ 3.4 ਫ਼ੀਸਦੀ ਦਾ ਵਾਧਾ ਹੋਇਆ ਹੈ, ਜਿਸ ਲਈ ਭਾਰਤੀ ਕਿਸਾਨ ਵਧਾਈ ਦਾ ਹੱਕਦਾਰ ਹੈ। ਇਸ ਵਾਧੇ ਦੇ ਸਦਕਾ ਹੀ ਦੇਸ਼ ਨੂੰ ਆਪਣੀ ਭੁੱਖ ਮਿਟਾਉਣ ਲਈ ਕਿਸੇ ਹੋਰ ਦੇਸ਼ ਅੱਗੇ ਹੱਥ ਅੱਡਣੇ ਨਹੀਂ ਪੈਣੇ, ਪਰ ਦੂਜੇ ਪਾਸੇ ਬੇਰੁਜ਼ਗਾਰੀ ਕਰਕੇ ਆਮ ਲੋਕਾਂ ਪਾਸ ਪੈਸੇ ਦੀ ਇੰਨੀ ਜ਼ਿਆਦਾ ਕਮੀ ਹੋ ਗਈ ਹੈ ਕਿ ਉਨਾਂ ਦੀ ਖਰੀਦ ਸ਼ਕਤੀ ਖ਼ਤਮ ਹੋ ਗਈ ਹੈ। ਇੱਕ ਸਰਵੇ ਦੇ ਅੰਕ ਮੁਤਾਬਕ ਖਰੀਦਦਾਰੀ 54.3 ਫ਼ੀਸਦੀ ਤਕ ਡਿੱਗ ਗਈ ਹੈ। ਸਰਕਾਰ ਬਜ਼ਾਰ ਖੋਲਣ ਦੀ ਆਗਿਆ ਦੇ ਰਹੀ ਹੈ, ਪਰ ਖਰੀਦਦਾਰੀ ਕੌਣ ਕਰੇਗਾ, ਗਾਹਕ ਕਿੱਥੋਂ ਆਉਣਗੇ ?

ਮੌਜੂਦਾ ਸੰਕਟ ਦੂਰ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਦੇ ਹੱਥਾਂ ਵਿੱਚ ਸਰਕਾਰੀ ਸਕੀਮਾਂ ਰਾਹੀ ਪੈਸਾ ਭੇਜੇ, ਤਾਂ ਕਿ ਉਹ ਖਰੀਦਦਾਰੀ ਕਰ ਸਕਣ। ਅਜਿਹਾ ਕਰਨ ਨਾਲ ਪੈਸੇ ਦਾ ਚਲਨ ਹੋਵੇਗਾ। ਖਰੀਦਦਾਰੀ ਬਾਅਦ ਮੰਗ ਵਧੇਗੀ, ਮੰਗ ਵਧਣ ਤੋਂ ਬਾਅਦ ਸੰਬੰਧਤ ਕਾਰਖਾਨੇ ਹਰਕਤ ਵਿੱਚ ਆਉਣਗੇ। ਕਾਰਖਾਨੇ ਚਾਲੂ ਹੋਣ ਤੋਂ ਲੋਕਾਂ ਦੇ ਹੱਥ ਵਿੱਚ ਦੁਬਾਰਾ ਰੁਜ਼ਗਾਰ ਆਵੇਗਾ, ਪਰ ਅੱਜ ਤਕ ਤਾਂ ਫੈਕਟਰੀਆਂ ਬੰਦ ਹੋਣ ਦੀਆਂ ਰੋਜ਼ਾਨਾ ਖ਼ਬਰਾਂ ਆ ਰਹੀਆਂ ਹਨ।

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

## ਸੁੱਖਾ-ਜਿੰਦਾ ਨਾਲ ਮੇਰੀ ਮੁਲਾਕਾਤ

ਮੁੰਬਈ ਦੇ ਮੇਰੇ ਫਲੈਟ ਦੇ ਉੱਪਰ ਉਹ ਰਹੇ ਅਤੇ ਬਚ ਕੇ ਨਿਕਲ ਗਏ। ਮਿਤੀ 3 ਮਈ 1986 ਸੀ। ਸ਼ਨਿਚਰਵਾਰ ਦਾ ਦਿਨ ਸੀ। ਮੈਂ ਆਪਣੇ ਅਖ਼ਬਾਰ ਵਿਚ ਇਕ ਮਹੀਨੇ ਨਾਈਟ ਸ਼ਿਫਟ ’ਤੇ ਸੀ। ਸਵੇਰੇ ਜਲਦੀ ਘਰ ਆਇਆ ਅਤੇ ਸੌਂ ਰਿਹਾ ਸਾਂ। ਮੇਰੀ ਪਤਨੀ ਨੇ ਮੈਨੂੰ ਤਕਰੀਬਨ ਸਵੇਰੇ ਸਾਢੇ ਦਸ ਵਜੇ ਜਗਾਇਆ ਅਤੇ ਦੱਸਿਆ ਕਿ ਕੋਈ ਗੰਭੀਰ ਘਟਨਾ ਵਾਪਰੀ ਜਾਪਦੀ ਹੈ ਕਿਉਂਕਿ ਇੱਥੇ ਸਭ ਜਗਾ ਪੁਲਿਸ ਹੀ ਪੁਲਿਸ ਹੈ। ਜਦ ਮੈਂ ਬਾਹਰ ਆਇਆ ਤਾਂ ਉੱਥੇ ਐਂਟਾਪ ਹਿੱਲ ਅਤੇ ਮਾਟੂੰਗਾ ਪੁਲਿਸ ਸਟੇਸ਼ਨਾਂ ਦੇ ਦਰਜਨਾਂ ਅਫ਼ਸਰਾਂ ਨੂੰ ਦੇਖਿਆ। ਇਸ ਦੇ ਇਲਾਵਾ ਕੁਝ ਕ੍ਰਾਈਮ ਬ੍ਰਾਂਚ ਦੇ ਸੂਹੀਏ ਝੁੰਡਾਂ ਵਿਚ ਮੇਰੀ ਬਿਲਡਿੰਗ ਵਿਚ ਤਾਇਨਾਤ ਸਨ। ਜਲਦੀ ਹੀ ਸਥਾਨਕ ਡੀਐੱਸਪੀ, ਐਡੀਸ਼ਨਲ ਸੀਪੀ ਅਤੇ ਪੁਲਿਸ ਕਮਿਸ਼ਨਰ ਡੀਐੱਸ ਸੋਮਨ ਵੀ ਉੱਥੇ ਪੁੱਜ ਗਏ। ਮੈਨੂੰ ਪਤਾ ਲੱਗਾ ਕਿ ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ ਅਤੇ ਨਿਰਮਲ ਸਿੰਘ ਨਿੰਮਾ ਨਾਂ ਦੇ ਤਿੰਨ ਹਾਰਡ-ਕੋਰ ਖਾੜਕੂ ਪਹਿਲੀ ਮੰਜ਼ਿਲ ’ਤੇ ਆਪਣੇ ਫਲੈਟ ਦੇ ਅੰਦਰ ਇਕ ਹੌਲਦਾਰ ਨੂੰ ਲਾਕ ਕਰਨ ਤੋਂ ਬਾਅਦ ਭੱਜ ਗਏ ਸਨ। ਮੈਨੂੰ ਇਹ ਵੀ ਪਤਾ ਲੱਗਾ ਕਿ ਮੁੰਬਈ ਆਉਣ ਤੋਂ ਪਹਿਲਾਂ ਤਿੰਨਾਂ ਨੇ ਰਾਜਸਥਾਨ ਦੇ ਇਕ ਚੈੱਕ ਪੋਸਟ ’ਤੇ ਸੂਬੇ ਦੇ ਇਕ ਪੁਲਿਸ ਅਫ਼ਸਰ ਦੀ ਹੱਤਿਆ ਕਰ ਦਿੱਤੀ ਸੀ। ਇੰਸਪੈਕਟਰ ਰਤਨ ਸਿੰਘ ਦੀ ਅਗਵਾਈ ਹੇਠ ਰਾਜਸਥਾਨ ਪੁਲਿਸ ਦੀ ਇਕ ਟੁਕੜੀ ਉਨਾਂ ਦੀ ਪੈੜ ਨੱਪਦੀ ਹੋਈ ਇਸ ਬਿਲਡਿੰਗ ਨੰਬਰ 84, ਸੈਕਟਰ 7, ਐਂਟਾਪ ਹਿੱਲ, ਮੁੰਬਈ ਵਿਚ ਆ ਪੁੱਜੀ ਜਿੱਥੇ ਮੈਂ ਗਰਾਊਂਡ ਫਲੋਰ ’ਤੇ ਰਹਿੰਦਾ ਸਾਂ। ਨਵੰਬਰ 1985 ਵਿਚ ਰਾਜਸਥਾਨ ਤੋਂ ਭੱਜਣ ਤੋਂ ਬਾਅਦ ਉਹ ਮੁੰਬਈ ਪੁੱਜੇ ਅਤੇ ਕੁਝ ਦਿਨਾਂ ਤਕ ਖ਼ਾਲਸਾ ਕਾਲਜ ਦੇ ਹੋਸਟਲ ਵਿਚ ਰਹੇ ਜਿੱਥੇ ਉਨਾਂ ਦਾ ਦੋਸਤ ਗੁਰਚਰਨ ਸਿੰਘ ਭੁੱਲਰ ਵਿਦਿਆਰਥੀ ਸੀ। ਉਹ ਅਤੇ ਸੁੱਖਾ ਦੋਵੇਂ ਹੀ ਸ੍ਰੀਗੰਗਾਨਗਰ ਦੇ ਰਹਿਣ ਵਾਲੇ ਸਨ। ਇਕ ਪੰਜਾਬੀ ਥਿਏਟਰ ਗਰੁੱਪ ਆਪਣੇ ਨਾਟਕ ਦੀ ਰਿਹਰਸਲ ਲਈ ਕਾਲਜ ਦੇ ਇਕ ਕਮਰੇ ਦਾ ਇਸਤੇਮਾਲ ਕਰਦਾ ਸੀ। ਰਵਿੰਦਰ ਰਵੀ ਨਾਟਕ ਦਾ ਨਿਰਦੇਸ਼ਨ ਕਰ ਰਹੇ ਸਨ ਜਦਕਿ ਸੁਰਿੰਦਰ ਵਾਲੀਆ ਨਿਰਮਾਤਾ ਸਨ। ਤਿੰਨੇ ਗਰਮ-ਖ਼ਿਆਲੀ ਅਕਸਰ ਰਿਹਰਸਲ ਦੇਖਣ ਆਉਂਦੇ ਸਨ ਅਤੇ ਇਸ ਦੌਰਾਨ ਵਾਲੀਆ ਦੇ ਦੋਸਤ ਬਣ ਗਏ। ਕੁਝ ਦਿਨਾਂ ਬਾਅਦ ਉਨਾਂ ਨੇ ਵਾਲੀਆ ਨੂੰ ਬੇਨਤੀ ਕੀਤੀ ਕਿ ਉਹ ਉਨਾਂ ਲਈ ਕਿਰਾਏ ’ਤੇ ਇਕ ਫਲੈਟ ਦਾ ਬੰਦੋਬਸਤ ਕਰਨ। ਵਾਲੀਆ ਨੇ ਉਨਾਂ ਨੂੰ ਮੱਖਣੀ ਮਾਸੀ ਨਾਂ ਦੀ ਇਕ ਅਸਟੇਟ ਏਜੰਟ ਨੂੰ ਮਿਲਵਾਇਆ ਅਤੇ ਉਸ ਨੇ ਮੇਰੀ ਬਿਲਡਿੰਗ ਵਿਚ ਇਸ ਫਲੈਟ ਦੀ ਵਿਵਸਥਾ ਕੀਤੀ ਜਿੱਥੇ ਇਹ ਦਸੰਬਰ 1985 ਦੇ ਅੱਧ ਵਿਚ ਸ਼ਿਫਟ ਹੋਏ। ਸ਼ਹਿਰ ਦੀ ਪੁਲਿਸ, ਕ੍ਰਾਈਮ ਬਰਾਂਚ ਅਤੇ ਇੱਥੋਂ ਤਕ ਕਿ ਖ਼ੁਫ਼ੀਆ ਏਜੰਸੀਆਂ ਨੂੰ ਇਸ ਗੱਲ ਦਾ ਅਨੁਮਾਨ ਤਕ ਨਹੀਂ ਸੀ ਕਿ ਬਹੁਤ ਪ੍ਰੇਰਿਤ ਗਰਮ-ਖ਼ਿਆਲੀ ਮੁੰਬਈ ਵਿਚ ਵਿਦਿਆਰਥੀਆਂ ਦੇ ਤੌਰ ’ਤੇ ਰਹਿ ਰਹੇ ਹਨ। ਉਹ ਬਿਨਾਂ ਸ਼ੱਕ-ਓ-ਸ਼ੁਬਾ ਦੇ ਨਾਲ ਹੀ ਲੱਗਦੇ ਛੋਟੇ ਖੇਡ ਦੇ ਮੈਦਾਨ ਵਿਚ ਨੌਜਵਾਨਾਂ ਨਾਲ ਕ੍ਰਿਕਟ ਖੇਡਦੇ ਸਨ। ਪਰ ਰਾਜਸਥਾਨ ਪੁਲਿਸ ਲਗਾਤਾਰ ਆਪਣੇ ਸ਼ਿਕਾਰ ਦਾ ਪਿੱਛਾ ਕਰ ਰਹੀ ਸੀ। ਅੰਤ ਵਿਚ 2 ਮਈ ਦੀ ਸ਼ਾਮ ਨੂੰ ਉਨਾਂ ਤਿੰਨਾਂ ਦੀ ਪਛਾਣ ਦੀ ਪੁਸ਼ਟੀ ਕੀਤੀ ਅਤੇ ਉਨਾਂ ਦੀ ਹੱਤਿਆ ਲਈ ਸਹੀ ਵਕਤ ਦੀ ਉਡੀਕ ਕਰਨ ਲੱਗੇ। ਤਿੰਨ ਦੀ ਸਵੇਰੇ ਉਹ ਐਂਟਾਪ ਹਿੱਲ ਪੁਲਿਸ ਸਟੇਸ਼ਨ ਗਏ ਅਤੇ ਨਾਲ ਲੈ ਕੇ ਜਾਣ ਲਈ ਸਥਾਨਕ ਪੁਲਿਸ ਵਾਲਿਆਂ ਦੀ ਮਦਦ ਮੰਗੀ। ਪਰ ਉਦੋਂ ਉਨਾਂ ਨੇ ਲੋੜੀਂਦੇ ਵਿਅਕਤੀਆਂ ਦੀ ਪਛਾਣ ਨੂੰ ਉਜਾਗਰ ਨਾ ਕਰ ਕੇ ਬਹੁਤ ਵੱਡੀ ਭੁੱਲ ਕਰ ਦਿੱਤੀ । ਇੰਸਪੈਕਟਰ ਰਤਨ ਸਿੰਘ ਅਤੇ ਉਨਾਂ ਦੀ ਟੀਮ ਜਾਣਦੀ ਸੀ ਕਿ ਤਿੰਨੇ ਭਾਰੀ ਹਥਿਆਰਾਂ ਨਾਲ ਲੈਸ ਸਨ । ਜਦ ਇਕ ਕਾਂਸਟੇਬਲ ਨੇ ਉਨਾਂ ਦਾ ਬੂਹਾ ਖੜਕਾਇਆ ਅਤੇ ਖ਼ੁਦ ਦੀ ਪਛਾਣ ਦੱਸੀ ਤਾਂ ਤਿੰਨਾਂ ਨੇ ਉਸ ਨੂੰ ਅੰਦਰ ਖਿੱਚ ਲਿਆ। ਉਨਾਂ ਨੇ ਉਸ ਦੇ ਹੱਥ ਬੰਨ ਦਿੱਤੇ ਅਤੇ ਉਸ ਨੂੰ ਬਾਥਰੂਮ ਵਿਚ ਬੰਦ ਕਰ ਦਿੱਤਾ। ਉਹ ਸੱਜੇ ਪਾਸਿਓਂ ਇਮਾਰਤ ਤੋਂ ਬਾਹਰ ਭੱਜ ਗਏ ਜਦਕਿ ਪੁਲਿਸ ਖੱਬੇ ਪਾਸੇ ਉਡੀਕ ਰਹੀ ਸੀ। ਜਦ ਕਾਂਸਟੇਬਲ ਲੰਬੇ ਸਮੇਂ ਤਕ ਨਾ ਆਇਆ ਤਾਂ ਉੱਥੇ ਜਾ ਕੇ ਪੁਲਿਸ ਨੇ ਉਸ ਨੂੰ ਬਾਹਰ ਕੱਢਿਆ। ਜਦ ਸਥਾਨਕ ਪੁਲਿਸ ਨੂੰ ਬਚ ਕੇ ਨਿਕਲ ਜਾਣ ਵਾਲਿਆਂ ਦੀ ਸਹੀ ਪਛਾਣ ਪਤਾ ਲੱਗੀ ਤਾਂ ਉਨਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਮੇਰੇ ਘਰ ਵਿਚ ਇਕ ਵੱਡੇ ਡਾਈਨਿੰਗ ਟੇਬਲ ’ਤੇ ਬੈਠ ਕੇ ਪੁਲਿਸ ਕਮਿਸ਼ਨਰ ਸੋਮਨ ਬਹੁਤ ਖ਼ਫ਼ਾ ਹੋਏ। ਸੀਪੀ ਨੇ ਤਾਂ ਉਨਾਂ ਅਤੇ ਉਨਾਂ ਦੇ ਅਧਿਕਾਰੀਆਂ ਲਈ ਮੇਰੀ ਪਤਨੀ ਦੁਆਰਾ ਬਣਾਈ ਗਈ ਚਾਹ ਪੀਣ ਤੋਂ ਵੀ ਨਾਂਹ ਕਰ ਦਿੱਤੀ ਸੀ। ਮੇਰਾ ਡਰਾਇੰਗ ਰੂਮ ਕਈ ਘੰਟਿਆਂ ਤਕ ਪੁਲਿਸ ਦੇ ਮੁੱਖ ਦਫ਼ਤਰ ਵਿਚ ਤਬਦੀਲ ਹੋ ਗਿਆ ਸੀ। ਮੇਰੇ ਕੋਲ ਘਰੇ ਦੋ ਲੈਂਡਲਾਈਨ ਟੈਲੀਫੋਨ ਕੁਨੈਕਸ਼ਨ ਸਨ ਜੋ ਉਸ ਦੌਰਾਨ ਵੱਖ-ਵੱਖ ਏਜੰਸੀਆਂ ਨਾਲ ਗੱਲ ਕਰਨ ਲਈ ਪੁਲਿਸ ਦੇ ਕੰਮ ਆਏ ਸਨ। ਸੋਮਨ ਨੇ ਮੈਨੂੰ ਚੇਤਾਵਨੀ ਦਿੱਤੀ ਕਿ ਮੇਰੇ ਅਖ਼ਬਾਰ ਵਿਚ ਅੰਦਰ ਦੀ ਕੋਈ ਜਾਣਕਾਰੀ ਪ੍ਰਕਾਸ਼ਿਤ ਨਾ ਹੋਵੇ। ਮੇਜ਼ ’ਤੇ ਪਈ ਇਕ ਅੰਗਰੇਜ਼ੀ ਦੀ ਪੁਸਤਕ ਨੇ ਮੇਰਾ ਧਿਆਨ ਖਿੱਚਿਆ। ਉਸ ਦਾ ਸਿਰਲੇਖ ਸੀ ‘ਟਿੱਪਲ।‘ ਪਿਛਲੇ ਪੰਨੇ ’ਤੇ ਇਕ ਨਾਂ ਅਤੇ ਇਕ ਕਾਰ ਨੰਬਰ ਸੀ। ਸ੍ਰੀਮਤੀ ਵੈਦਿਆ। ਡੀਆਈਬੀ 1437! ਕਿਸੇ ਨੂੰ ਵੀ ਇਨਾਂ ਚਾਰ ਸ਼ਬਦਾਂ ਬਾਰੇ 10 ਅਗਸਤ 1986 ਤਕ ਪਤਾ ਨਹੀਂ ਲੱਗਾ ਸੀ ਜਦ ਤਕ ਭਾਰਤੀ ਫ਼ੌਜ ਦੇ ਸਾਬਕਾ ਮੁਖੀ ਅਰੁਣ ਵੈਦਿਆ ਨੂੰ ਪੁਣੇ ਵਿਚ ਇਸੇ ਨੰਬਰ ਦੀ ਮਾਰੂਤੀ ਕਾਰ ਵਿਚ ਗੋਲ਼ੀ ਮਾਰ ਦਿੱਤੀ ਗਈ ਸੀ।

**ਬਲਜੀਤ ਪਰਮਾਰ**

## ਕਵਿਤਾ

### ਪਾਟੇ ਖਾਂ ਤੇ ਨਾਢੂ ਖਾਂ ਦੀ ਆਕੜ ਦਾ ਹਸ਼ਰ ਦੇਖ ਲਉ !

ਪਾਟੇ ਖਾਂ ਸੀ ਤੁਰਿਆ ਜਾਂਦਾ ਗਰਦਨ ਨੂੰ ਅਕੜਾ ਕੇ
ਉੱਧਰੋਂ ਨਾਢੂ ਖਾਂ ਵੀ ਆਇਆ ਛਾਤੀ ਖ਼ੂਬ ਫੁਲਾ ਕੇ
ਇਕ ਦੀ ਗਰਦਨ ਕੁੱਕੜ,ਵਾਂਗੂੰ ਉੱਚੀ ਸਿੱਧੀ ਅਕੜੀ
ਦੂਜਾ ਸਾਨੇਂ ਵਾਂਗੂ ਜਾਪੇ, ਸੁੱਕੀ ਮੁੜੇ ਨਾ ਲਕੜੀ
ਪਹਿਲਾ ਨੱਕੋਂ ਠੂੰਹੇਂ ਡੇਗੇ, ਦੂਜਾ ਕੰਨ ਖਜੂਰੇ
ਮੂੰਹ ’ਚੋਂ ਫੂੰ ਫੂੰ ਕਰੇ ਇਕ ਤੇ ਦੂਜਾ ਗਲੋਂ ਖੰਘੂਰੇ
ਡੂੰਘੀ ਨਦੀ ਉਤੇ ਪੁਲ ਸੌੜਾ, ਕੱਲਾ ਹੀ ਲੰਘ ਸੱਕੇ
ਆਹਮੋਂ ਸਾਹਵੇਂ ਟੱਕਰੇ ਦੋਵੇਂ, ਲੱਗੇ ਮਾਰਨ ਧੱਕੇ
ਪਾਟੇ ਖਾਂ ਕਹੇ ‘ਹਟ ਸੁਸਰੇ, ਅੜਾ ਖੜਾ ਕਿਉਂ ਆਗੇ ?
ਹਮ ਹੈਂ ਪਾਟੇ ਖਾਨ ਸ਼ੇਰ ਭੀ, ਹਮ ਸੇ ਡਰ ਕਰ ਭਾਗੇ !’
ਨਾਢੂ ਖਾਂ ਨੇ ਮੁੱਛਾਂ ਵੱਟੀਆਂ,ਅਤੇ ਕਹਿਕਹਾ ਲਾਇਆ-
‘ਵਾਹ ਰੇ ਪੱਠੇ ਚਿੜੀਆ ਘਰ ਸੇ ਨਿਕਲ ਕਿਸ ਤਰਾਂ ਆਇਆ
ਨਾਕ ਪਕੜ ਕੇ ਰੁਖਸਾਰੇ ਪਰ, ਚੱਪੜ ਏਕ ਜਮਾਊਂ
ਧੀਂਗਾ-ਧੀਂਗੀ ਅਕੜ ਫਕੜ ਸਭ, ਫੌਰਨ ਤੁਝੇ ਭੁਲਾਊਂ !’
ਪਾਟੇ ਖਾਂ ਨੇ ਧੌਲ ਜਮਾਈ,ਨਾਢੂ ਖਾਂ ਨੇ ਮੁੱਕਾ
ਨਾਲੇ ਐਸੀ ਦੰਦੀ ਵੱਢੀ, ਮਾਸ ਨਾ ਛੱਡਿਆ ਉੱਕਾ
ਚੀਕ ਮਾਰ ਕੇ ਡਿੱਗਣ ਲੱਗਾ,ਜੱਫੀ ਉਸਨੂੰ ਪਾਈ
ਗਿਰੇ ਨਦੀ ਵਿਚ ਗੋਤੇ ਖਾਵਣ,ਫਿਰ ਭੀ ਕਰਨ ਲੜਾਈ
ਓਵੇਂ ਓਸੇ ਪੁਲ ’ਤੇ ਪਿੱਛੋਂ, ਬੱਕਰੀਆਂ ਦੋ ਆਈਆਂ
ਪ੍ਰੇਮ-ਨਿਮ੍ਰਤਾ ਨਾਲ ਮੁਸ਼ਕਲਾਂ ਓਹਨਾਂ ਦੂਰ ਕਰਾਈਆਂ
ਲੇਟ ਗਈ ਇਕ ਬੱਕਰੀ ਪਹਿਲੇ, ਦੂਜੀ ਉਸਤੋਂ ਲੰਘੀ
ਰਾਜੀ ਬਾਜੀ ਘਰ ਨੂੰ ਗਈਆਂ, ਨਾ ਕੋਈ ਘੂਰੀ ਖੰਘੀ
ਪਾਟੇ ਖਾਂ ਨੇ ਵੇਖ ਤਮਾਸ਼ਾ, ਕਿਹਾ ‘ਅਬੇ ਓ ਉੱਲੂ !
ਤੁਮ ਸੇ ਬੱਕਰੀ ਭੀ ਹੈ ਅੱਛੀ, ਡੂਬ ਮਰੋ ਭਰ ਚੁੱਲੂ !
ਜਾਤੇ ਲੇਟ ਅਗਰ ਤੁਮ ਪਹਿਲੇ,ਹੋਤੀ ਕਾਹੇ ਲੜਾਈ ?’
ਨਾਢੂ ਕਿਹਾ, ‘ਗਧੇ ਯੇਹ ਹਿਕਮਤ,ਤੁਮ ਕੋ ਕਿਉਂ ਨਾ ਆਈ ?’
‘ਤੁਮ ਤੁਮ’ ਕਹਿ ਇਕ ਦੂਜਾ ਕੋਸਣ, ਗੋਤੇ ਐਨੇ ਆਏ
ਪਾਟੇ ਖਾਂ ਤੇ ਨਾਢੂ ਖਾਂ ਜੀ, ਦੋਵੇਂ ਨਰਕ ਸਿਧਾਏ !

**(ਐੱਸ.ਐੱਸ ਚਰਨ ਸਿੰਘ ‘ਸ਼ਹੀਦ’)**
**- ਤਰਲੋਚਨ ਸਿੰਘ ‘ਦੁਪਾਲਪੁਰ’**
001-408-915-1268

## ਲਾਪਤਾ ਸਰੂਪ ਬਾਰੇ ਕਾਨੂੰਨੀ...

ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੇ ਅਹੁਦੇਦਾਰਾਂ ਵਲੋਂ ਇਸ ਵੱਡੀ ਘਟਨਾ ਨੂੰ ਲੁਕਾ ਕੇ ਰੱਖਣਾ ਅਤੇ ਮਰਿਆਦਾ ਅਨੁਸਾਰ ਕਾਰਵਾਈ ਨਾ ਕਰਨਾ ਸ਼੍ਰੋਮਣੀ ਕਮੇਟੀ ਦੇ ਕੰਮਕਾਜ ’ਤੇ ਵੱਡਾ ਸਵਾਲੀਆ ਨਿਸ਼ਾਨ ਹੈ। ਇਸ ਮਾਮਲੇ ਨੂੰ ਉਜਾਗਰ ਕਰਨ ਵਾਲੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਸਰਬਜੀਤ ਸਿੰਘ ਵੇਰਕਾ ਦਾ ਮੰਨਣਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਜੋ ਊਣਤਾਈਆਂ ਉਜਾਗਰ ਹੋਈਆਂ ਹਨ ਤੇ ਜੇਕਰ ਹੁਣ ਇਸ ਤੋਂ ਸਿੱਖਿਆ ਲਈ ਜਾਵੇ ਤਾਂ ਇਹ ਕੇਸ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ’ਚ ਵੱਡੇ ਸੁਧਾਰ ਕਰਨ ’ਚ ਅਹਿਮ ਕੜੀ ਨਿਭਾਅ ਸਕਦਾ ਹੈ।

**ਕੌਣ ਜ਼ਿੰਮੇਵਾਰ !**

ਇਥੇ ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦਾ ਗੁੰਮ ਹੋ ਜਾਣਾ, ਉਹ ਵੀ ਐਨੀ ਵੱਡੀ ਤਾਦਾਦ ਵਿੱਚ ਤਾਂ ਸਿੱਖਾਂ ਦੇ ਬਰਦਾਸਤ ਤੋ ਬਾਹਰ ਹੋਣਾ ਸੁਭਾਵਿਕ ਹੈ। ਇਸ ਮਸਲੇ ਨੂੰ ਜੇਕਰ ਗੰਭੀਰਤਾ ਨਾਲ ਪੜਚੋਲਿਆ ਜਾਵੇ ,ਤਾਂ ਇਸ ਘਟਨਾ ਦਾ ਮੁਢਲਾ ਸਮਾਂ ਵੀ ਉਸ ਸਮੇਂ ਨਾਲ ਜਾ ਮਿਲਦਾ ਹੈ, ਜਦੋਂ 2015 ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਚੋਰੀ ਹੋਏ ਅਤੇ ਬੇਅਦਬੀਆਂ ਦਾ ਦੌਰ ਚੱਲਿਆ। ਇੱਕ ਪਾਸੇ ਫਰੀਦਕੋਟ ਜਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗਰੰਥ ਸਾਹਿਬ ਦੇ ਸਰੂਪ ਚੋਰੀ ਹੋ ਜਾਂਦੇ ਹਨ ਅਤੇ ਕੁੱਝ ਦਿਨਾਂ ਬਾਅਦ ਬਰਗਾੜੀ ਦੀਆਂ ਗਲੀਆਂ ਵਿੱਚੋ ਗੁਰੂ ਸਾਹਿਬ ਦੇ ਬੇਅਦਬ ਕੀਤੇ ਅੰਗ ਮਿਲਦੇ ਹਨ, ਜਿਸ ਤੋ ਸਿੱਖ ਕੌਮ ਦੀਆਂ ਭਾਵਨਾਵਾਂ ਬੁਰੀ ਤਰ੍ਹਾਂ ਭੜਕਦੀਆਂ ਹਨ, ਤੇ ਫਿਰ ਇਹ ਵਰਤਾਰਾ ਲਗਾਤਾਰ ਚੱਲਦਾ ਰਹਿੰਦਾ ਹੈ। ਅੱਗੇ ਜੋ ਕੁੱਝ ਵੀ ਹੋਇਆ, ਉਹਦਾ ਇੱਥੇ ਮੁੜ ਮੁੜ ਤੋਂ ਜਿਕਰ ਕਰਨਾ ਵਾਜਬ ਨਹੀ। ਉਹਨਾਂ ਦਿਨਾਂ ਵਿੱਚ ਹੀ ਭਾਵ 2016 ਵਿੱਚ ਸ਼ਰੋਮਣੀ ਕਮੇਟੀ ਦੇ ਪ੍ਰਕਾਸ਼ਨਾ ਵਿਭਾਗ ਵਿੱਚ ਸਰੂਪ ਗੁੰਮ ਹੋਣ ਦੀ ਗੱਲ ਸਾਹਮਣੇ ਆਉਂਦੀ ਹੈ, ਜਿਸ ਨੂੰ ਬੇਸ਼ੱਕ ਜਨਤਕ ਨਹੀਂ ਹੋਣ ਦਿੱਤਾ ਗਿਆ, ਪਰ ਹੁਣ ਜਦੋਂ ਮਾਮਲਾ ਸਾਰੇ ਹੱਦਾਂ ਬੰਨੇ ਪਾਰ ਕਰ ਗਿਆ ਤਾਂ ਇਹ ਅਣਹੋਣੀ ਘਟਨਾ ਜਨਤਕ ਹੋ ਗਈ। ਉਸ ਮੌਕੇ ਦੇ ਚਸ਼ਮਦੀਦਾਂ ਮੁਤਾਬਿਕ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸਬੰਧਤ ਅਧਿਕਾਰੀ ਸਿਰਫ 14 ਸਰੂਪਾਂ ਦਾ ਜਿਕਰ ਕਰਦੇ ਸਨ। ਉਸ ਮੌਕੇ ਇਹ ਕਹਿ ਕੇ ਇਸ ਮਸਲੇ ਨੂੰ ਦਬਾ ਦਿੱਤਾ ਗਿਆ ਕਿ ਪ੍ਰਕਾਸ਼ਨਾ ਵਿਭਾਗ ਅੱਗ ਲੱਗਣ ਨਾਲ ਤੇ ਪਾਣੀ ਦੀਆਂ ਬੁਛਾੜਾਂ ਨਾਲ ਪਾਵਨ ਸਰੂਪ ਨੁਕਸਾਨੇ ਗਏ ਹਨ, ਜਦੋਂ ਕਿ ਉਸ ਮੌਕੇ ਅਕਾਲੀ ਦਲ ਦੀਆਂ ਮੂਹਰਲੀਆਂ ਸਫਾਂ ਵਿੱਚ ਰਹਿ ਚੁੱਕੇ ਤੇ ਹੁਣ ਬਾਗੀ ਹੋਏ ਅਕਾਲੀ ਆਗੂ ਤੇ ਸ਼ਰੋਮਣੀ ਕਮੇਟੀ ਮੈਂਬਰ 2016 ਵਿੱਚ ਹੀ ਗਾਇਬ ਹੋਏ ਸਰੂਪਾਂ ਦੀ ਗਿਣਤੀ 518 ਦੱਸਦੇ ਹਨ। ਹੁਣ ਇਹ ਮਸਲਾ ਜਨਤਕ ਹੋ ਗਿਆ ਤੇ ਸ਼ਰੋਮਣੀ ਕਮੇਟੀ ਕਟਹਿਰੇ ਵਿੱਚ ਆ ਗਈ।

ਆਏ ਦਿਨ ਨਵੇਂ ਖੁਲਾਸੇ ਹੋਣ ਕਰਕੇ ਸਿੱਖ ਭਾਵਨਾਵਾਂ ਨਾਲ ਜੁੜਿਆ ਇਹ ਸੰਵੇਦਨਸ਼ੀਲ ਮਾਮਲਾ ਆਏ ਦਿਨ ਹੋਰ ਪੇਚੀਦਾ ਹੁੰਦਾ ਜਾ ਰਿਹਾ ਹੈ। ਸਿੱਖ ਕੌਮ ਦੇ ਰੋਹ ਨੂੰ ਠੱਲਣ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਹਾਮੀ ਭਰੀ, ਪਰ ਬਾਅਦ ਵਿੱਚ ਜਾਂਚ ਇੱਕ ਸਿੱਖ ਵਕੀਲ ਨੂੰ ਦੇ ਦਿੱਤੀ ਗਈ, ਜਿਸ ਦੀ ਰਿਪੋਰਟ ਆਉਣ ਤੋਂ ਬਾਅਦ ਇਹ ਮਾਮਲਾ ਸੁਲਝਣ ਦੀ ਬਜਾਏ ਹੋਰ ਸ਼ੱਕੀ ਹੋ ਗਿਆ, ਕਿਉਂਕਿ ਰਿਪੋਰਟ ਆਉਣ ਤੋਂ ਤੁਰੰਤ ਬਾਅਦ ਜਿਸ ਤਰ੍ਹਾਂ ਕਾਹਲ ਨਾਲ ਜਥੇਦਾਰ ਸਾਹਿਬ ਨੇ ਕਮੇਟੀ ਪ੍ਰਧਾਨ ਨੂੰ ਜਾਂਚ ਪੜਤਾਲ ਤੇ ਕਾਰਵਾਈ ਕਰਨ ਦੇ ਹੁਕਮ ਦਿੱਤੇ, ਜਿਸ ਨੂੰ ਸਿਆਸੀ ਦਬਾਅ ਅਧੀਨ ਪਰਦਾਪੋਸ਼ੀ ਵਾਲੀ ਕਾਰਵਾਈ ਹੀ ਸਮਝਿਆ ਜਾ ਰਿਹਾ ਹੈ, ਕਿਉਂਕਿ ਕੌਮ ਸਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵੀ ਇਸ ਵੱਡੀ ਅਵੱਗਿਆ ਦਾ ਦੋਸ਼ੀ ਮੰਨਦੀ ਸੀ, ਪਰ ਜਥੇਦਾਰ ਨੇ ਪ੍ਰਧਾਨ ਨੂੰ ਕਾਰਵਾਈ ਕਰਨ ਦੇ ਹੁਕਮ ਦੇ ਕੇ ਦੁੱਧ ਦੀ ਰਾਖੀ ਬਿੱਲਾ ਬੈਠਾਉਣ ਵਾਲੀ ਗੱਲ ਕਰ ਦਿੱਤੀ। ਉੱਧਰ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਬਗੈਰ ਜਾਂਚ ਰਿਪੋਰਟ ਨੂੰ ਪੜ੍ਹਨ ਦੇ ਹੀ ਬਹੁਤ ਕਾਹਲ ਵਿੱਚ ਕੁੱਝ ਮੁਲਾਜਮਾਂ ਅਤੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਕੇ, ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸ਼ਰੋਮਣੀ ਕਮੇਟੀ ਇਸ ਮਸਲੇ ਤੇ ਬੇਹੱਦ ਚਿੰਤਤ ਹੈ। ਉਸ ਮੌਕੇ ਪ੍ਰਧਾਨ ਲੌਂਗੋਵਾਲ ਨੇ ਕਾਹਲ ਵਿੱਚ ਇਹ ਵੀ ਕਹਿ ਦਿੱਤਾ ਕਿ ਦੋਸ਼ੀ ਪਾਏ ਗਏ ਵਿਅਕਤੀਆਂ ਖਿਲਾਫ ਪੁਲਿਸ ਕੇਸ ਵੀ ਦਰਜ ਕਰਵਾਏ ਜਾਣਗੇ। ਇਸ ਦੌਰਾਨ ਹੀ ਅਸਤੀਫਾ ਦੇ ਚੁੱਕੇ ਮੁੱਖ ਸਕੱਤਰ ਡਾ. ਰੂਪ ਸਿੰਘ ਨੂੰ ਪ੍ਰਧਾਨ ਲੌਂਗੋਵਾਲ ਨੇ ਦੋਸ਼ੀਆਂ ਦੀ ਕਤਾਰ ਵਿੱਚ ਖੜਾ ਕਰ ਦਿੱਤਾ, ਜਦੋਂ ਕਿ ਇਸ ਤੋ ਪਹਿਲਾਂ ਸੇਵਾ ਮੁਕਤ ਹੋਏ ਮੁੱਖ ਸਕੱਤਰ ਹਰਚਰਨ ਸਿੰਘ ਤੇ ਵੀ ਸਰੂਪ ਗੁੰਮ ਹੋਣ ਕਾਰਣ ਦੋਸ਼ੀ ਹੋਣ ਦੇ ਇਲਜ਼ਾਮ ਲੱਗਦੇ ਰਹੇ।

ਇਹਨਾਂ ਇਲਜ਼ਾਮਾਂ ਦਾ ਬੋਝ ਨਾ ਸਹਾਰਦਿਆਂ ਉਹਨਾਂ ਸਾਰਾ ਸੱਚ ਸੰਗਤ ਸਾਹਮਣੇ ਰੱਖਣ ਦੀ ਹਾਮੀ ਭਰ ਦਿੱਤੀ, ਪ੍ਰੰਤੂ ਉਸ ਤੋ ਪਹਿਲਾਂ ਹੀ ਉਹਨਾਂ ਦੀ ਅਚਾਨਕ ਮੌਤ ਦੀ ਖਬਰ ਆ ਗਈ। ਹਰਚਰਨ ਸਿੰਘ ਦੀ ਮੌਤ ਵੀ ਸ਼ੱਕ ਦੇ ਘੇਰੇ ਵਿੱਚ ਮੰਨੀ ਜਾ ਰਹੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਡਾ ਰੂਪ ਸਿੰਘ ਨੇ ਵੀ ਆਪਣੇ ਤੇ ਲੱਗੇ ਦੋਸ਼ਾਂ ਨੂੰ ਜਮੀਰ ਤੇ ਬੋਝ ਮੰਨਿਆ ਹੈ ਤੇ ਉਹਨਾਂ ਨੇ ਵੀ ਸੱਚ ਤੋਂ ਪਰਦਾ ਚੁੱਕਣ ਦੀ ਗੱਲ ਕੀਤੀ ਹੈ। ਜੇਕਰ ਇਸ ਮਾਮਲੇ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਦੀ ਪਹੁੰਚ ਸਬੰਧੀ ਗੱਲ ਕੀਤੀ ਜਾਵੇ ਤਾਂ ਪ੍ਰਧਾਨ ਲੌਂਗੋਵਾਲ ਦੇ ਬੀਤੇ ਦਿਨੀਂ ਇਸ ਢੀਠਤਾਈ ਅਤੇ ਬੇਸ਼ਰਮੀ ਭਰੇ ਬਿਆਨ ਕਿ ਨਾ ਹੀ ਸਰੂਪ ਗੁੰਮ ਹੋਏ ਹਨ, ਨਾ ਹੀ ਘੱਟ ਹਨ ਅਤੇ ਦੋਸ਼ੀਆਂ ਖਿਲਾਫ ਸ਼ਰੋਮਣੀ ਕਮੇਟੀ ਵਲੋਂ ਹੀ ਸਖਤ ਕਾਰਵਾਈ ਕੀਤੀ ਜਾਵੇਗੀ ਨੇ ਜਿੱਥੇ ਉਹਨਾਂ ਦੇ ਅੰਦਰਲੀ ਮੰਦ ਭਾਵਨਾ ਨੂੰ ਉਜਾਗਰ ਕਰ ਦਿੱਤਾ ਹੈ, ਓਥੇ ਜਥੇਦਾਰ ਅਤੇ ਪ੍ਰਧਾਨ ਵੱਲੋਂ ਪਿਛਲੇ ਬਿਆਨਾਂ ਤੋ ਬਿਲਕੁਲ ਹੀ ਉਲਟ ਜਾ ਕੇ ਲਏ ਗਏ ਨਵੇਂ ਪੈਂਤੜੇ ਨੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ ਹੈ, ਕਿਉਂਕਿ ਇਸ ਤੋਂ ਪਹਿਲਾਂ ਜਥੇਦਾਰ ਅਤੇ ਪ੍ਰਧਾਨ ਦਾ ਪਿਛਲੇ ਬਿਆਨਾਂ ਤੋ ਮੁਕਰਨਾ, ਸਾਬਕਾ ਮੁੱਖ ਸਕੱਤਰ ਦੀ ਸੱਚ ਬਿਆਨ ਕਰਨ ਤੋਂ ਪਹਿਲਾਂ ਹੋਈ ਸੰਦੇਹਪੂਰਨ ਮੌਤ ਅਤੇ ਦੂਸਰੇ ਸਾਬਕਾ ਮੁੱਖ ਸਕੱਤਰ ਡਾ ਰੂਪ ਸਿੰਘ ਵੱਲੋਂ ਸੱਚ ਤੋ ਪਰਦਾ ਚੁੱਕਣ ਦੇ ਦਿੱਤੇ ਬਿਆਨ ਨੇ ਬਹੁਤ ਸਾਰੇ ਨਵੇ ਸੁਆਲ ਖੜੇ ਕਰ ਦਿੱਤੇ ਹਨ। ਹੁਣ ਸਿੱਖ ਸੰਗਤ ਦੀਆਂ ਨਜਰਾਂ ਅਤੇ ਆਸਾਂ ਡਾ. ਰੂਪ ਸਿੰਘ ਤੇ ਟਿਕੀਆਂ ਹੋਈਆਂ ਹਨ। ਇਹ ਆਸ ਕੀਤੀ ਜਾ ਰਹੀ ਹੈ ਕਿ ਇੱਕ ਤਾਂ ਉਹਨਾਂ ਲੋਕਾਂ ਦੀ ਸ਼ਮੂਲੀਅਤ ਜੱਗ ਜਾਹਰ ਹੋਵੇਗੀ, ਜਿਹੜੇ ਇਸ ਪਾਪ ਲਈ ਜ਼ਿੰਮੇਵਾਰ ਹਨ, ਦੂਸਰਾ ਸਿੱਖ ਸੰਗਤਾਂ ਇਹ ਵੀ ਜਾਨਣਾ ਚਾਹੁੰਦੀਆਂ ਹਨ ਕਿ ਅਕਸਰ ਗੁਰੂ ਸਾਹਿਬ ਦੇ ਪਾਵਨ ਸਰੂਪ ਪਹੁੰਚਾਏ ਕਿੱਥੇ ਗਏ ਹਨ। ਕਮੇਟੀ ਪ੍ਰਧਾਨ ਵੱਲੋਂ ਗੁੰਮ ਹੋਏ ਸਰੂਪਾਂ ਦੇ ਮਾਮਲੇ ਨੂੰ ਮੁੱਢੋ ਹੀ ਰੱਦ ਕਰਨ ਤੋਂ ਬਾਅਦ ਸਿੱਖ ਮਨਾਂ ਵਿਚ ਇਸ ਗੱਲ ਦਾ ਖਦਸ਼ਾ ਹੈ ਕਿ ਇਹ ਗੁੰਮ ਹੋਏ ਸਰੂਪ ਸਰੋਮਣੀ ਕਮੇਟੀ ਦੇ ਕਰਤੇ ਧਰਤਿਆਂ ਦੀ ਮਿਲੀ ਭੁਗਤ ਨਾਲ ਹੀ ਸਿੱਖ ਦੁਸ਼ਮਣ ਤਾਕਤਾਂ ਦੇ ਹੱਥਾਂ ਵਿਚ ਚਲੇ ਗਏ ਹਨ, ਇਸ ਕਰਕੇ ਹੀ ਪ੍ਰਧਾਨ ਆਪਣੇ ਆਕਾਵਾਂ ਦੇ ਇਸ਼ਾਰੇ ’ਤੇ ਇਸ ਗੰਭੀਰ ਮੁੱਦੇ ਨੂੰ ਦਬਾਉਣਾ ਚਾਹੁੰਦੇ ਹਨ।

ਦੂਜੇ ਪਾਸੇ ਇਸ ਮਸਲੇ ਨੂੰ ਜਾਨਣ ਸਮਝਣ ਵਾਲੇ ਸਾਬਕਾ ਅਕਾਲੀਆਂ ਦਾ ਕਹਿਣਾ ਹੈ ਕਿ ਪ੍ਰਕਾਸ਼ਨਾ ਨਾਲ ਸਬੰਧਤ ਅਮਲੇ ਦੀ ਪੁਲਿਸ ਤਫਤੀਸ ਹੋਣੀ ਚਾਹੀਦੀ ਹੈ, ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਗੁਰੂ ਸਾਹਿਬ ਦੇ ਪਾਵਨ ਸਰੂਪ ਕਿੱਥੇ ਭੇਜੇ ਗਏ ਤੇ ਕੀਹਦੇ ਕਹਿਣ ਤੇ ਭੇਜੇ ਗਏ।

## ਜੰਮੂ-ਕਸ਼ਮੀਰ ’ਚ ਪੰਜਾਬੀ ਨੂੰ...

ਜੰਮੂ-ਕਸ਼ਮੀਰ ’ਚ ਵਸ ਰਹੇ ਘੱਟ ਗਿਣਤੀ ਵਿਸ਼ੇਸ਼ ਕਰ ਸਿੱਖਾਂ ਅਤੇ ਇਸ ਭਾਸ਼ਾ ਨਾਲ ਜੁੜੇ ਲੋਕਾਂ ਨਾਲ ਬਹੁਤ ਵੱਡੀ ਬੇਇਨਸਾਫ਼ੀ ਦੱਸੀ। ਉਨਾਂ ਕਿਹਾ ਕਿ ਪਿਛਲੇ 30 ਸਾਲ ਤੋਂ ਜੰਮੂ ਕਸ਼ਮੀਰ ਦੇ ਸਿੱਖ ਹਰ ਤਰਾਂ ਦੇ ਵਿਤਕਰੇ ਦਾ ਸ਼ਿਕਾਰ ਹੁੰਦੇ ਆ ਰਹੇ ਹਨ । ਜਿਸ ਦੇ ਨਾਲ ਸਿੱਖ ਕੌਮ ’ਚ ਬੇਗਾਨਗੀ ਅਤੇ ਵੱਖਵਾਦ ਦਾ ਬੀਜ ਉਪਜ ਰਿਹਾ ਹੈ। ਉਨਾਂ ਕਿਹਾ ਕਿ ਪੰਜਾਬੀ ਭਾਸ਼ਾ ਜੰਮੂ ਕਸ਼ਮੀਰ ਦੇ ਸੰਵਿਧਾਨ ਦਾ ਹਿੱਸਾ ਰਹੀ ਹੈ । ਪੰਜਾਬੀ ਜੰਮੂ ਕਸ਼ਮੀਰ ’ਚ ਬੋਲੀਆਂ ਜਾਣ ਵਾਲੀਆ ਪ੍ਰਸਿੱਧ ਬੋਲੀਆਂ ’ਚ ਆਪਣਾ ਇਕ ਵਿਲੱਖਣ ਸਥਾਨ ਰੱਖਦੀ ਹੈ ਪਰ ਕੇਂਦਰ ਸਰਕਾਰ ਨੇ ਇਸ ਨੂੰ ਕਲਮ ਦੇ ਇਕ ਸਟਰੋਕ ਨਾਲ ਬਾਹਰ ਕਰ ਦਿੱਤਾ । ਉਨਾਂ ਨੇ ਮੰਚ ਤੋਂ ਕੇਂਦਰ ਨੂੰ ਇਸ ਵਿਰੁੱਧ ਉਠਾਉਣ ਵਾਲੀ ਆਵਾਜ਼ ਅਤੇ ਅੰਦੋਲਨ ਦੀ ਚਿਤਾਵਨੀ ਦਿੱਤੀ । ਇਸ ਮੌਕੇ ਉਨਾਂ ਨਾਲ ਵਾਦੀ ਦੇ ਕਈ ਸਿੱਖ ਆਗੂ ਜਿਨਾਂ ’ਚ ਕੁਲਦੀਪ ਸਿੰਘ, ਹਕੂਮਤ ਸਿੰਘ ਜ਼ੜਈਓ, ਦਵਿੰਦਰ ਸਿੰਘ ਮਿਸ਼ਨਰੀ ਕਾਲਜ, ਤਰਲੋਕ ਸਿੰਘ ਬਾਬੂ ਸ੍ਰੀਨਗਰ, ਪ੍ਰੋਫੈਸਰ ਨਿਰੰਜਨ ਸਿੰਘ ਤਰਾਲ, ਕਰਨ ਸਿੰਘ. ਇੰਜੀਨੀਅਰ ਨਿਰਮਲ ਸਿੰਘ ਬਾਰਾਮੁੱਲਾ, ਬੀਬੀ ਗੁਰਮੀਤ ਕੌਰ ਗੁਰਮਤ ਮਿਸ਼ਨਰੀ ਆਦਿ ਸ਼ਾਮਿਲ ਸਨ ।

ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਜੰਮੂ ਕਸ਼ਮੀਰ ਬਿੱਲ ’ਚ ਪੰਜਾਬੀ ਨੂੰ ਨਜ਼ਰਅੰਦਾਜ਼ ਕਰਨ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਕੇਂਦਰ ਦੀ ਐਨ.ਡੀ.ਏ. ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ’ਤੇ ਮੁੜ ਨਜ਼ਰਸਾਨੀ ਕਰੇ। ਬੈਂਸ ਨੇ ਵਿਚਾਰ ਪ੍ਰਗਟ ਕੀਤਾ ਕਿ ਕੇਂਦਰ ਸਰਕਾਰ ’ਚ ਬੀਬਾ ਹਰਸਿਮਰਤ ਕੌਰ ਬਾਦਲ ਪੰਜਾਬ ਦੀ ਪ੍ਰਤੀਨਿਧਤਾ ਕਰਦੇ ਹਨ, ਉਨਾਂ ਨੂੰ ਚਾਹੀਦਾ ਹੈ ਕਿ ਉਹ ਇਸ ਫ਼ੈਸਲੇ ’ਤੇ ਨਜ਼ਰਸਾਨੀ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਜਬੂਰ ਕਰ ਦੇਣ। ਉਨਾਂ ਕਿਹਾ ਕਿ ਮੈਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕਰਦਾ ਹਾਂ ਕਿ ਉਹ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਇਸ ਬਾਰੇ ਪੰਜਾਬੀ ਭਾਸ਼ਾ ਨੂੰ ਇਨਸਾਫ਼ ਦਿਵਾਉਣ ਲਈ ਤੁਰੰਤ ਦਖ਼ਲ ਦੇਣ ।

ਡਾ. ਤੇਜਵੰਤ ਮਾਨ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਨੇ ਮੰਗ ਕੀਤੀ ਕਿ ਵਿੱਦਿਆ ਮੰਤਰੀ ਕੇਂਦਰ ਸਰਕਾਰ ਤੁਰੰਤ ਇਸ ਆਦੇਸ਼ ਨੂੰ ਵਾਪਸ ਲਵੇ ।

ਇਸ ਮੰਗ ਦਾ ਸਮਰਥਨ ਕਰਦਿਆਂ ਪਵਨ ਹਰਚੰਦਪੁਰੀ, ਜਗੀਰ ਸਿੰਘ ਜਗਤਾਰ, ਡਾ. ਭਗਵੰਤ ਸਿੰਘ, ਸੰਧੂ ਵਰਿਆਣਵੀ, ਰਵਿੰਦਰ ਭੱਠਲ, ਡਾ. ਅਨੂਪ ਵਿਰਕ, ਨਵਰਾਹੀ ਘੁਗਿਆਣਵੀ, ਨਿਰੰਜਨ ਬੋਹਾ, ਜਗਰਾਜ ਧੌਲਾ ਜੋਗਿੰਦਰ ਸਿੰਘ ਨਿਰਾਲਾ, ਗੁਰਨਾਮ ਸਿੰਘਆਦਿ ਲੇਖਕਾਂ ਨੇ ਕੇਂਦਰ ਸਰਕਾਰ ਦੇ ਪੰਜਾਬੀ ਭਾਸ਼ਾ ਵਿਰੋਧੀ ਨੀਤੀ ਦੀ ਸਖ਼ਤ ਆਲੋਚਨਾ ਕੀਤੀ ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁਖੀ ਪਰਮਜੀਤ ਸਿੰਘ ਸਰਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਦੇ ਭਾਸ਼ਾ ਵਿਭਾਗ ਨੂੰ ਆਦੇਸ਼ ਦੇ ਕੇ ਇਸ ਨੀਤੀ ’ਤੇ ਮੁੜ ਤੋਂ ਵੀਚਾਰ ਕਰਵਾਉਣ । ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਕੇਂਦਰੀ ਕੈਬਨਿਟ ਵਲੋਂ ਜੰਮੂ ਕਸ਼ਮੀਰ ਦੀ ਸਰਕਾਰੀ ਭਾਸ਼ਾ ਦੀ ਸੂਚੀ ‘ਚੋਂ ਪੰਜਾਬੀ ਬੋਲੀ ਨੂੰ ਬਾਹਰ ਕੱਢਣ ਦੀ ਆਲੋਚਨਾ ਕਰਦੇ ਹੋਏ ਇਸ ਮਸਲੇ ’ਤੇ ਸਮੂਹ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਅਤੇ ਵੱਖ-ਵੱਖ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ।

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕੇਂਦਰ ਸਰਕਾਰ ਵਲੋਂ ਜੰਮੂ ਕਸ਼ਮੀਰ ਦੀ ਸਰਕਾਰੀ ਭਾਸ਼ਾ ਸਬੰਧੀ ਲਿਆਂਦੇ ਜਾ ਰਹੇ ਬਿੱਲ ‘ਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਰੱਖਣ ਦੀ ਆਲੋਚਨਾ ਕਰਦੇ ਹੋਏ ਇਸ ਨੂੰ ਭਾਜਪਾ ਦੀ ਘੱਟ ਗਿਣਤੀ ਵਿਰੁੱਧ ਫਿਰਕੂ ਮਾਨਸਿਕਤਾ ਦੱਸਿਆ ਹੈ ।

### ਸ਼੍ਰੋਮਣੀ ਅਕਾਲੀ ਦਲ ਲਈ ਗਲੇ ਦੀ ਹੱਡੀ ਬਣ ਸਕਦੈ ਕੇਂਦਰ ਦਾ ਪੰਜਾਬੀ ਭਾਸ਼ਾ ਪ੍ਰਤੀ ਰਵੱਈਆ

ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਚ ਹਿੱਸੇਦਾਰ ਸ਼੍ਰੋਮਣੀ ਅਕਾਲੀ ਦਲ ਲਈ ਪੰਜਾਬੀ ਭਾਸ਼ਾ ਦੇ ਮਸਲੇ ’ਤੇ ਕੇਂਦਰ ਸਰਕਾਰ ਦਾ ਸਟੈਂਡ ਗਲੇ ਦੀ ਹੱਡੀ ਬਣ ਸਕਦਾ ਹੈ। ਹਾਲਾਂਕਿ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਜਬੂਰਨ ਇਸ ਫ਼ੈਸਲੇ ਦੇ ਖ਼ਿਲਾਫ਼ ਆਵਾਜ਼ ਉਠਾਉਣੀ ਪਈ ਹੈ ਪਰ ਸਵਾਲ ਇਹ ਉੱਠਦਾ ਹੈ ਕਿ ਕੇਂਦਰੀ ਕੈਬਨਿਟ ਦਾ ਹਿੱਸਾ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹੇ ਫ਼ੈਸਲਿਆਂ ਸਬੰਧੀ ਭਿਣਕ ਤੱਕ ਕਿਉਂ ਨਹੀਂ ਲੱਗਦੀ ਜਾਂ ਫਿਰ ਕੁਰਸੀ ਦੇ ਮੋਹ ’ਚ ਅਕਾਲੀ ਦਲ ਦੇ ਆਗੂ ਜਾਣਬੁੱਝ ਕੇ ਆਪਣੀਆਂ ਅੱਖਾਂ ਅਤੇ ਕੰਨ ਬੰਦ ਕਰੀ ਬੈਠੇ ਹਨ। ਅਕਸਰ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਹਮਾਇਤ ਕਰਦੇ ਰਹੇ ਸ਼੍ਰੋਮਣੀ ਅਕਾਲੀ ਦਲ ਵਲੋਂ ਪੰਜਾਬੀ ਭਾਸ਼ਾ ਦੇ ਇਸ ਗੰਭੀਰ ਮਸਲੇ ’ਤੇ ਦੇਰ ਤੱਕ ਚੁੱਪ ਰਹਿਣਾ ਆਪਣੇ ਆਪ ’ਚ ਕਈ ਸਵਾਲ ਖੜੇ ਕਰਦਾ ਹੈ । ਜਦਕਿ ਕੇਂਦਰ ਸਰਕਾਰ ਦਾ ਜੰਮੂ ਕਸ਼ਮੀਰ ਦੀ ਸਰਕਾਰੀ ਭਾਸ਼ਾ ਸੂਚੀ ’ਚ ਪੰਜਾਬੀ ਨੂੰ ਲਾਂਭੇ ਕਰਨਾ ਪੰਜਾਬੀ ਭਾਸ਼ਾ ਨਾਲ ਹੀ ਪੱਖਪਾਤੀ ਰਵੱਈਆ ਨਹੀਂ ਹੈ ਸਗੋਂ ਪੰਜਾਬੀ ਬੋਲਣ ਵਾਲੇ ਲੱਖਾਂ ਕਸ਼ਮੀਰੀ ਲੋਕਾਂ ਨਾਲ ਵੀ ਬੇਇਨਸਾਫ਼ੀ ਹੈ, ਜਿਸ ਕਾਰਨ ਹੁਣ ਇਸ ਮਸਲੇ ’ਤੇ ਅਕਾਲੀ ਦਲ ਨੂੰ ਸਪਸ਼ਟ ਸਟੈਂਡ ਲੈਣਾ ਹੀ ਪਵੇਗਾ । ਕਿਹਾ ਜਾ ਰਿਹਾ ਹੈ ਕਿ ਜੇਕਰ ਸ਼੍ਰੋਮਣੀ ਅਕਾਲੀ ਦਲ ਇਸ ਮਸਲੇ ’ਤੇ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਰੁਤਬਾ ਦਿਵਾਉਣ ’ਚ ਕਾਮਯਾਬ ਹੋ ਜਾਂਦਾ ਹੈ ਤਾਂ ਉਸ ਲਈ ਇਹ ਵੱਡੀ ਉਪਲਬਧੀ ਮੰਨੀ ਜਾਵੇਗੀ ਪਰ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਸ ਦਾ ਦਾਗ਼ ਪਾਰਟੀ ’ਤੇ ਹਮੇਸ਼ਾ ਲਈ ਲੱਗ ਜਾਵੇਗਾ। ਇੱਥੇ ਹੀ ਬੱਸ ਨਹੀਂ ਖੇਤੀ ਸਬੰਧੀ ਕੇਂਦਰ ਵਲੋਂ ਲਿਆਂਦੇ ਗਏ ਤਿੰਨ ਆਰਡੀਨੈਂਸ ਦੇ ਮਾਮਲੇ ’ਚ ਵੀ ਸ਼੍ਰੋਮਣੀ ਅਕਾਲੀ ਦਲ ਬੁਰੀ ਤਰਾਂ ਨਾਲ ਘਿਰਿਆ ਹੋਇਆ ਹੈ ਅਤੇ ਇਸ ਮਸਲੇ ’ਤੇ ਜਿੱਥੇ ਸੂਬੇ ਦੀ ਕਾਂਗਰਸ ਸਰਕਾਰ ਨੇ ਪਹਿਲਾਂ ਹੀ ਵਿਧਾਨ ਸਭਾ ’ਚ ਇਨਾਂ ਆਰਡੀਨੈਂਸ ਨੂੰ ਰੱਦ ਕਰਨ ਦਾ ਮਤਾ ਪਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਚਿੱਤ ਕਰ ਦਿੱਤਾ ਹੈ, ਉੱਥੇ ਵੱਖ-ਵੱਖ ਕਿਸਾਨ ਜਥੇਬੰਦੀਆਂ ਵਲੋਂ ਵੀ ਇਸ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਹਾਲਤ ਸੱਪ ਦੇ ਮੂੰਹ ’ਚ ਕੋਹੜ ਕਿਰਲੀ ਵਾਲੀ ਹੋਈ ਪਈ ਹੈ । ਇਹੀ ਵਜਾ ਹੈ ਕਿ ਇਸ ਮਾਮਲੇ ’ਚ ਪਾਰਟੀ ਦਾ ਬਚਾਅ ਕਰਨ ਲਈ ਪਿਛਲੇ ਕਾਫ਼ੀ ਸਮੇਂ ਤੋਂ ਚੁੱਪ ਧਾਰੀ ਬੈਠੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਖ਼ੁਦ ਉੱਤਰਨਾ ਪਿਆ ਪਰ ਉਨਾਂ ਵਲੋਂ ਕੀਤਾ ਗਿਆ ਦਾਅਵਾ ਵੀ ਕਿਸਾਨ ਜਥੇਬੰਦੀਆਂ ਦੇ ਗਲੇ ਤੋਂ ਹੇਠਾਂ ਨਹੀਂ ਉੱਤਰ ਰਿਹਾ ਅਤੇ ਉਨਾਂ ਨੂੰ ਇਨਾਂ ਆਰਡੀਨੈਂਸ ਨੂੰ ਰੱਦ ਕਰਨ ਤੋਂ ਸਿਵਾ ਕੁਝ ਵੀ ਹੋਰ ਮਨਜ਼ੂਰ ਨਹੀਂ ਹੈ।

## ਜੀਵਨੀ ਸਾਹਿਤ: ਸ੍ਰ. ਅਮਰ...

ਜਗਜੀਤ ਸਿੰਘ ਅਨੰਦ, ਸੰਪਾਦਕ ਨਵਾਂ ਜਮਾਨ, ਉਨਾਂ ਦੀ ਤਕਰੀਰ ਦੀ ਰਵਾਨੀ ਅਤੇ ਉਨਾਂ ਦਾ ਵਾਕਫ਼ੀਅਤ ਭੰਡਾਰ, ਸਰੋਤਿਆਂ ਨੂੰ ਕੀਲ ਲੈਂਦਾ। ਆਪਣੀ ਸਾਰੀ ਉਮਰ ਉਨਾਂ ਨੇ ਅਕਾਲੀ ਲਹਿਰ ਨੂੰ ਸਮਰਪਿਤ ਕੀਤੀ। ਅਚਿੰਤੇ ਬਾਜ ਦੁਸਾਂਝ ਜੀ ਨੂੰ ਲੈ ਗਏ। ਇਕ ਵੀ ਬੱਚਾ ਉਨਾਂ ਦੇ ਨੇੜੇ ਨਹੀਂ ਸੀ, ਕੋਈ ਅਮਰੀਕਾ, ਕੈਨੇਡਾ, ਜਮਸ਼ੇਦਪੁਰ ਤੇ ਅਜਮੇਰ ਸਨ।

ਵੇਰਿੰਦਰ, ਸੰਪਾਦਕ ਪ੍ਰਤਾਪ ਤੇ ਵੀਰ ਪ੍ਰਤਾਪ : ਦੁਸਾਂਝ ਸਾਹਿਬ ਦੇ ਮੇਰੇ ਨਾਲ ਰਾਜਨੀਤਕ ਮਤਭੇਦ ਸਨ। ਪਰ ਮੈਂ ਉਨਾਂ ਦੀ ਸਿਫ਼ਤ ਵਿਚ ਕਿ ਉਨਾਂ ਦਾ ਦ੍ਰਿਸ਼ਟੀਕੋਣ ਧਾਰਮਿਕ ਤੌਰ ’ਤੇ ਵਿਸ਼ਾਲ ਸੀ। ਹੋਰ ਧਰਮਾਂ ਬਾਰੇ ਉਨਾਂ ਦਾ ਗਿਆਨ ਬੜਾ ਡੂੰਘਾ ਸੀ।

ਜਗਦੀਸ਼ ਸਿੰਘ, ਪ੍ਰਧਾਨ ਸਰਬ ਹਿੰਦ ਨਾਮਧਾਰੀ ਦਰਬਾਰ : ਲਿਖਦੇ ਹਨ ਕਿ ਉਨਾਂ ਦਾ ਨਾਮਧਾਰੀ ਪੰਥ ਨਾਲ ਅਥਾਹ ਪਿਆਰ ਸੀ ਅਤੇ ਨਾਮਧਾਰੀ ਸਮਾਜ ਵਲੋਂ ਅਜ਼ਾਦੀ ਸੰਗਰਾਮ ਲਈ ਕੁਰਬਾਨੀਆਂ, ਗੁਰਬਾਣੀ ਦਾ ਸਤਿਕਾਰ ਅਤੇ ਪ੍ਰਚਾਰ ਦੀ ਕਦਰ ਕਰਦੇ ਸਨ। ਨਾਮਧਾਰੀਆਂ ਦੇ ਵੱਡੇ ਸਮਾਗਮਾਂ ਨੂੰ ਅਕਸਰ ਸੰਬੋਧਨ ਕਰਦੇ ਸਨ।

ਪ੍ਰਿੰ. ਸਤਬੀਰ ਸਿੰਘ : ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ ਫੈਸਲਾ ਕੀਤਾ ਕਿ ਸ. ਦੁਸਾਂਝ ਨੂੰ ਮਿਸ਼ਨਰੀ ਕਾਲਜ ਦਾ ਪ੍ਰਿੰਸੀਪਲ ਲਗਾ ਦਿੱਤਾ ਜਾਵੇ। ਨਵੇਂ ਪ੍ਰਚਾਰਕਾਂ ਨੂੰ ਟ੍ਰੇਨਿੰਗ ਦੇਣ ਦਾ ਕੰਮ ਵੀ ਸੌਂਪਿਆ ਜਾਵੇ। ਸ. ਦੁਸਾਂਝ ਨਾਲ ਮੇਰਾ ਪਿਆਰ ਭਾਈ ਹਰਨਾਮ ਸਿੰਘ ਜੀ ਦੇ ਵੇਲੇ ਜੇਹਲਮ ਦਾ ਸੀ। ਮੈਂ ਉਨਾਂ ਨੂੰ ਸਟੇਜਾਂ ਤੇ ਸੁਣਿਆ, ਉਹ ਬੋਲਦੇ ਸਨ ਤਾਂ ਇੰਜ ਲਗਦਾ ਸੀ ਕਿ ਆਤਸ਼ਫਿਸ਼ਾਫਟ ਗਿਆ ਹੈ। ਲਿਖਦੇ ਸਨ ਤਾਂ ਗਿਆਨ ਦੀ ਗੰਗਾ ਵਹਿੰਦੀ ਲਗਦੀ ਸੀ। ਅਵਾਜ ਵਿਚ ਸੋਜ਼, ਬੋਲ ਖੜਕਣਾ ਅਤੇ ਸਾਜ਼ ਵੱਜਦੇ ਪ੍ਰਤੀਤ ਹੁੰਦੇ ਸਨ।

ਇਸ ਤੋਂ ਇਲਾਵਾ ਹੋਰ ਕਈ ਖੇਤਰਾਂ ਤੋਂ ਸਮਾਜਿਕ, ਧਾਰਮਿਕ ਵਿਦਿਅਕ ਬੁਲਾਰਿਆਂ ਦੇ ਵਿਚਾਰ ਦਰਜ ਹਨ। ਉਨਾਂ ਦੀ ਇਕ ਪੁਸਤਕ ‘ਵਿੱਥਾਂ ਮਿਟ ਗਈਆਂ’ ਹੈ ਜੋ ਛੂਆ ਛਾਤ ਦੇ ਵਿਰੁਧ ਲਲਕਾਰ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਅਨੁਸੂਚਿਤ ਜਾਤੀਆਂ ਦੀ ਜੋ ਦਸ਼ਾ ਸੀ, ਉਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਜਾਣ ਵਾਲੇ ਯਤਨਾਂ ਦਾ ਵਿਸਥਾਰ ਹੈ ਕਿ ਧਰਮ ਮਨੁੱਖੀ ਸਮਾਜ ਦੀ ਬਰਾਬਰਤਾ ਵਿਚ ਵਿਸ਼ਵਾਸ ਰੱਖਦਾ ਹੈ। ਉਨਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਦੀ ਤਰੱਕੀ ਨੂੰ ਯਕੀਨੀ ਬਣਾਇਆ ਜਾਵੇ ਜਿਵੇਂ ਨੌਕਰੀਆਂ ਵਿਚ ਰਾਖਵਾਂਕਰਨ, ਪੜਾਈ ਲਈ ਵਜ਼ੀਫ਼ਾ, ਬਿਨਾਂ ਸੂਦ ਤੋਂ ਕਰਜਾ, ਮਕਾਨ ਉਸਾਰੀ, ਕਿੱਤਾ ਮੁਖੀ ਸਿੱਖਿਆ, ਖੂਹਾਂ ਦੀ ਮੁਰੰਮਤ, ਨਵੇਂ ਖੂਹ ਲਗਾਉਣੇ, ਵਾਹੀ ਸੰਦਾਂ ਲਈ ਸਮਾਨ, ਸਫ਼ਾਈ, ਮਿੱਲਾਂ, ਕਾਰਖਾਨਿਆਂ, ਸਨਅਤੀ ਕੇਂਦਰਾਂ ਵਿਚ ਸਿਖਲਾਈ ਦੀਆਂ ਯੋਜਨਾਵਾਂ ਅਤੇ ਉਨਾਂ ਤੇ ਆਉਣ ਵਾਲੇ ਖਰਚੇ ਦਾ ਵੇਰਵਾ ਹੈ। ਅਜਿਹੇ ਯਤਨਾਂ ਨਾਲ ਨਾਬਰਾਬਰੀ ਦੀਆਂ ਵਿੱਥਾਂ ਮਿਟ ਜਾਣਗੀਆਂ ਅਤੇ ਨਰੋਆ ਸਮਾਜ ਬਣੇਗਾ। ਇਸ ਤੋਂ ਉਪਰੰਤ ਉਨਾਂ ਨੇ ਸਮੇਂ ਸਮੇਂ ਲੇਖ ਲਿਖੇ ਤੇ ਵਿਸ਼ੇ ਸਨ : ਧਾਰਮਿਕ, ਸਮਾਜਿਕ, ਵਿਦਿਅਕ, ਧਰਮ ਅਸਥਾਨ, ਸਾਕੇ, ਕੌਮੀ, ਮਾਧਿਆਤਮਕ ਆਦਿ। ਜਿਨਾਂ ਰਾਹੀਂ ਜਨਤਾ ਨੂੰ ਜਾਗ੍ਰਿਤ ਹੋਣ ਲਈ ਹਲੂਣਿਆ।

ਅੰਤਿਕਾ : ਸਰਦਾਰ ਦੁਸਾਂਝ ਜੀ ਆਖਰੀ ਦਮ ਤੱਕ ਪੰਜਾਬੀ ਮਾਂ ਬੋਲੀ ਅਤੇ ਪੰਥ ਦੀ ਸੇਵਾ ਵਿਚ ਸਮਰਪਿਤ ਰਹੇ। ਜਿਸ ਦੀ ਮਿਸਾਲ ਹੈ ਕਿ ਜੀਵਨ ਦੇ ਆਖਰੀ ਦਿਨ ਵੀ ਅਕਾਲੀ ਪੱਤ੍ਰਿਕਾ ਅਖ਼ਬਾਰ ਲਈ 3 ਸੰਪਾਦਕੀ ਲਿਖੇ ਜੋ ਉਨਾਂ ਦੇ ਅਕਾਲ ਚਲਾਣੇ ਦੀ ਖ਼ਬਰ ਨਾਲ ਹੀ ਛਪੇ ਸਨ। ਉਪਰੰਤ ਆਪਣੇ ਫਰਜ਼ਾਂ ਪ੍ਰਤੀ ਵੀ ਏਨੇ ਸੁਚੇਤ ਸਨ ਕਿ ਉਹ ਗੁਰਦੁਆਰਾ ਮਾਡਲ ਟਾਊਨ ਜਲੰਧਰ ਦੇ ਪ੍ਰਧਾਨ ਸਨ, ਉਥੇ ਹੀ ਇਕ ਇਕੱਤਰਤਾ ਵਿਚ ਆਪ ਜੀ ਨੂੰ ਦਿਲ ਦੀ ਤਕਲੀਫ਼ ਹੋਈ ਜੋ ਕੁਝ ਘੰਟਿਆਂ ਵਿਚ ਹੀ ਜਾਨਲੇਵਾ ਸਾਬਤ ਹੋਈ। ਸ. ਦੁਸਾਂਝ ਜੀ ਨੇ ਆਪਣੀ ਸਿਰਫ਼ 65 ਦੀ ਉਮਰ ਵਿਚ ਚਾਰ ਦਹਾਕੇ ਤੋਂ ਵੱਧ ਸਿੱਖ ਪੰਥ,ਸਮਾਜ ਅਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਲਮ ਅਤੇ ਜਾਦੂਮਈ ਆਵਾਜ਼ ਨਾਲ ਬੜੀ ਬੇਬਾਕੀ ਨਾਲ ਨਿਭਾਈ। ਉਹ ਇਕ ਸਮਰਪਿਤ ਆਗੂ ਸਨ। ਇਕ ਨਿਯਮਬੱਧ ਪ੍ਰਬੰਧਕ, ਵਿਦਵਾਨ, ਬੁਲਾਰੇ ਅਤੇ ਨੀਤੀਵਾਨ ਸਨ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ :-

ਹੇ ਨਾਨਕ ! ਜਿਨਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫ਼ਲੀ ਕਰ ਗਏ ਹਨ। ਅਕਾਲ ਪੁਰਖ ਦੇ ਦਰ ਤੇ ਉਹ ਉੱਜਲ ਮੁੱਖ ਵਾਲੇ ਹਨ ਅਤੇ ਹੋਰ ਭੀ ਕਈ ਜੀਵ ਉਨਾਂ ਦੀ ਸੰਗਤ ਵਿਚ ਰਹਿ ਕੇ ‘ਕੂੜ ਦੀ ਪਾਲਿ’ ਢਾਹ ਕੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ। (ਅੰਗ 8)

## ਪ੍ਰਧਾਨ ਮੰਤਰੀ ਮੋਦੀ ਦਾ ਖਤਮ...

ਇਹ ਅਰਥ ਵਿਵਸਥਾ ਦੇ ਅਸੰਗਠਿਤ ਖੇਤਰ ਦੇ ਲਈ ਦੂਜਾ ਵੱਡਾ ਹਮਲਾ ਹੈ ਤੇ ਇਸ ਦੀ ਘਟੀਆ ਕਾਰਜ ਪ੍ਰਣਾਲੀ ਨੇ ਅਰਥਵਿਵਸਥਾ ਦਾ ਸੱਤਿਆਨਾਸ਼ ਕਰ ਦਿੱਤਾ ਹੈ। ਲੜੀ ਤਹਿਤ ਜਾਰੀ ਕੀਤੇ ਤੀਸਰੇ ਵੀਡੀਓ 'ਚ ਗਾਂਧੀ ਨੇ ਕਿਹਾ ਕਿ ਜੀ ਐੱਸ ਟੀ ਯੂਪੀਏ ਸਰਕਾਰ ਦਾ ਇੱਕ ਟੈਕਸ, ਸਰਲ ਤੇ ਸਧਾਰਨ ਟੈਕਸ ਆਈਡੀਆ ਸੀ ਪਰ ਐਨ ਡੀ ਏ ਨੇ ਇਸ ਨੂੰ ਗੁੰਝਲਦਾਰ ਬਣਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਛੋਟੇ ਅਤੇ ਮੱਧ ਵਰਗ ਦੇ ਵਪਾਰੀਆਂ ਲਈ ਇਹ ਟੈਕਸ ਭਰਨਾ ਬਹੁਤ ਮੁਸ਼ਕਿਲ ਹੈ। ਦੇਸ਼ 'ਚ ਚਾਰ ਵੱਖ-ਵੱਖ ਟੈਕਸ ਰੇਟ ਹੋਣ ਸਬੰਧੀ ਉਨ੍ਹਾਂ ਕਿਹਾ ਕਿ ਇਹ ਇਸ ਲਈ ਹਨ ਕਿ ਜਿਨਾਂ ਨੂੰ ਜੀ ਐਸ ਟੀ ਬਾਰੇ ਸਮਝ ਹੈ ਉਹ ਇਸ ਨੂੰ ਆਸਾਨੀ ਨਾਲ ਬਦਲ ਸਕਣ ਅਤੇ ਜਿਨਾਂ ਦੀ ਪਹੁੰਚ ਨਾ ਹੋਵੇ ਉਹ ਇਸ ਬਾਰੇ ਕੁਝ ਨਾ ਕਰ ਸਕਣ। ਭਾਰਤ ਵਿੱਚ 15-20 ਉਦਯੋਗਪਤੀਆਂ ਦੀ ਪਹੁੰਚ ਹੈ ਕਿ ਉਹ ਜਿਹੜਾ ਵੀ ਟੈਕਸ ਦਾ ਕਾਨੂੰਨ ਬਦਲਣਾ ਚਾਹੁਣ, ਜੀ ਐਸ ਟੀ ਰੇਟ ਆਸਾਨੀ ਨਾਲ ਬਦਲ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਜੀ ਐੱਸ ਟੀ ਪੂਰੀ ਤਰਾਂ ਫੇਲ ਹੈ, ਇਹ ਗਰੀਬਾਂ ਅਤੇ ਛੋਟੇ ਤੇ ਮੱਧ ਵਰਗੀ ਕਾਰੋਬਾਰੀਆਂ 'ਤੇ ਹਮਲਾ ਹੈ ।ਉਨ੍ਹਾਂ ਕਿਹਾ ਕਿ ਸਾਨੂੰ ਇਸ ਹਮਲੇ ਦੀ ਪਛਾਣ ਕਰਨੀ ਹੋਵੇਗੀ ਅਤੇ ਮਿਲ ਕੇ ਇਸ ਦੇ ਖਿਲਾਫ ਖੜੇ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਅੱਜ ਹਿੰਦੋਸਤਾਨ ਦੀ ਸਰਕਾਰ ਰਾਜਾਂ ਨੂੰ ਜੀ ਐਸ ਟੀ ਦਾ ਉਨ੍ਹਾਂ ਦੇ ਹਿੱਸੇ ਦਾ ਪੈਸਾ ਨਹੀਂ ਦੇ ਰਹੀ ਤੇ ਰਾਜ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦੇ ਸਕੇ । ਦੇਸ਼ ਵਿਚ ਨੋਟਬੰਦੀ ਨੂੰ ਲੈ ਕੇ ਪ੍ਰਧਾਨ ਮੰਤਰੀ ਵਲੋਂ ਕੀਤੇ ਗਏ ਦਾਅਵੇ ਕਿ ਨੋਟਬੰਦੀ ਨੇ ਕਾਲੇ ਧਨ ਨੂੰ ਮਿਟਾਇਆ, ਸਬੰਧੀ ਉਨ੍ਹਾਂ ਕਿਹਾ ਕਿ ਇਸ ਦਾ ਗਰੀਬਾਂ ਨੂੰ ਕੋਈ ਫਾਇਦਾ ਨਹੀਂ ਹੋਇਆ ਜਦਕਿ ਭਾਰਤ ਦੇ ਸੱਭ ਤੋਂ ਵੱਡੇ ਅਰਬਪਤੀਆਂ ਨੂੰ ਜ਼ਰੂਰ ਫਾਇਦਾ ਹੋਇਆ ਹੈ।

## ਦਿੱਲੀ ਹਿੰਸਾ 'ਤੇ ਐਮਨੈਸਟੀ...

ਉਨ੍ਹਾਂ ਨੂੰ ਯੂਏਪੀਏ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਰਿਪੋਰਟ ਵਿੱਚ ਕਈ ਦੰਗਾ-ਪੀੜਤਾਂ ਦੇ ਬਿਆਨ ਹਨ, ਜਿਨ੍ਹਾਂ ਵਿੱਚ ਉਨ੍ਹਾਂ ਵੱਲੋਂ ਪੁਲਿਸ ਦੇ ਹੱਥੋਂ ਤਸੀਹੇ ਤੇ ਜਬਰਨ ਝੂਠਾ ਬਿਆਨ ਦੁਆਉਣ, ਦਬਾਅ ਬਣਾਉਣ, ਕੋਰੇ ਕਾਗਜ਼ 'ਤੇ ਹਸਤਾਖ਼ਰ ਕਰਵਾਉਣ ਦੇ ਇਲਜ਼ਾਮ ਹਨ।

ਇੱਕ ਗੈਰ-ਸਰਕਾਰੀ ਸੰਗਠਨ, 'ਹਿਊਮਨ ਰਾਈਟਸ ਲਾਅ ਨੈਟਵਰਕ' ਦੇ ਵਕੀਲ ਦਾ ਬਿਆਨ ਵੀ ਹੈ ਜੋ ਆਪਣੇ ਕਲਾਇੰਟ ਨਾਲ ਗੱਲਬਾਤ ਕਰਨ ਤੋਂ ਰੋਕਣ, ਪੁਲਿਸ ਦੇ ਬੁਰੇ ਵਤੀਰੇ ਤੇ ਲਾਠੀਚਾਰਜ ਦਾ ਇਲਜ਼ਾਮ ਲਗਾਉਂਦੇ ਹਨ। 8 ਜੁਲਾਈ ਦੇ ਦਿੱਲੀ ਦੇ ਇੱਕ ਆਰਡਰ ਜਿਸ ਵਿੱਚ ਲਿਖਿਆ ਸੀ ਕਿ ਦਿੱਲੀ ਦੰਗਿਆਂ ਨਾਲ ਜੁੜੀਆਂ ਗ੍ਰਿਫ਼ਤਾਰੀਆਂ ਵਿੱਚ "ਖ਼ਾਸ ਖ਼ਿਆਲ ਰੱਖਣ ਦੀ ਲੋੜ ਹੈ" ਕਿ ਇਸ ਨਾਲ "ਹਿੰਦੂ ਭਾਵਨਾਵਾਂ ਨੂੰ ਠੇਸ" ਨਾ ਪਹੁੰਚੇ, ਉੱਤੇ ਦਿੱਲੀ ਹਾਈ ਕੋਰਟ ਨੇ ਪੁਲਿਸ ਨੂੰ ਤਾੜਿਆ ਸੀ।

ਕੋਰਟ ਨੇ ਆਦੇਸ਼ ਤਾਂ ਰੱਦ ਨਹੀਂ ਕੀਤਾ ਸੀ ਪਰ ਤਾਕੀਦ ਕੀਤੀ ਸੀ, "ਜਾਂਚ ਏਜੰਸੀਆਂ ਨੂੰ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਸੀਨੀਅਰ ਅਧਿਕਾਰੀਆਂ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਨਾਲ ਅਜਿਹਾ ਕੋਈ ਵਿਤਕਰਾ ਨਾ ਹੋਵੇ ਜੋ ਕਾਨੂੰਨ ਦੇ ਤਹਿਤ ਗ਼ਲਤ ਹੈ।"

ਐਮਨੈਸਟੀ ਇੰਟਰਨੈਸ਼ਨਲ ਨੇ ਪਿਛਲੇ 6 ਮਹੀਨੇ ਦੇ ਇਸ ਬਿਓਰੇ ਦੇ ਨਾਲ ਇਹ ਮੰਗ ਕੀਤੀ ਹੈ ਕਿ ਦਿੱਲੀ ਪੁਲਿਸ ਦੀ ਕਾਰਵਾਈ ਦੀ ਜਾਂਚ ਅਤੇ ਜਵਾਬਦੇਹੀ ਤੈਅ ਹੋਵੇ ਅਤੇ ਪੁਲਿਸ ਵਿਭਾਗ ਨੂੰ ਫਿਰਕੂ ਤਣਾਅ ਅਤੇ ਹਿੰਸਾ ਵੇਲੇ ਕੰਮ ਕਰਨ ਬਾਰੇ ਸਿਖਲਾਈ ਦਿੱਤੀ ਜਾਵੇ।

## ਪਾਵਨ ਸਰੂਪਾਂ 'ਦੇ ਲਾਪਤਾ ਹੋਣ..

ਅਜਿਹਾ ਹੋਣਾ ਅਸੰਭਵ ਹੈ। ਇਕ ਹੀ ਪਾਵਨ ਸਰੂਪ ਮੁਕੰਮਲ ਕਰਨ ਲਈ 1430 ਅੰਗ ਗੁਰਬਾਣੀ ਦੇ ਅਤੇ 16 ਅੰਗ ਤਤਕਰਾ ਛਾਪਣਾ ਜ਼ਰੂਰੀ ਹੈ ਜੋ ਕਿਸੇ ਆਫਸੈੱਟ ਮਸ਼ੀਨ 'ਤੇ ਨਹੀਂ ਛਪ ਸਕਦਾ। ਹਾਂ, ਜੇ ਇਸ ਸਾਈਜ਼ ਦੀ ਚਾਰ ਰੰਗੀ ਆਟੋਮੈਟਿਕ ਫੋਟੋ ਕਾਪੀਅਰ ਹੋਵੇ ਤਾਂ ਸ਼ਾਇਦ ਸੰਭਵ ਹੋ ਸਕੇ ਪਰ ਅਜਿਹੀ ਕੋਈ ਫੋਟੋ ਕਾਪੀਅਰ ਮੈਂ ਅੱਜ ਤਕ ਘੱਟ ਤੋਂ ਘੱਟ ਹਿੰਦੁਸਤਾਨ ਵਿਚ ਤਾਂ ਨਹੀਂ ਵੇਖੀ।

ਪਾਵਨ ਸਰੂਪਾਂ ਦੀ ਗਿਣਤੀ-ਮਿਣਤੀ ਵਿਚ ਵਾਧੇ-ਘਾਟੇ ਦਾ ਇਕ ਕਾਰਨ ਇਹ ਹੋ ਸਕਦਾ ਹੈ ਕਿ ਕਈ ਵਾਰ 5000 ਸਰੂਪਾਂ ਦਾ ਛਪਿਆ ਲਾਟ (ਮਾਫ਼ੀ ਚਾਹੁੰਦਾ ਹਾਂ ਕਿ ਇਸ ਦਾ ਪੂਰਕ ਸ਼ਬਦ ਮੇਰੇ ਸ਼ਬਦ ਕੋਸ਼ ਵਿਚ ਨਹੀਂ) ਦੀ ਜਿਲਦਬੰਦੀ ਅਜੇ ਮੁਕੰਮਲ ਨਾ ਹੋਈ ਹੋਵੇ ਅਤੇ ਅਗਲਾ ਲਾਟ ਵੀ ਛਪ ਕੇ ਜਿਲਦਬੰਦੀ ਵਿਭਾਗ ਵਿਚ ਪਹੁੰਚ ਗਿਆ ਹੋਵੇ ਤਾਂ ਉਸ ਅਗਲੇ ਲਾਟ 'ਚੋਂ ਮਿਸਲ ਚੁਕਾਈ ਕਰ ਲਈ ਗਈ ਹੋਵੇ। ਪ੍ਰੈੱਸ ਦੇ ਕਾਲਮਾਂ ਰਾਹੀਂ ਹੀ ਸਹੀ, ਜੇ ਇਹ ਸ਼੍ਰੋਮਣੀ ਕਮੇਟੀ ਦੇ ਧਿਆਨ ਗੋਚਰੇ ਹੋ ਜਾਵੇ ਅਤੇ ਪ੍ਰਬੰਧਕ ਯੋਗ ਸਮਝਣ ਤਾਂ ਮੇਰਾ ਸੁਝਾਅ ਹੈ ਕਿ ਹਰ ਲਾਟ ਦੀ ਪ੍ਰਿੰਟ ਲਾਈਨ, ਸਰੂਪ ਦੇ ਛਪ ਰਹੇ ਦੋ ਰੰਗੇ ਬਾਰਡਰ (ਵੇਲ) ਵਿਚ ਨਾਲ ਹੀ ਡਿਜ਼ਾਈਨ ਕਰਵਾ ਕੇ ਛਾਪ ਦਿੱਤੀ ਜਾਵੇ ਜਿਵੇਂ ਜੇਕਰ ਅਗਸਤ 2020 ਵਿਚ ਛਪਾਈ ਦੀ ਕੋਈ ਚਿੱਠੀ ਆਵੇ ਤਾਂ ਬਾਰਡਰ ਵਿਚ 8/20 ਛਾਪ ਦਿੱਤਾ ਜਾਵੇ। ਇਸ ਦੇ ਪੰਜ ਹਜ਼ਾਰ ਸਰੂਪਾਂ ਦੀ ਜਿਲਦਬੰਦੀ ਮੁਕੰਮਲ ਹੋਣ ਅਤੇ ਬਾਕੀ ਬਚਦੇ ਫਰਮੇ, ਵਾਧਾ-ਘਾਟਾ ਮਰਿਆਦਾ ਅਨੁਸਾਰ ਸਸਕਾਰ ਕਰ ਦਿੱਤਾ ਜਾਵੇ ਅਤੇ ਇਸ ਦੇ 5000 ਤਕ ਦੇ ਬਿੱਲ, ਰਸੀਦਾਂ, ਸ਼ਰਧਾਲੂਆਂ ਵੱਲੋਂ ਆਈ ਦਰਖਾਸਤ, ਸਿਫ਼ਾਰਸ਼ੀ ਦਾ ਨਾਮ, ਐਡਰੈੱਸ, ਸਰੂਪ ਦੇ ਨੰਬਰ ਸਮੇਤ ਮਿਲਾਨ ਕਰ ਕੇ ਹਰ ਲਾਟ ਦਾ ਮੁਕੰਮਲ ਹਿਸਾਬ-ਕਿਤਾਬ ਫਾਈਨਲ ਕਰ ਲਿਆ ਜਾਵੇ। ਇਸ ਸਬੰਧੀ ਮਰਿਆਦਾ ਦੇ ਪੱਖੋਂ ਸਿੰਘ ਸਾਹਿਬ ਅਤੇ ਜਥੇਦਾਰ ਸਾਹਿਬ ਦੇ ਧਿਆਨ ਵਿਚ ਜ਼ਰੂਰ ਲਿਆਂਦਾ ਜਾਵੇ। ਇਸ ਤਰਾਂ ਦੀ ਇਕ ਘਟਨਾ ਦਾ ਜ਼ਿਕਰ ਮੈਨੂੰ ਕੁਝ ਅਤੇ ਬੇਲੋੜਾ ਇਸ ਕਰ ਕੇ ਨਹੀਂ ਲੱਗ ਰਿਹਾ ਕਿਉਂਕਿ ਮੈਂ ਜਦ ਗੋਲਡਨ ਆਫਸੈੱਟ ਦਾ ਮੈਨੇਜਰ ਸੀ ਤਾਂ ਮੈਨੂੰ ਕਈ ਲੋਕਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਾਵਨ ਸਰੂਪਾਂ ਲਈ ਪੇਪਰ, ਸਿਆਹੀ ਅਤੇ ਹੋਰ ਸਾਮਾਨ ਮਿਆਰੀ ਵਰਤਦੀ ਹੈ ਅਤੇ ਭੇਟਾ ਵੀ ਲਾਗਤ ਮਾਤਰ (ਬਿਨਾਂ ਕਿਸੇ ਲਾਭ ਪ੍ਰਾਪਤੀ ਦੇ) ਨਿਯਤ ਕਰਦੀ ਹੈ। ਅਜਿਹੇ ਵਿਚ ਬਾਜ਼ਾਰ ਦੇ ਕੁਝ ਵਪਾਰੀ ਬਿਰਤੀ ਦੇ ਪਬਲੀਸ਼ਰ ਆਪਣੇ ਆਦਮੀਆਂ ਰਾਹੀਂ ਗੁਰਦੁਆਰਾ ਰਾਮਸਰ ਸਾਹਿਬ ਤੋਂ ਪਾਵਨ ਸਰੂਪ ਮੰਗਵਾ ਕੇ ਦੁੱਗਣੀ, ਤਿੱਗਣੀ ਭੇਟਾ ਲੈ ਕੇ ਸਰੂਪ ਦੇ ਦਿੰਦੇ ਹਨ ਅਤੇ ਸਰੂਪ ਦੇਣ ਲੱਗਿਆਂ ਮਰਿਆਦਾ ਦਾ ਵੀ ਧਿਆਨ ਨਹੀਂ ਰੱਖਿਆ ਜਾਂਦਾ। ਬੇਸ਼ੱਕ ਪ੍ਰਿੰਟਿੰਗ ਪ੍ਰੈੱਸ ਦੇ ਨਿਯਮਾਂ ਅਨੁਸਾਰ ਅਸੀਂ ਪਾਵਨ ਸਰੂਪ ਦੇ ਆਰੰਭ ਵਿਚ ਤਤਕਰੇ ਤੋਂ ਪਹਿਲੇ ਪੰਨਿਆਂ 'ਤੇ ਬਤੌਰ ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਪ੍ਰਿੰਟਰ ਗੋਲਡਨ ਆਫਸੈੱਟ ਪ੍ਰੈੱਸ ਦਾ ਨਾਂ ਛਾਪਦੇ ਸਾਂ, ਹੁਣ ਵੀ ਛਪਦਾ ਹੈ ਪਰ ਇਹ ਵਪਾਰੀ ਲੋਕ ਉਹ ਪੰਨਾ ਉਤਾਰ ਕੇ ਆਪਣੀ ਪ੍ਰਿੰਟ ਲਾਈਨ ਚਿਪਕਾ ਕੇ ਮੁਨਾਫ਼ਾ ਕਮਾਉਂਦੇ ਸਨ। ਮੈਂ ਇਸ ਦਾ ਹੱਲ ਇਹ ਲੱਭਿਆ ਕਿ ਸ਼੍ਰੋਮਣੀ ਕਮੇਟੀ ਦਾ ਆਫੀਸ਼ੀਅਲ ਲੋਗੋ ਪਾਵਨ ਸਰੂਪ ਦੇ ਬਾਰਡਰ 'ਚ ਅੰਗ ਨੰਬਰ ਵਾਲੀ ਜਗਾ 'ਤੇ ਛਾਪਣਾ ਸ਼ੁਰੂ ਕਰ ਦਿੱਤਾ।

ਮੈਨੂੰ ਪਤਾ ਸੀ ਕਿ ਗੁਰਬਾਣੀ ਦੇ ਛਪਾਈ ਸਮੇਂ ਅੰਗ ਨੰਬਰ ਦੇ ਥੱਲੇ ਇਹ ਛੋਟਾ ਜਿਹਾ ਲੋਗੋ ਦੱਬ ਜਾਵੇਗਾ ਪਰ ਫਿਰ ਵੀ ਇਸ ਦਾ ਕੁਝ ਹਿੱਸਾ ਜ਼ਰੂਰ ਨਜ਼ਰ ਆਉਂਦਾ ਰਹੇਗਾ ਜਿਸ ਤੋਂ ਇਹ ਪਤਾ ਲੱਗ ਜਾਵੇਗਾ ਕਿ ਇਹ ਪਾਵਨ ਸਰੂਪ ਸ਼੍ਰੋਮਣੀ ਕਮੇਟੀ ਵੱਲੋਂ ਛਪਿਆ ਹੋਇਆ ਹੈ। ਅਜੇ ਪਹਿਲਾ ਹੀ ਲਾਟ ਛਪਿਆ ਸੀ ਕਿ ਸਾਡੀ ਸ਼ਿਕਾਇਤ ਤਤਕਾਲੀ ਜਥੇਦਾਰ ਸਾਹਿਬ ਪਾਸ ਕੀਤੀ ਗਈ। ਸਾਡੀ ਪੇਸ਼ੀ ਹੋਈ ਕਿ ਤੁਸੀਂ ਗੁਰਬਾਣੀ ਦਾ ਨਿਰਾਦਰ ਕਿਉਂ ਕੀਤਾ ? ਮੈਂ ਕਿਹਾ ਕਿ ਗੁਰਬਾਣੀ ਗੁਰੂ ਸਾਹਿਬ ਦੀ ਰਚਨਾ ਹੈ ਪਰ ਦੋ-ਰੰਗੀ ਵੇਲ ਤਾਂ ਅਸੀਂ ਡਿਜ਼ਾਈਨ ਕੀਤੀ ਹੈ ਅਤੇ ਨਾਲੇ ਇਹ ਤਾਂ ਸ਼੍ਰੋਮਣੀ ਕਮੇਟੀ ਦਾ ਆਫੀਸ਼ਲ ਲੋਗੋ ਹੈ ਜੋ ਆਰੰਭ ਵਿਚ ਪਹਿਲਾਂ ਤੋਂ ਹੀ ਛਪਦਾ ਆ ਰਿਹਾ ਹੈ। ਹੋਰ ਤਾਂ ਹੋਰ, ਲੋਗੋ ਵਿਚ ੧ਓ, ਗੁਰਬਾਣੀ ਇਸ ਜਗ ਮਹਿ ਚਾਨਣ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ (ਜੋ ਅੱਜਕੱਲ ਸੁਣਿਆ ਸ੍ਰੀ ਅੰਮ੍ਰਿਤਸਰ ਹੋ ਗਿਆ ਹੈ) ਹੀ ਲਿਖਿਆ ਹੋਇਆ ਹੈ ਪਰ ਜਥੇਦਾਰ ਸਾਹਿਬ ਦੇ ਆਦੇਸ਼ 'ਤੇ ਅੱਗੋਂ ਪਾਵਨ ਸਰੂਪ ਦੇ ਬਾਰਡਰ 'ਚ ਇਹ ਲੋਗੋ ਨਹੀਂ ਛਪਿਆ ਤੇ ਨਾ ਹੀ ਹੁਣ ਇਸ ਦੀ ਕੋਈ ਲੋੜ ਹੈ ਕਿਉਂਕਿ ਪਾਵਨ ਸਰੂਪ ਦੀ ਪ੍ਰਾਈਵੇਟ ਪਬਲੀਸ਼ਰਜ਼ ਵੱਲੋਂ ਕੀਤੀ ਜਾਂਦੀ ਛਪਾਈ 'ਤੇ ਪਾਬੰਦੀ ਲੱਗ ਚੁੱਕੀ ਹੈ।

**(ਦੂਜੀ ਤੇ ਆਖ਼ਰੀ ਕਿਸ਼ਤ)**

**-(ਸਾਬਕਾ ਸਕੱਤਰ, ਸ਼੍ਰੋਮਣੀ ਗੁ: ਪ੍ਰ: ਕਮੇਟੀ)**

## ਡਰੱਗ ਦੀ ਦਲਦਲ 'ਚ ਫਸੀ...

ਸੰਜੇ ਦੁਬੇ ਕਹਿੰਦੇ ਹਨ ਕਿ ਨਾਰੋਕਟਿਕਸ ਅਪਰਾਧ ਹੋਵੇ ਜਾਂ ਦੂਜੇ ਕਿਸੇ ਤਰਾਂ ਦੇ ਮਾਮਲੇ, ਇਨਾਂ ਸਾਰਿਆਂ ਵਿੱਚ ਸਭ ਤੋਂ ਮਹੱਤਵਪੂਰਨ ਹੈ ਨਿਆਂਇਕ ਵਿਵਸਥਾ ਨੂੰ ਦਰੁੱਸਤ ਕਰਨਾ।

ਦੁਬੇ ਕਹਿੰਦੇ ਹਨ, "ਸਾਡੇ ਇੱਥੇ ਨਿਆਂਇਕ ਸਿਸਟਮ ਵਿੱਚ ਜਵਾਬਦੇਹੀ ਤੈਅ ਹੋਣਾ ਜ਼ਰੂਰੀ ਹੈ। ਕਈ ਵਾਰ ਅਜਿਹਾ ਹੁੰਦਾ ਹੈ ਕਿ ਹੇਠਲੀ ਅਦਾਲਤ ਵਿੱਚ ਕੋਈ ਫ਼ੈਸਲਾ ਆਉਂਦਾ ਹੈ, ਮਗਰ ਅਪੀਲ ਵਿੱਚ ਉਹ ਫ਼ੈਸਲਾ ਉਪਰੀ ਅਦਾਲਤ ਵਿੱਚ ਖਾਰਜ ਹੋ ਜਾਂਦਾ ਹੈ। ਇਸ ਦਾਕੀ ਮਤਲਬ ਹੈ ?"

ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ ਦੀ ਜਾਂਚ ਸੀਬੀਆਈ ਕਰ ਰਹੀ ਹੈ ਪਰ ਇਹ ਗ੍ਰਿਫ਼ਤਾਰੀਆਂ ਐੱਨਸੀਬੀ ਨੇ ਡਰੱਗਸ ਦੇ ਲੈਣ-ਦੇਣ ਦੇ ਮਾਮਲੇ 'ਚ ਹੋਈਆਂ ਹਨ

ਉਹ ਕਹਿੰਦੇ ਹਨ, "ਜਦੋਂ ਇਸ ਤਰਾਂ ਦੇ ਫ਼ੈਸਲੇ ਆਉਂਦੇ ਹਨ ਤਾਂ ਉਸ ਵਿੱਚ ਲੋਕਾਂ ਦਾ ਅਤੇ ਅਦਾਲਤ, ਦੋਵਾਂ ਦਾ ਸਮਾਂ ਤੇ ਪੈਸਾ ਦੋਵੇਂ ਬਰਬਾਦ ਹੁੰਦੇ ਹਨ। ਯੂਰੋਪ ਜਾਂ ਦੂਜੇ ਦੇਸ਼ਾਂ ਵਿੱਚ 7-9 ਮਹੀਨਿਆਂ ਵਿੱਚ ਮੁਲਜ਼ਮ ਦੋਸ਼ੀ ਜਾਂ ਨਿਰਦੋਸ਼ ਠਹਿਰਾ ਦਿੱਤਾ ਜਾਂਦਾ ਹੈ। ਸਾਡੇ ਇੱਥੇ ਫ਼ੈਸਲੇ ਆਉਣ ਵਿੱਚ ਸਾਲਾਂ ਲੱਗ ਜਾਂਦੇ ਹਨ।" ਦੁਬੇ ਕਹਿੰਦੇ ਹਨ, "ਕੇਸਾਂ ਦਾ ਸਮਾਂਬੱਧ ਤਰੀਕੇ ਨਾਲ ਨਿਪਟਾਰਾ ਹੋਣਾ ਚਾਹੀਦਾ ਹੈ।"

ਐੱਨਡੀਪੀਐੱਸ ਐਕਟ ਦੇ ਤਹਿਤ ਨਾਰਕੋਟਿਕਸ ਕਮਿਸ਼ਨਰ (ਸੈਕਸ਼ਨ 5), ਕੰਪੀਟੈਂਟ ਓਥੋਰਿਟੀ (ਸੈਕਸ਼ਨ 68ਡੀ) ਅਤੇ ਐਡਮਿਨਸਟ੍ਰੇਸ਼ਨ (ਸੈਕਸ਼ਨ 68 ਜੀ) ਵਰਗੀਆਂ ਲੀਗਲ ਓਥੋਰੀਟੀਸ ਬਣਾਈਆਂ ਹਨ। ਨਾਰਕੋਟਿਕਸ ਕਮਿਸ਼ਨਰ ਦੀ ਅਗਵਾਈ ਵਾਲੇ ਇੰਸਟੀਚਿਊਟ ਕੰਟਰੋਲ ਬਿਓਰੋ (ਐੱਨਸੀਬੀ) ਨੂੰ ਇਸ ਐੱਨਡੀਪੀਐੱਸ ਐਕਟ ਦੇ ਸੈਕਸ਼ਨ 4 ਤਹਿਤ ਖੜਾ ਕੀਤਾ ਗਿਆ ਹੈ। ਇਨਾਂ ਸਾਰੇ ਇੰਸਟੀਚਿਊਟਾਂ ਦੇ ਕੰਮਕਾਜ ਤੈਅ ਹਨ।

ਨਿਯਮਾਂ ਮੁਤਾਬਕ, ਐੱਨਡੀਪੀਐੱਸ ਐਕਟ ਦਾ ਪ੍ਰਸ਼ਾਸਨ ਵਿੱਤ ਮੰਤਰਾਲੇ ਅਧੀਨ ਡਿਪਾਰਟਮੈਂਟ ਆਫ ਰੈਵੇਨਿਊ ਦੇਖਦਾ ਹੈ।

ਸੰਜੇ ਦੁਬੇ ਕਹਿੰਦੇ ਹਨ ਕਿ ਭਾਰਤ ਵਿੱਚ ਐੱਨਡੀਪੀਐੱਸ ਕਾਨੂੰਨ ਬ੍ਰਿਟੇਨ ਦੇ ਨਾਰਕੋਟਿਕਸ ਆਪਰਾਧਾਂ ਨੂੰ ਰੋਕਣ ਲਈ ਬਣਾਏ ਗਏ ਕਾਨੂੰਨ 'ਤੇ ਆਧਾਰਿਤ ਹੈ।

ਹਾਲਾਂਕਿ, ਡਰੱਗ ਡਿਮਾਂਡ ਨੂੰ ਘੱਟ ਕਰਨ ਨਾਲ ਜੁੜੇ ਕੰਮਕਾਜ ਨੂੰ ਸਮਾਜਕ ਨਿਆਂ ਅਤੇ ਅਧਿਕਾਰਤਾ ਮੰਤਰਾਲੇ ਦੇਖਦਾ ਹੈ। ਇਸ ਲਈ ਇਹ ਮੰਤਰਾਲੇ ਵੱਖ-ਵੱਖ ਐੱਨਜੀਓ ਦੇ ਨਾਲ ਮਿਲ ਕੇ ਕੰਮ ਕਰਦਾ ਹੈ।

ਭਾਰਤ ਸਰਕਾਰ ਦਾ ਸਿਹਤ ਮੰਤਰਾਲਾ ਦੇਸ਼ ਭਰ ਦੇ ਸਰਕਾਰ ਹਸਪਤਾਲਾਂ ਵਿੱਚ ਕਈ ਨਸ਼ਾ-ਮੁਕਤੀ ਕੇਂਦਰ ਚਲਾਉਂਦਾ ਹੈ।ਐੱਨਡੀਪੀਐੱਸ ਦੇ ਤਹਿਤ ਗ੍ਰਹਿ ਮੰਤਰਾਲੇ ਦੇ ਅਧੀਨ ਨਾਰਕੋਟਿਕਸ ਕੰਟਰੋਲ ਬਿਓਰੋ (ਐੱਨਸੀਬੀ) ਕੇਂਦਰ ਅਤੇ ਸੂਬੇ ਦੇ ਵੱਖ-ਵੱਖ ਅਧਿਕਾਰੀਆਂ ਦੇ ਨਾਲ ਮਿਲ ਕੇ ਕੰਮ ਕਰਦਾ ਹੈ।

## ਪੰਜਾਬ ਦੇ 600 ਅਰਬ ਡਾਲਰ...

ਬਾਅਦ ਵਿਚ ਇਸ ਸ਼ਕਤੀ ਦੀ ਵਰਤੋਂ ਕੇਂਦਰ ਸਰਕਾਰ ਦੁਆਰਾ 1976 ਦੇ ਆਪਣੇ ਆਦੇਸ਼ਾਂ ਅਨੁਸਾਰ ਕੀਤੀ ਗਈ, ਜਿਸ ਅਨੁਸਾਰ ਪੰਜਾਬ ਦੇ ਦਰਿਆਈ-ਪਾਣੀ 75% ਤੋਂ ਵੱਧ ਗੈਰ-ਰਿਪੇਰੀਅਨ ਰਾਜਾਂ, ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਦੇ ਦਿੱਤੇ ਗਏ, ਭਾਵ 15.2 ਐਮਏਐਫ (ਮਿਲੀਅਨ ਏਕੜ ਫੁੱਟ) ਵਿਚੋਂ 11.7 ਐਮਏਐਫ। ਦੂਜਾ, ਇਹ ਕਿ 1966 ਤੋਂ ਬਾਅਦ ਪੰਜਾਬ ਦੇ ਤਿੰਨੋਂ ਦਰਿਆਵਾਂ ਦੇ ਬਹੁ-ਮੰਤਵੀ ਪ੍ਰੋਜੈਕਟਾਂ ਦੇ ਨਿਯੰਤਰਣ, ਪ੍ਰਬੰਧਨ, ਪ੍ਰਸ਼ਾਸਨ ਅਤੇ ਰੱਖ-ਰਖਾਅ ਦੀਆਂ ਸਾਰੀਆਂ ਤਾਕਤਾਂ ਕੇਂਦਰ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ ਬੋਰਡ ਕੋਲ ਹੋਣਗੀਆਂ। ਤੀਜਾ, ਇਹ ਕਿ ਪੰਜਾਬ ਦੇ ਤਿੰਨੋਂ ਦਰਿਆਵਾਂ ਉੱਤੇ ਸਿੰਚਾਈ ਅਤੇ ਬਿਜਲੀ ਨਾਲ ਜੁੜੇ ਬਹੁ-ਮੰਤਵੀ ਪ੍ਰਾਜੈਕਟਾਂ ਦੇ ਵਿਸਥਾਰ ਅਤੇ ਵਿਕਾਸ ਦੀਆਂ ਤਾਕਤਾਂ ਵੀ ਕੇਂਦਰ ਸਰਕਾਰ ਦੇ ਅਧੀਨ ਹੋਣਗੀਆਂ।

ਕੇਂਦਰ ਵਲੋਂ ਕੀਤੇ ਇਹਨਾਂ ਪ੍ਰਬੰਧਾਂ ਦਾ ਨਤੀਜਾ ਇਹ ਨਿਕਲਿਆ ਕਿ 1966 ਤੋਂ ਬਾਅਦ ਸਿੰਚਾਈ ਅਤੇ ਪਣ-ਬਿਜਲੀ ਦੇ ਅਧਿਕਾਰ ਜੋ ਕਿ ਸੂਬੇ ਦੇ ਅਧਿਕਾਰਾਂ ਹੇਠ ਆਉਂਦੇ ਸਨ, ਅਤੇ ਜੋ ਕਿ ਸੰਵਿਧਾਨ ਦੇ ਅਨੁਸਾਰ ਵੀ ਸੂਬੇ ਦੇ ਅਧਿਕਾਰਾਂ ਦੀ ਸੂਚੀ ਵਿੱਚ ਸ਼ਾਮਿਲ ਹਨ, ਅਸਲ ਵਿੱਚ ਕੇਂਦਰ ਦੇ ਅਧਿਕਾਰਾਂ ਹੇਠ ਚਲੇ ਗਏ।

ਝਗੜੇ ਦੀ ਤੀਬਰਤਾ ਵਿੱਚ ਵਾਧਾ

1966 ਤੋਂ ਬਾਅਦ ਹਰਿਆਣਾ ਨੇ ਐਸਵਾਈਐਲ ਨਹਿਰ ਰਾਹੀਂ 5 ਐਮਏਐਫ ਪਾਣੀ ਪ੍ਰਾਪਤ ਕਰਨ ਦੀ ਯੋਜਨਾ ਬਣਾਈ ਅਤੇ ਇਸ ਪ੍ਰਾਜੈਕਟ ਨੂੰ ਕੇਂਦਰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ। ਇਸ ਪ੍ਰਾਜੈਕਟ ਦਾ ਤਾਂ ਪੰਜਾਬ ਪੁਨਰਗਠਨ ਐਕਟ ਦੀਆਂ ਗੈਰ ਸੰਵਿਧਾਨਕ ਧਾਰਾਵਾਂ ਵਿਚ ਵੀ ਕੋਈ ਹਵਾਲਾ ਜਾਂ ਜ਼ਿਕਰ ਨਹੀਂ ਕੀਤਾ ਗਿਆ ਸੀ, ਅਤੇ ਕਿਉਂਕਿ ਇਹ ਪੰਜਾਬ ਦੇ ਪਾਣੀਆਂ ਨੂੰ ਲੁੱਟਣ ਲਈ 1966 ਤੋਂ ਬਾਅਦ ਤਿਆਰ ਕੀਤਾ ਗਿਆ ਪ੍ਰੋਜੈਕਟ ਸੀ, ਇਸ ਲਈ ਪੰਜਾਬ ਸਰਕਾਰ ਨੇ ਕੁਦਰਤੀ ਤੌਰ 'ਤੇ ਇਸ ਯੋਜਨਾ ਉੱਤੇ ਇਤਰਾਜ਼ ਜਤਾਇਆ ਕਿ ਸੰਵਿਧਾਨ ਦੇ ਅਧੀਨ ਇਹ ਤਾਂ ਪੰਜਾਬ ਦੇ ਕਾਨੂੰਨੀ ਅਧਿਕਾਰਾਂ ਦੀ ਸਰਾਸਰ ਉਲੰਘਣਾ ਹੈ। ਪਰ ਕੇਂਦਰ ਨੇ ਪੁਨਰਗਠਨ ਐਕਟ ਦੀ ਧਾਰਾ 78 ਦੇ ਅਧੀਨ ਆਪਣੀਆਂ ਫੈਸਲੇ ਲੈਣ ਦੀਆਂ ਤਾਕਤਾਂ ਦੀ ਦੁਰਵਰਤੋਂ ਕੀਤੀ, ਹਾਲਾਂਕਿ ਇਥੋਂ ਤੱਕ ਕਿ 1966 ਦਾ ਐਕਟ (ਜੋ ਕਿ ਆਪਣੇ ਆਪ 'ਚ ਖੁਦ ਗੈਰ ਸੰਵਿਧਾਨਕ ਸੀ) ਉਹ ਵੀ ਕਿਸੇ ਐਸਵਾਈਐਲ ਨਹਿਰ ਜਾਂ ਕਿਸੇ ਗੈਰ-ਰਿਪੇਰੀਅਨ ਰਾਜ (ਹਰਿਆਣਾ ਜਾਂ ਰਾਜਸਥਾਨ) ਦੀ ਅਜਿਹੀ ਕਿਸੇ ਯੋਜਨਾ ਦਾ ਜ਼ਿਕਰ ਨਹੀਂ ਕਰਦਾ।

ਪੰਜਾਬ ਨੇ ਸੁਝਾਅ ਦਿੱਤਾ ਕਿ ਇਸ ਸੰਵਿਧਾਨਕ ਸਮੱਸਿਆ ਦੇ ਹੱਲ ਦਾ ਇਕੋ ਇਕ ਤਰੀਕਾ ਇਹ ਹੈ ਇਸ ਮੁੱਦੇ ਨੂੰ ਫੈਸਲੇ ਲਈ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਕੋਲ ਭੇਜਿਆ ਜਾਵੇ, ਅਤੇ ਸੰਵਿਧਾਨਿਕ ਫੈਸਲੇ ਅਨੁਸਾਰ ਹਰੇਕ ਸੂਬੇ ਨੂੰ ਇਸਦੇ ਫੈਸਲੇ ਦੀ ਪਾਲਣਾ ਕਰਨੀ ਪਵੇਗੀ ਅਤੇ ਕੋਈ ਸੂਬਾ ਇਸਦੇ ਫੈਸਲੇ ਉੱਤੇ ਇਤਰਾਜ਼ ਨਹੀਂ ਜਤਾ ਸਕਦਾ। ਪੰਜਾਬ ਦੀ ਵਿਰੋਧੀ ਦਲੀਲ ਇਹ ਸੀ ਕਿ ਪੁਨਰਗਠਨ ਐਕਟ ਦੀਆਂ ਧਾਰਾਵਾਂ 78 ਤੋਂ 80 ਸੰਵਿਧਾਨ ਦੀ ਰਾਜ ਸੂਚੀ ਦੀ ਐਂਟਰੀ 17 ਅਤੇ ਧਾਰਾਵਾਂ 162 ਅਤੇ 246 (3) ਦੀ ਉਲੰਘਣਾ ਤਾਂ ਹਨ ਹੀ, ਜੋ ਸਪਸ਼ਟ ਤੌਰ ਉੱਤੇ ਪਣ-ਬਿਜਲੀ 'ਅਤੇ' ਸਿੰਚਾਈ 'ਨੂੰ ਸੂਬੇ ਦੇ ਵਿਸ਼ੇ ਵਜੋਂ ਦਰਸਾਉਂਦੀਆਂ ਹਨ, ਬਲਕਿ ਇਹ ਸੰਵਿਧਾਨ ਦੀ ਸਮਾਨਤਾ ਦੀ ਧਾਰਾ 14 ਦੇ ਤਹਿਤ ਵੀ ਵਿਤਕਰੇ ਭਰਪੂਰ ਹਨ ਕਿਉਂਕਿ ਇਸ ਅਨੁਸਾਰ ਜਮਨਾ ਦਾ ਸਾਰਾ ਪਾਣੀ ਤਾਂ ਹਰਿਆਣੇ ਨੂੰ ਦਿੱਤਾ ਜਾ ਰਿਹਾ ਹੈ, ਪਰ ਪੰਜਾਬ ਦੇ ਖੇਤਰ ਵਿਚ ਵਗਦੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਨੂੰ ਗੈਰ-ਰਿਪੇਰੀਅਨ ਰਾਜਾਂ ਨਾਲ ਵੰਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਸ ਲਈ, ਪੰਜਾਬ ਦੀ ਦਲੀਲ ਅਨੁਸਾਰ ਪਾਣੀ ਅਤੇ ਪਣ ਬਿਜਲੀ ਦੇ ਝਗੜੇ ਦਾ ਇਕੋ ਇਕ ਹੱਲ ਇਸਦਾ ਸੰਵਿਧਾਨ ਅਨੁਸਾਰ ਸੁਪਰੀਮ ਕੋਰਟ ਵਲੋਂ ਫੈਸਲਾ ਦਿੱਤਾ ਜਾਣਾ ਹੀ ਹੈ।

**ਬਾਕੀ ਅਗਲੇ ਭਾਗ 'ਚ.......**

## ਕਾਨੂੰਨ ਤੋਂ ਭਗੌੜਾ ਹੋ ਕੇ...

ਦਿੱਲੀ ਵਿੱਚ ਸੈਣੀ ਤਿੰਨ ਹੋਰਨਾਂ ਨਾਲ ਵਾਹਨ ਕਾਰੋਬਾਰੀ ਵਿਨੋਦ ਕੁਮਾਰ, ਉਸ ਦੇ ਜੀਜਾ ਅਸ਼ੋਕ ਕੁਮਾਰ ਅਤੇ ਉਨ੍ਹਾਂ ਦੇ ਡਰਾਈਵਰ ਮੁਖਤਿਆਰ ਸਿੰਘ ਨੂੰ ਅਗਵਾ ਕਰਨ ਦੇ ਦੋਸ਼ ਵਿੱਚ ਅਪਰਾਧਿਕ ਕੇਸ ਦਾ ਸਾਹਮਣਾ ਕਰ ਰਿਹਾ ਹੈ, ਜਦਕਿ ਵਿਨੋਦ ਅਤੇ ਮੁਖਤਿਆਰ ਨੂੰ ਪੁਲੀਸ ਨੇ 15 ਮਾਰਚ 1994 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਪਾਰਕਿੰਗ ਤੋਂ ਚੁੱਕ ਲਿਆ ਸੀ, ਅਸ਼ੋਕ ਨੂੰ ਉਸੇ ਦਿਨ ਹੀ ਕਥਿਤ ਤੌਰ 'ਤੇ ਲੁਧਿਆਣਾ ਤੋਂ ਅਗਵਾ ਕਰ ਲਿਆ ਗਿਆ ਸੀ। ਸੀਬੀਆਈ ਪਹਿਲਾਂ ਹੀ ਅਰਜ਼ੀ ਦਾਇਰ ਕਰ ਚੁੱਕੀ ਹੈ ਕਿ ਸੈਣੀ ਨੂੰ ਦਿੱਤੀ ਗਈ ਨਿੱਜੀ ਪੇਸ਼ਕਾਰੀ ਤੋਂ ਛੋਟ ਨੂੰ ਰੱਦ ਕੀਤਾ ਜਾਵੇ। ਵਿਸ਼ੇਸ਼ ਜੱਜ ਸੰਜੀਵ ਅਗਰਵਾਲ ਵੱਲੋਂ ਵੀਰਵਾਰ ਨੂੰ ਸੀਬੀਆਈ ਦੀ ਪਟੀਸ਼ਨ 'ਤ ਸੁਣਵਾਈ ਕਰਨ ਦੀ ਸੰਭਾਵਨਾ ਹੈ।

ਇਹ ਅਪਰਾਧਿਕ ਕੇਸ ਸੈਣੀ ਅਤੇ ਹੋਰਾਂ ਖ਼ਿਲਾਫ਼ ਸੀ ਬੀ ਆਈ ਨੇ 24 ਮਾਰਚ 1994 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ 'ਤੇ ਦਰਜ ਕੀਤਾ ਸੀ। ਵਿਨੋਦ ਦੀ ਮਾਂ ਅਮਰ ਕੌਰ ਦੀ ਅਪੀਲ ਉਪਰ ਕੇਸ 2004 ਵਿੱਚ ਸੁਪਰੀਮ ਕੋਰਟ ਨੇ ਦਿੱਲੀ ਤਬਦੀਲ ਕਰ ਦਿੱਤਾ ਸੀ। ਬੀਬੀ ਅਮਰ ਕੌਰ ਨੇ ਕਿਹਾ ਸੀ ਕਿ ਆਈਪੀਐਸ ਅਧਿਕਾਰੀ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਆਪਣੇ ਗੁਆਚੇ ਪੁੱਤਰ ਲਈ 24 ਸਾਲਾਂ ਤੋਂ ਕਾਨੂੰਨੀ ਲੜਾਈ ਲੜਨ ਵਾਲੀ ਮਾਂ ਦੀ 12 ਦਸੰਬਰ 2017 ਨੂੰ ਮੌਤ ਹੋ ਗਈ ਸੀ।





## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN A better way forward
Continental
GOODYEAR
BFGoodrich Tires
GENERAL TIRE
DUNLOP TIRES
YOKOHAMA
KUMHO TIRES
ROADMASTER TIRES ENGINEERED BY COOPERTIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




cost plus

# 30 to 80

cents discount

at

## TA Petro fuel station




TA TravelCenters of America

PETRO Stopping Centers®

**We also offer Line of Credit for Fuel Card**

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com